# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

Vol 20*Issue 66 | Friday, April 02, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਪੰਜਾਬੀ ਯੂਨੀਵਰਸਿਟੀ ਦੇ ਹਾਲਾਤ ਹੋਰ ਵੀ ਵਿਗੜੇ, ਵਾਈਸ ਚਾਂਸਲਰ ਪੁਲਸ ਨਾਲ ਯੂਨੀਵਰਸਿਟੀ ਪਹੁੰਚੀ

### * ਨਵੇਂ ਰਜਿਸਟਰਾਰ ਡਾ. ਵਰਿੰਦਰ ਕੌਸ਼ਿਕ ਨੂੰ ਜ਼ਿੰਮੇਵਾਰੀ ਸੌਂਪੀ ਗਈ

ਪਟਿਆਲਾ, 1 ਅਪਰੈਲ, (ਪੋਸਟ ਬਿਊਰੋ)-ਪੰਜਾਬੀ ਯੂਨੀਵਰਸਿਟੀ ਦੀ ਕਾਰਜਕਾਰੀ ਵਾਈਸ ਚਾਂਸਲਰ ਰਵਨੀਤ ਕੌਰ ਅੱਜ ਵੀਰਵਾਰ ਨੂੰ ਜਦੋਂ ਪੰਜਾਬੀ ਯੂਨੀਵਰਸਿਟੀ ਪੁੱਜੇ ਤਾਂ ਇਸ ਮੌਕੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਕੁਮਾਰ ਅਮਿਤ ਅਤੇ ਐੱਸਐੱਸ ਪੀ ਵਿਕਰਮਜੀਤ ਦੁੱਗਲ ਵੀ ਉਨ੍ਹਾਂ ਦੇ ਨਾਲ ਸਨ। ਰਵਨੀਤ ਕੌਰ ਨੇ ਡਿਪਟੀ ਕਮਿਸ਼ਨਰ ਤੇ ਐੱਸਐੱਸਪੀ ਨਾਲ ਮੀਟਿੰਗ ਤੋਂ ਬਾਅਦ ਡਾ. ਵਰਿੰਦਰ ਕੌਸ਼ਿਕ ਨੂੰ ਰਜਿਸਟਰਾਰ ਬਣਾਇਆ ਤੇ ਵਾਪਸ ਚਲੀ ਗਈ। ਉੱਥੇ ਪ੍ਰੋਫੈਸਰ ਦਵਿੰਦਰਪਾਲ ਸਿੱਧੂਦੇਅਸਤੀਫ਼ੇ ਤੋਂ ਬਾਅਦ ਇਸ ਨਵੀਂ ਨਿਯੁਕਤੀ ਦਾ ਵਿਰੋਧ ਵੀ ਸ਼ੁਰੂ ਹੋ ਗਿਆ ਹੈ। ਵਰਨਣ ਯੋਗ ਹੈ ਕਿ ਪਿਛਲੇ ਦਿਨਾਂ ਵਿਚ ਇਸ ਯੂਨੀਵਰਸਿਟੀ ਦੇ 40 ਟੀਚਰ ਅਹਿਮ ਸੰਵਿਧਾਨਕ ਅਹੁਦਿਆਂ ਤੋਂ ਅਸਤੀਫਾ ਦੇ ਚੁੱਕੇ ਹਨ, ਜਿਸ ਪਿੱਛੋਂਵਾਈਸ ਚਾਂਸਲਰ ਨੇ ਖਾਲੀ ਹੋ ਚੁੱਕੇ ਰਜਿਸਟਰਾਰ ਅਹੁਦੇ ਉੱਤੇ ਪਹਿਲੀ ਨਿਯੁਕਤੀ ਕੀਤੀ ਹੈ।

...ਬਾਕੀ ਪੰਨਾ 6 'ਤੇ

## ਸੁਖਬੀਰ ਵੱਲੋਂ ਦੋਸ਼: ਮੋਦੀ ਸਰਕਾਰ ਨੇ ਸਾਨੂੰ ਦਿੱਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲੜਨ ਤੋਂ ਰੋਕਣ ਦੀ ਸਾਜ਼ਿਸ਼ ਰਚੀ

### * ਅਜਨਾਲਾ ਤੋਂ ਅਮਰਪਾਲ ਬੋਨੀ ਨੂੰ ਟਿਕਟ ਦਾ ਐਲਾਨ



ਅਜਨਾਲਾ, 1 ਅਪਰੈਲ, (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ, ਸਰਨਾ ਭਰਾਵਾਂ ਅਤੇ ਮਨਜੀਤ ਸਿੰਘ ਜੀ ਕੇ ਵਾਲੇ ਧੜਿਆਂ ਨਾਲ ਮਿਲ ਕੇ ਸਾਡੇ ਅਕਾਲੀ ਦਲ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਤੋਂ ਰੋਕਣ ਦਾ ਯਤਨ ਕੀਤਾ ਹੈ, ਕਿਉਂਕਿ ਅਕਾਲੀ ਦਲ ਸ਼ੁਰੂ ਤੋਂ ਹੀ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧੀਸੀ। ਅੱਜ ਅੰਮ੍ਰਿਤਸਰ ਜ਼ਿਲੇ ਦੇ ਅਜਨਾਲਾ ਹਲਕੇ ਵਿੱਚ ਕੀਤੀ ਰੈਲੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ ਨੂੰ ਮੁੜ ਕੇ ਇਸ ਹਲਕੇ ਤੋਂ ਚੋਣ ਲੜਨ ਲਈ ਟਿਕਟ ਦੇਣ ਦਾ ਐਲਾਨ ਵੀ ਕਰ ਦਿੱਤਾ ਹੈ।

ਏਥੇ ਸਥਾਨਕ ਨਵੀਂ ਦਾਣਾ ਮੰਡੀ ਵਿਖੇ 'ਪੰਜਾਬ ਮੰਗਦਾ ਜਵਾਬ' ਵਾਲੀ ਮੁਹਿੰਮ ਹੇਠ ਕਰਵਾਈ ਰੈਲੀ ਨੂੰ ਸੰਬੋਧਨ ਕਰਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਛੋਟੇ ਬਾਦਲ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਿਆਂ ਕਿਹਾ ਕਿ ਦਿੱਲੀ ਗੁਰਦੁਆਰਾ ਚੋਣ ਵਿਭਾਗ ਦੇ ਉਸ ਹੁਕਮਨੂੰਦਿੱਲੀ ਹਾਈਕੋਰਟ ਨੇ ਰੋਕ ਦਿੱਤਾ, ਜਿਸ ਹੇਠ ਸਾਨੂੰ 25 ਅਪਰੈਲ ਨੂੰ ਹੋਣ ਵਾਲੀਆਂ ਚੋਣਾਂ ਲੜਨ ਤੋਂ ਰੋਕਿਆ ਗਿਆ ਸੀ। ਉਨ੍ਹਾਂ ਨੇ ਇਸ ਲੁਕਵੇਂ ਯਤਨ ਦੀ ਨਿੰਦਾ ਕਰਦਿਆਂ ਕਿਹਾ ਕਿ ਜੇ ਉਹ ਸਭਧਿਰਾਂ ਆਪਣੇ ਆਪ ਨੂੰ ਹਰਮਨ ਪਿਆਰਾ ਮੰਨਦੀਆਂ ਹਨ ਤਾਂ ਚੋਣਾਂ ਲੜਨ ਤੋਂ ਭੱਜਦੀਆਂ ਕਿਉਂ ਹਨ। ਅੱਜ ਦੀ ਰੈਲੀ ਨੂੰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਬਿਕਰਮ ਸਿੰਘ ਮਜੀਠੀਆ ਸਣੇ ਕਈ ਆਗੂਆਂ ਨੇ ਸੰਬੋਧਨ ਕੀਤਾ, ਪਰ ਹੈਰਾਨੀ ਦੀ ਗੱਲ ਸੀ ਕਿ ਬਹੁਤੇ ਆਗੂਆਂ ਨੇ ਮਾਸਕ ਨਹੀਂ ਸਨ ਪਾਏ। ਸੁਖਬੀਰ ਸਿੰਘ ਬਾਦਲ ਨੇ ਵੀ ਮਾਸਕ ਨਹੀਂ ਸੀ ਪਾਇਆ, ਹਾਲਾਂਕਿ ਉਹ ਦੋ ਦਿਨ ਪਹਿਲਾਂ ਕੋਵਿਡ-19 ਦੀ ਮਾਰ ਝੱਲ ਕੇ ਹਸਪਤਾਲ ਤੋਂ ਨਿਕਲੇ ਸਨ।

ਇਸ ਤੋਂ ਪਹਿਲਾਂ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇਇਹ ਵੀ ਦੋਸ਼ ਲਾਇਆ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨਾਲ ਮਿਲ ਕੇ ਫਿਕਸ ਮੈਚ ਖੇਡਦੇ ਹੋਣ ਕਰ ਕੇਇਸ ਵਾਰੀ ਹਾੜੀ ਦੇ ਸੀਜ਼ਨ ਲਈ ਕਣਕ ਦੀ ਸਰਕਾਰੀ ਖਰੀਦ ਦੀ ਅਦਾਇਗੀ ਸਿੱਧਾ ਕਿਸਾਨਾਂ ਦੇ ਖਾਤੇਵਿੱਚ ਕਰਨ ਦੀ ਸਕੀਮ ਡੀ ਬੀ ਟੀ ਨੂੰ ਰੱਦ ਕਰਨ ਦੀ ਥਾਂ ਇਸਨੂੰ ਸਿਰਫ ਲਾਗੂ ਕਰਨ ਦਾ ਸਮਾਂ ਮੰਗ ਰਹੇ ਹਨ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਹਲਕਾ ਅਜਨਾਲਾ ਦੇ ਇੰਚਾਰਜ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਇੱਕ ਵਾਰ ਫਿਰ ਏਥੋਂ ਅਕਾਲੀ ਦਲ ਦਾ ਉਮੀਦਵਾਰ ਐਲਾਨਕਰਦੇ ਹੋਏ ਕਿਹਾ ਕਿ ਅਕਾਲੀ ਸਰਕਾਰ ਬਣੀ ਤਾਂ ਸਰਹੱਦ ਕੋਲ ਰਾਵੀ ਦਰਿਆ ਤੋਂ ਪਾਰ ਖੇਤੀ ਕਰਨ ਜਾਂਦੇ ਕਿਸਾਨਾਂ ਦੀ ਸੌਖ ਲਈ ਪੁਲ ਬਣਾਉਣ ਤੋਂ ਇਲਾਵਾ ਰਮਦਾਸ ਵਿਖੇ ਲੜਕੀਆਂ ਲਈ ਬਹੁ-ਤਕਨੀਕੀ ਸਿੱਖਿਆ ਸੰਸਥਾ ਬਣਾਈ ਜਾਵੇਗੀ। ਉਨ੍ਹਾ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਅਮਰਪਾਲ ਸਿੰਘ ਬੋਨੀ ਨੂੰ ਅਜਨਾਲਾ ਤੋਂ ਐਤਕੀਂ ਫਿਰ ਜਿੱਤ ਹਾਸਲ ਕਰਵਾ ਦੇਣ। ਛੋਟੇ ਨੇ ਕਿਹਾ: ਤੁਸੀਂ ਅਮਰਪਾਲ ਸਿੰਘ ਨੂੰ ਫਿਰ ਐੱਮ ਐੱਲ ਏ ਬਣਾਓ, ਇਹੀ ਅਸਲੀ ਸੇਵਾਦਾਰ ਹੈ ਅਤੇ ਤੁਹਾਨੂੰ ਕੋਈ ਘਾਟ ਨਹੀਂ ਆਉਣ ਦੇਵੇਗਾ, ਹਲਕੇ ਦੇ ਸਾਰੇ ਕੰਮ ਕਰੇਗਾ। ਰੈਲੀ ਨੂੰ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਜ਼ਿਲ੍ਹਾ ਪ੍ਰਧਾਨ ਵੀਰ ਸਿੰਘ ਲੋਪੋਕੇ, ਵਿਧਾਇਕ ਲਖਬੀਰ ਸਿੰਘ ਲੋਧੀਨੰਗਲ, ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਅਤੇ ਹੋਰਨਾਂ ਨੇ ਵੀ ਸੰਬੋਧਨ ਕੀਤਾ।

## ਅੰਦਰ ਪੜ੍ਹੋ


ਸੋਨੀਆ ਸਿੱਧੂ ਦਾ ਡਾਇਬਟੀਜ਼ ਬਿੱਲ ਸੀ-237 ਹੈਲਥ ਕਮੇਟੀ 'ਚ ਹੋਇਆ ਪਾਸ, ਪਹੁੰਚਿਆ ਅਗਲੇ ਪੜਾਅ 'ਤੇ — ਪੰਨਾ 03



ਸਵੇਜ਼ ਨਹਿਰ ਵਿੱਚ ਫਸਿਆ ਜਹਾਜ਼ ਕਈ ਦਿਨਾਂ ਪਿੱਛੋਂ ਬਾਹਰ ਕੱਢਿਆ ਗਿਆ — ਪੰਨਾ 04




## ਭਾਰਤ ਨਾਲ ਵਪਾਰ ਸ਼ੁਰੂ ਕਰਨ ਤੋਂ ਪਾਕਿਸਤਾਨ ਫਿਰ ਮੁੱਕਰ ਗਿਆ




ਇਸਲਾਮਾਬਾਦ, 1 ਅਪਰੈਲ, (ਪੋਸਟ ਬਿਊਰੋ)-ਪਾਕਿਸਤਾਨ ਸਰਕਰ ਨੇ ਇੱਕ ਦਿਨ ਪਹਿਲਾਂ ਬੁੱਧਵਾਰ ਨੂੰ ਭਾਰਤ ਨਾਲ ਕਾਰੋਬਾਰ ਦੋਬਾਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ, ਪਰ ਅੱਜ ਵੀਰਵਾਰ ਉਸ ਦੀ ਇਕਨਾਮਿਕ ਕੋਆਰਡੀਨੇਸ਼ਨ ਕਮੇਟੀ (ਈ ਸੀ ਸੀ) ਨੇ ਭਾਰਤ ਤੋਂ ਖੰਡ ਅਤੇ ਕਪਾਹ ਦੀ ਇੰਪੋਰਟ ਕਰਨ ਦਾ ਫੈਸਲਾ ਰੱਦ ਕਰ ਦਿੱਤਾ ਹੈ।

ਡਿਪਲੋਮੈਟਿਕ ਹਲਕਿਆਂ ਵਿੱਚ ਇਸ ਗੱਲ ਨਾਲ ਹੈਰਾਨੀ ਹੋਈ ਹੈ ਕਿ ਭਾਰਤ ਨਾਲ ਵਪਾਰ ਫਿਰ ਸ਼ੁਰੂ ਕਰਨ ਬਾਰੇਪਾਕਿਸਤਾਨ ਮੁੜ ਮੁੱਕਰ ਗਿਆ ਹੈ। ਤਾਜ਼ਾ ਐਲਾਨ ਪਾਕਿ-ਸਤਾਨ ਦੇ ਨਵੇਂ ਖਜ਼ਾਨਾ ਮੰਤਰੀ ਹਮਾਦ ਅਜ਼ਹਰ ਵੱਲੋਂ ਬੁੱਧਵਾਰ ਕੀਤੇ ਉਸ ਐਲਾਨ ਮਗਰੋਂ ਆਇਆ ਹੈ, ਜਿਸਵਿੱਚ ਉਨ੍ਹਾਂ ਨੇ ਖੁਦ ਆਪਣੀ ਪ੍ਰਧਾਨਗੀਵਿੱਚ ਹੋਈ ਈ ਸੀ ਸੀ ਮੀਟਿੰਗ ਤੋਂ ਬਾਅਦ ਭਾਰਤ ਤੋਂ ਕਪਾਹ ਅਤੇ ਖੰਡ ਦੀ ਇੰਪੋਰਟਕਰਨ ਉੱਤੇਕਰੀਬ ਦੋ ਸਾਲ ਪਹਿਲਾਂ ਪਾਕਿਸਤਾਨ ਵੱਲੋਂ ਲਾਈ ਗਈ ਪਾਬੰਦੀ ਖਤਮ ਲੈਣ ਦਾ ਐਲਾਨ ਕੀਤਾ ਸੀ। ਅੱਜ ਸੂਤਰਾਂ ਦੇ ਹਵਾਲੇ ਨਾਲਦੱਸਿਆ ਗਿਆ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪ੍ਰਧਾਨਗੀਹੇਠ ਵੀਰਵਾਰ ਹੋਈ ਕੈਬਨਿਟ ਮੀਟਿੰਗਵਿੱਚੋਂਈ ਸੀ ਸੀ ਵੱਲੋਂ ਭਾਰਤ ਨਾਲ ਸੂਤੀ ਧਾਗੇ ਤੇ ਖੰਡ ਦੀ ਇੰਪੋਰਟਦੀਤਜਵੀਜ਼ ਰੱਦ ਕਰ ਦਿੱਤੀ ਗਈ ਹੈ। ਉਂਜ ਇਸ ਬਾਰੇ ਸਰਕਾਰ ਦਾ ਬਾਕਾਇਦਾ ਬਿਆਨ ਨਹੀਂ ਆਇਆ। ਕੈਬਨਿਟ ਮੀਟਿੰਗ ਤੋਂ ਪਹਿਲਾਂ ਇਮਰਾਨ ਖਾਨ ਦੇ ਕਰੀਬੀ ਸਹਿਯੋਗੀ ਤੇ ਮਨੁੱਖੀ ਅਧਿਕਾਰਾਂ ਬਾਰੇਮੰਤਰੀ ਸ਼ਿਰੀਨ ਮਜਾਰੀ ਨੇ ਕਿਹਾ ਕਿ ਈ ਸੀ ਸੀ ਦੇ ਸਾਰੇ ਫੈਸਲਿਆਂ ਲਈ ਕੈਬਨਿਟ ਦੀ ਮਨਜ਼ੂਰੀ ਜ਼ਰੂਰੀ ਹੈ ਤੇ ਬਾਅਦ ਵਿੱਚ ਉਨ੍ਹਾਂ ਨੂੰ ਸਰਕਾਰ ਪਾਸ ਕਰਦੀ ਹੈ। ਭਾਰਤ ਨਾਲ ਕਾਰੋਬਾਰ ਸ਼ੁਰੂ ਕਰਨ ਦੀ ਗੱਲ ਕਹਿ ਕੇ ਪਾਕਿਸਤਾਨ ਦੇ ਮੁੱਕਰਨ ਤੋਂ ਕਈ ਲੋਕ ਹੈਰਾਨ ਹੋਏ ਹਨ, ਪਰ ਸਮਝਿਆ ਜਾਂਦਾ ਹੈ ਕਿ ਇਹ ਫੈਸਲਾ ਕੱਟੜਪੰਥੀ ਲਾਬੀ ਦੇ ਦਬਾਅ ਹੇਠ ਲਿਆ ਗਿਆ ਹੈ।


NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com


## ਅਮਰੀਕਾ ਸਰਕਾਰ ਵੱਲੋਂ ਭਾਰਤੀ ਪ੍ਰੋਫੈਸ਼ਨਲਜ਼ ਨੂੰ ਰਾਹਤ

### * ਐਚ-1 ਬੀ ਵੀਜ਼ਾ ਜਾਰੀ ਕਰਨ ਉੱਤੇ ਲੱਗੀ ਰੋਕ ਖਤਮ




ਨਵੀਂ ਦਿੱਲੀ, 1 ਅਪਰੈਲ, (ਪੋਸਟ ਬਿਊਰੋ)-ਅਮਰੀਕਾ ਦੀ ਸਰਕਾਰ ਨੇ ਆਪਣੇ ਰੁਜ਼ਗਾਰ ਬਾਜ਼ਾਰ ਉੱਤੇ ਨਜ਼ਰ ਰੱਖਦੇ ਹੋਏ ਭਾਰਤੀ ਆਈਟੀ ਪ੍ਰੋਫੈਸ਼ਨਲਜ਼ ਨੂੰ ਵੱਡੀ ਰਾਹਤ ਦੇ ਦਿੱਤੀ ਹੈ। ਸਰਕਾਰ ਦੇਇਸ ਐਲਾਨ ਨਾਲ ਵਿਦੇਸ਼ੀ ਕਾਮਿਆਂ ਨੂੰ ਜਾਰੀ ਕੀਤੇ ਜਾਂਦੇ ਐਚ-1 ਬੀ ਵੀਜ਼ਾ ਸਮੇਤ ਸਾਰੇ ਵੀਜ਼ਿਆਂ ਉੱਤੇ ਪਾਬੰਦੀ ਖਤਮ ਹੋ ਗਈ ਹੈ।

ਵਰਨਣ ਯੋਗ ਹੈ ਕਿ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 31 ਮਾਰਚ ਤੱਕ ਅਜਿਹੇ ਵੀਜ਼ਿਆਂ ਦੇ ਬਾਰੇ ਪਾਬੰਦੀ ਲਾ ਦਿੱਤੀ ਸੀ, ਪਰ ਜੋਅ ਬਾਇਡੇਨ ਦੀ ਸਰਕਾਰ ਇਸ ਪਾਬੰਦੀ ਨੂੰ ਅੱਗੇ ਵਧਾਉਣ ਦਾ ਕੋਈ ਨੋਟੀਫੀਕੇਸ਼ਨ ਜਾਰੀ ਨਹੀਂ ਕੀਤਾ ਤੇ ਇਹ ਖਤਮ ਹੋਣ ਦਿੱਤੀ ਹੈ। ਡੋਨਾਲਡ ਟਰੰਪ ਸਰਕਾਰ ਨੇ ਪਿਛਲੇ ਜੂਨਵਿੱਚ ਐਚ-1-ਬੀ ਸਮੇਤ ਵਿਦੇਸ਼ੀ ਕਰਮਚਾਰੀਆਂ ਨੂੰ ਜਾਰੀ ਕੀਤੇ ਜਾਂਦੇ ਸਾਰੇ ਵੀਜ਼ਿਆਂ ਉੱਤੇ 31 ਦਸੰਬਰ ਤੱਕ ਪਾਬੰਦੀ ਲਾ ਦਿੱਤੀ ਸੀ ਅਤੇਫਿਰ ਉਸਨੇ ਇਸ ਪਾਬੰਦੀ ਦੀ ਆਖਰੀ ਮਿਤੀ 31 ਮਾਰਚ ਤੱਕ ਵਧਾ ਦਿੱਤੀ ਸੀ, ਜਿਹੜੀ ਇਸ ਵਕਤ ਖਤਮ ਹੋ ਗਈ ਹੈ। ਡੋਨ-ਾਲਡ ਟਰੰਪ ਦੀ ਦਲੀਲ ਸੀ ਕਿ ਆਰਥਿਕ ਗਤੀਵਿਧੀਆਂ ਦੇ ਸੁਧਾਰ ਵੇਲੇ ਇਹ ਵੀਜ਼ਾ ਅਮਰੀਕਾ ਦੀ ਲੇਬਰ ਮਾਰਕੀਟ ਲਈ ਖਤਰਾ ਹਨ। ਬਾਇਡੇਨ ਨੇ ਚੋਣ ਪ੍ਰਚਾਰ ਦੌਰਾਨ ਟਰੰਪ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ ਨੂੰ ਬੇਰਹਿਮ ਦੱਸਦੇ ਹੋਏ ਐਚ-1-ਬੀ ਵੀਜ਼ਾਦੀ ਸਸਪੈਂਸ਼ਨ ਹਟਾਉਣ ਦਾ ਵਾਅਦਾ ਕੀਤਾ ਸੀ।

ਅਸਲ ਵਿੱਚ ਐਚ-ਬੀ ਵੀਜ਼ਾ ਇਕ ਗੈਰ-ਪ੍ਰਵਾਸੀ ਵੀਜ਼ਾ ਹੈ, ਜਿਹੜਾ ਆਈ ਟੀ ਪ੍ਰੋਫੈਸ਼ਨਲਜ਼ ਵਿਚ ਬਹੁਤ ਵੱਡੀ ਆਸ ਦੀ ਕਿਰਨ ਮੰਨਿਆ ਜਾਂਦਾ ਹੈ। ਇਹ ਵੀਜ਼ਾ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਾਮਿਆਂ ਨੂੰ ਵਿਸ਼ੇਸ ਨੌਕਰੀਆਂ ਲਈ ਰੱਖਣ ਦਾ ਹੱਕ ਦੇਂਦਾ ਹੈ, ਜਿਨ੍ਹਾਂ ਦੀ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਉਨ੍ਹਾਂ ਕੰਪਨੀਆਂ ਨੂੰ ਲੋੜ ਹੁੰਦੀ ਹੈ। ਹਰ ਸਾਲ ਵੱਖ-ਵੱਖ ਸ਼੍ਰੇਣੀਆਂ ਵਿਚ ਏਦਾਂ ਦੇ 85 ਹਜ਼ਾਰ ਵੀਜ਼ਾ ਜਾਰੀ ਕੀਤੇ ਜਾਂਦੇ ਹਨ ਤੇ ਇਸ ਦਾ ਵੱਡਾ ਹਿੱਸਾ ਆਈ ਟੀ ਸੇਵਾਵਾਂ ਦੇ ਰਹੀਆਂ ਭਾਰਤੀ ਕੰਪਨੀਆਂ, ਜਿਵੇਂ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀਸੀਐਸ) ਲਿਮਟਿਡ, ਇਨਫੋਸਿਸ ਲਿਮਟਿਡ ਅਤੇ ਵਿਪਰੋ ਲਿਮਟਿਡ ਆਦਿ ਇਸਤੇਮਾਲ ਕਰਦੀਆਂ ਹਨ।

## ਵਲਾਦੀਮੀਰ ਪੁਤਿਨ ਨੂੰ 2 ਵਾਰ ਹੋਰ ਰਾਸ਼ਟਰਪਤੀ ਬਣਨ ਲਈ ਮੌਕਾ ਦੇ ਦਿੱਤਾ ਗਿਆ

### * ਰੂਸ ਦੀ ਪਾਰਲੀਮੈਂਟ ਨੇ ਬਿੱਲ ਪਾਸ ਕਰ ਕੇ ਮਨਜ਼ੂਰੀ ਦਿੱਤੀ



ਮਾਸਕੋ, 1 ਅਪਰੈਲ, (ਪੋਸਟ ਬਿਊਰੋ)-ਰੂਸ ਦੀ ਪਾਰਲੀਮੈਂਟ ਦੇ ਉਤਲੇ ਹਾਊਸ ਨੇ ਵਲਾਦੀਮੀਰ ਪੁਤਿਨ ਨੂੰ 2024 ਤੋਂ ਬਾਅਦ ਵੀ ਲਗਾਤਾਰ ਦੋ ਵਾਰੀ ਰਾਸ਼ਟਰਪਤੀ ਬਣਾਈ ਰੱਖਣ ਦਾ ਬਿੱਲ ਪਾਸ ਕਰ ਦਿੱਤਾ ਹੈ। ਇਹਬਿੱਲ ਹੇਠਲੇ ਹਾਊਸ ਨੇਇਕ ਹਫਤਾਂ ਪਹਿਲਾਂ ਪਾਸ ਕਰ ਦਿੱਤਾ ਸੀ। ਖੁਦ ਪੁਤਿਨ ਦੇ ਦਸਖਤਾਂ ਪਿੱਛੋਂ ਇਹ ਕਾਨੂੰਨ ਬਣ ਜਾਵੇਗਾ।

ਵਰਨਣ ਯੋਗ ਹੈ ਕਿ ਜੁਲਾਈ 2020ਵਿੱਚ ਜਿਨ੍ਹਾਂ ਸੰਵਿਧਾਨਕ ਸੋਧਾਂ ਲਈ ਸਾਰੇ ਦੇਸ਼ ਵਿੱਚ ਰਿਫਰੈਂਡਮ ਕਰਨ ਦੇ ਵਕਤ ਵੱਡੇ ਪੱਧਰ ਉੱਤੇ ਲੋਕਾਂ ਦੀ ਸਹਿਮਤੀ ਮਿਲੀ ਸੀ, ਇਹ ਕਾਰਵਾਈ ਉਸ ਦੇ ਆਧਾਰ ਉੱਤੇ ਕੀਤੀ ਗਈ ਹੈ।

...ਬਾਕੀ ਪੰਨਾ 6 'ਤੇ


INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX Insurance Brokers Ltd. 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.C
Aaxel Insurance Brokers Ltd. Aaxel Financial Services Ltd.
Address: 1550 South Gateway Rd. Suite 220 Mississauga, ON L4W 5G6

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755


MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance | Walkie pallet | Electric Motor | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਕੋਵਿਡ-19 ਆਊਟਬ੍ਰੇਕ ਕਾਰਨ ਟੀ ਪੀ ਐਚ ਨੇ 3 ਸਕੂਲ ਕੀਤੇ ਬੰਦ



ਟੋਰਾਂਟੋ, 1 ਅਪ੍ਰੈਲ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ (ਟੀ ਪੀ ਐਚ) ਵੱਲੋਂ ਕਰੋਨਾਵਾਇਰਸ ਆਊਟਬ੍ਰੇਕ ਕਾਰਨ ਤਿੰਨ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ ਹੈ।

ਟੀ ਪੀ ਐਚ ਨੇ ਆਖਿਆ ਕਿ ਸਕਾਰਬੌਰੋ ਵਿੱਚ ਸੇਂਟ ਡੌਮੀਨਿਕ ਸੈਵੀਓ ਕੈਥੋਲਿਕ ਸਕੂਲ, ਨੌਰਥ ਯੌਰਕ ਦੇ ਬ੍ਰਾਇਨ ਪਬਲਿਕ ਸਕੂਲ ਤੇ ਵਿਕਟੋਰੀਆ ਵਿਲੇਜ ਪਬਲਿਕ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਆਰਜ਼ੀ ਤੌਰ ਉੱਤੇ ਸਕੂਲ ਨਾ ਆਉਣ ਦੀ ਹਦਾਇਤ ਦਿੱਤੀ ਗਈ ਹੈ। ਟੀਪੀਐਚ ਨੇ ਆਖਿਆ ਕਿ ਸਕੂਲ ਸੋਮਵਾਰ ਤੋਂ ਬੰਦ ਕੀਤੇ ਜਾਣਗੇ।

ਐਤਵਾਰ ਸ਼ਾਮ ਨੂੰ ਕੀਤੇ ਗਏ ਟਵੀਟ ਵਿੱਚ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਜਦੋਂ ਤੱਕ ਟੀ ਪੀ ਐਚ ਜਾਂਚ ਨਹੀਂ ਕਰ ਲੈਂਦੀ ਉਦੋਂ ਤੱਕ ਬ੍ਰਾਇਨ ਪਬਲਿਕ ਸਕੂਲ ਤੇ ਵਿਕਟੋਰੀਆ ਵਿਲੇਜ ਪਬਲਿਕ ਸਕੂਲ ਦੇ ਵਿਦਿਆਰਥੀ ਰਿਮੋਟ ਲਰਨਿੰਗ ਹੀ ਕਰਨਗੇ।

# ਸੋਨੀਆ ਸਿੱਧੂ ਦਾ ਡਾਇਬਟੀਜ਼ ਬਿੱਲ ਸੀ-237 ਹੈਲਥ ਕਮੇਟੀ 'ਚ ਹੋਇਆ ਪਾਸ, ਪਹੁੰਚਿਆ ਅਗਲੇ ਪੜ੍ਹਾਅ 'ਤੇ

ਬਰੈਂਪਟਨ - ਕੈਨੇਡਾ ਵਿੱਚ 11 ਮਿਲੀਅਨ ਲੋਕ ਡਾਇਬਟੀਜ਼ ਜਾਂ ਪ੍ਰੀ-ਡਾਇਬਟੀਜ਼ ਤੋਂ ਪੀੜ੍ਹਤ ਹਨ ਅਤੇ ਇਹ ਕਈ ਹੋਰ ਬੀਮਾਰੀਆਂ ਜਿਵੇਂ ਕਿ ਸਟਰੋਕ, ਦਿਲ ਦਾ ਦੌਰਾ ਅਤੇ ਹੋਰ ਸਿਹਤ ਸਬੰਧੀ ਮੁਸ਼ਕਲਾਂ ਦੀ ਜੜ੍ਹ ਬਣਦੀ ਹੈ।

ਇਸ ਸਾਲ ਕੈਨੇਡਾ 'ਚ ਹੋਈ ਇਨਸੁਲਿਨ ਦੀ ਖੋਜ ਦੀ 100ਵੀਂ ਵਰ੍ਹੇਗੰਢ ਹੈ ਅਤੇ ਇਸੇ ਬਾਰੇ ਗੱਲ ਕਰਦਿਆਂ ਬਰੈਂਪਟਨ ਸਾਊਥ ਤੋਂ ਸੰਸਦ ਮੈਂਬਰ ਸੋਨੀਆ ਸਿੱਧੂ ਨੇ ਕਿਹਾ ਕਿ "ਹੁਣ ਸਮਾਂ ਹੈ ਕਿ ਅਸੀਂ ਇੱਕ ਵਾਰ ਫਿਰ ਤੋਂ ਪਹਿਲ ਕਰਦਿਆਂ ਡਾਇਬਟੀਜ਼ ਦਾ ਇਲਾਜ ਲੱਭਣ 'ਚ ਮੋਹਰੀ ਹੋਈਏ।"

ਇਸੇ ਤਹਿਤ ਐੱਮ.ਪੀ ਸੋਨੀਆ ਸਿੱਧੂ ਵੱਲੋਂ ਸੰਸਦ 'ਚ ਬਿੱਲ ਸੀ-237 ਲਿਆਂਦਾ ਗਿਆ ਹੈ, ਜੋ ਕਿ ਕੈਨੇਡਾ 'ਚ ਡਾਇਬਟੀਜ਼ ਲਈ ਨੈਸ਼ਨਲ ਫਰੇਮਵਰਕ ਬਣਾਉਣ ਦੀ ਮੰਗ ਕਰਦਾ ਹੈ। ਇਹ ਬਿੱਲ ਦੂਸਰੀ ਰੀਡਿੰਗ 'ਚ ਹਾਊਸ ਆਫ਼ ਕਾਮਨਜ਼ 'ਚ ਪਾਸ ਹੋਣ ਤੋਂ ਬਾਅਦ ਹੈਲਥ ਕਮੇਟੀ ਨੂੰ ਰੈਫਰ ਕੀਤਾ ਗਿਆ ਸੀ। ਇਸ ਬਿੱਲ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ ਅਤੇ ਇਹ ਹੈਲਥ ਕਮੇਟੀ 'ਚ ਵੀ ਪਾਸ ਹੋ ਕੇ ਅਗਲੇ ਪੜ੍ਹਾਅ 'ਤੇ ਪਹੁੰਚ ਗਿਆ ਹੈ। ਇਸ ਬਿੱਲ ਸ਼ੂਗਰ ਦੇ ਮਰੀਜ਼ਾਂ ਦੀ ਸਿਹਤ ਦੇਖਭਾਲ, ਇਲਾਜ, ਜਾਗਰੂਕਤਾ, ਅਤੇ ਰੋਕਥਾਮ ਲਈ ਬਹੁਤ ਲਾਹੇਵੰਦ ਹੋਵੇਗਾ।

ਸੋਨੀਆ ਸਿੱਧੂ ਦਾ ਇਹ ਬਿੱਲ ਡਾਇਬਟੀਜ਼ ਅਤੇ ਪ੍ਰੀ-ਡਾਇਬਟੀਜ਼ ਸਬੰਧੀ ਜਾਣਕਾਰੀ, ਕਲੀਨਿਕਲ ਅਭਿਆਸ ਦਿਸ਼ਾ-ਨਿਰਦੇਸ਼, ਸਿਹਤ ਸੰਭਾਲ ਅਤੇ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਨਾਲ ਸਬੰਧਤ ਹੋਰ ਪੇਸ਼ੇਵਰਾਂ ਅਤੇ ਸਿਹਤ ਮਾਹਰਾਂ ਦੀ ਸਿਖਲਾਈ, ਰਿਸਰਚ ਨੂੰ ਉਤਸ਼ਾਹਿਤ ਕਰਨਾ ਅਤੇ ਸ਼ੂਗਰ ਦੀ ਰੋਕਥਾਮ ਅਤੇ ਇਲਾਜ ਬਾਰੇ ਡਾਟਾ ਇਕੱਤਰ ਕਰਨ ਵਿੱਚ ਸੁਧਾਰ; ਸ਼ੂਗਰ ਦੀ ਰੋਕਥਾਮ ਅਤੇ ਇਲਾਜ ਦੇ ਸੰਬੰਧ ਵਿਚ ਜਾਣਕਾਰੀ ਨੂੰ ਲੋਕਾਂ ਤੱਕ ਪਹੁੰਚਾਉਣ ਨੂੰ ਉਤਸ਼ਾਹਿਤ ਕਰਨਾ; ਅਤੇ ਡਾਇਬਟੀਜ਼ ਦੀ ਰੋਕਥਾਮ ਅਤੇ ਇਲਾਜ ਦੇ ਢਾਂਚੇ, ਰਣਨੀਤੀਆਂ ਅਤੇ ਵਧੀਆ ਪ੍ਰੈਕਟਿਸਾਂ ਨੂੰ ਧਿਆਨ ਵਿੱਚ ਰੱਖਣ 'ਤੇ ਕੇਂਦ੍ਰਤ ਹਨ।

ਇਸ 'ਤੇ ਗੱਲ ਕਰਦਿਆਂ ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਉਹਨਾਂ ਵੱਲੋਂ ਲਗਾਤਾਰ ਬਰੈਂਪਟਨ ਵਾਸੀਆਂ ਦੀ ਬਿਹਤਰੀ ਲਈ ਲੋੜੀਂਦੇ ਕਦਮ ਚੁੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਅਤੇ ਉਹ ਅੱਗੇ ਵੀ ਅਜਿਹੀ



ਕੋਸ਼ਿਸ਼ ਕਰਦੇ ਰਹਿਣਗੇ। ਉਹਨਾਂ ਨੇ ਕਿਹਾ ਕਿ ਚਾਹੇ ਗੱਲ ਲੌਂਗ ਟਰਮ ਕੇਅਰ ਹੋਮ ਦੇ ਮੁੱਦੇ ਦੀ ਹੋਵੇ, ਜਾਂ ਫਿਰ ਨੌਜਵਾਨਾਂ ਦੀ ਬਿਹਤਰ ਭਵਿੱਖ ਅਤੇ ਨੌਕਰੀਆਂ ਦੀ, ਉਹਨਾਂ ਦੀ ਹਮੇਸ਼ਾ ਤੋਂ ਹੀ ਇਹ ਕੋਸ਼ਿਸ਼ ਰਹੀ ਹੈ ਕਿ ਤਿੰਨੇ ਪੱਧਰ ਦੀਆਂ ਸਰਕਾਰਾਂ ਨਾਲ ਮਿਲ ਕੇ ਬਰੈਂਪਟਨ ਦੀ ਬਿਹਤਰੀ ਲਈ ਲੋੜੀਂਦੇ ਪ੍ਰਾਜਕੈਟ ਲਿਆਂਦੇ ਜਾਣ। ਉਹਨਾਂ ਨੇ ਕਿਹਾ ਕਿ ਉਹ ਸਮੇਂ-ਸਮੇਂ 'ਤੇ ਪ੍ਰੋਵਿੰਸ਼ਲ ਅਤੇ ਸਿਟੀ ਪ੍ਰਸ਼ਾਸਨ ਨਾਲ ਗੱਲਬਾਤ ਕਰਕੇ ਅਹਿਮ ਮੁੱਦਿਆਂ ਨੂੰ ਵਿਚਾਰਦੇ ਰਹਿੰਦੇ ਹਨ ਤਾਂ ਜੋ ਲੋੜੀਂਦੇ ਕਦਮ ਚੁੱਕੇ ਜਾ ਸਕਣ।

## ਬਰੈਂਪਟਨ ਦੇ ਕਈ ਅਹਿਮ ਪ੍ਰਾਜੈਕਟਾਂ ਲਈ ਫੈਡਰਲ ਲਿਬਰਲ ਸਰਕਾਰ ਨੇ ਕੀਤਾ ਫੰਡਿੰਗ ਦਾ ਐਲਾਨ

ਰਿਵਰਵਾਲਕ ਪ੍ਰਾਜੈਕਟ ਨਾਲ ਕਈ ਨੌਕਰੀਆਂ ਪੈਦਾ ਹੋਣਗੀਆਂ - ਬਰੈਂਪਟਨ ਡਾਊਨਟਾਊਨ ਹੜ੍ਹ-ਜ਼ੋਨ 'ਚ ਆਉਂਦਾ ਹੈ ਅਤੇ ਅਜੇ ਵੀ ਇਸ 'ਤੇ ਹੜ੍ਹਾਂ ਦਾ ਖਤਰਾ ਬਣਿਆ ਹੋਇਆ ਹੈ, ਜਿਸ ਦੇ ਚੱਲਦਿਆਂ ਕਈ ਚਿਰਾਂ ਤੋਂ ਬਰੈਂਪਟਨ ਡਾਊਨਟਾਊਨ 'ਚ ਰਿਵਰਵਾਲਕ ਪ੍ਰਾਜੈਕਟ ਦੀ ਮੰਗ ਕੀਤੀ ਜਾ ਰਹੀ ਸੀ। ਇਸੇ ਤਹਿਤ ਐੱਮ.ਪੀ ਸੋਨੀਆ ਸਿੱਧੂ ਵੱਲੋਂ ਫੈਡਰਲ ਲਿਬਰਲ ਸਰਕਾਰ ਦੇ ਇਨਫ੍ਰਾਸਟ੍ਰਕਚਰ ਮੰਤਰੀ ਦੀ ਤਰਫੋਂ ਵੱਲੋਂ ਇਸ ਪ੍ਰਾਜੈਕਟ ਲਈ 38.8 ਮਿਲੀਅਨ ਡਾਲਰ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ। ਇਹ ਫੰਡਿੰਗ ਬਰੈਂਪਟਨ ਡਾਊਨਟਾਊਨ ਦੀ ਨੁਹਾਰ ਬਦਲੀ ਲਈ ਖਰਚ ਕੀਤੀ ਜਾਣੀ ਹੈ, ਜਿਸ ਨਾਲ ਬਰੈਂਪਟਨ 'ਚ ਨੌਕਰੀਆਂ ਤਾਂ ਪੈਦਾ ਹੋਣਗੀਆਂ ਇਸਦੇ ਨਾਲ ਹੀ ਨਿਵੇਸ਼ਕਾਂ ਵੱਲੋਂ ਬਰੈਂਪਟਨ 'ਚ ਹੋਣ ਵਾਲੀ ਇਨਵੈਸਟਮੈਂਟ ਨੂੰ ਹੁਲਾਰਾ ਮਿਲੇਗਾ।

ਰੌਜਰਸ ਸਾਈਬਰਸਿਕਓਰ ਕੈਟਾਲਿਸਟ ਰੇਂਜ - ਸੋਨੀਆ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਨੇਡਾ ਫੈਡਰਲ ਸਰਕਾਰ ਨੇ ਰੌਜਰਸ ਸਾਈਬਰਸਿਕਓਰ ਕੈਟਾਲਿਸਟ ਰੇਂਜ ਲਈ 660,000 ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ 2019 'ਚ ਕੈਨੇਡਾ ਫੈਡਰਲ ਲਿਬਰਲ ਸਰਕਾਰ ਵੱਲੋਂ ਸਾਈਬਰਸਿਕਓਰਟੀ ਕੈਟਾਲਿਸਟ ਲਈ 10 ਮਿਲੀਅਨ ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਕਈ ਨੌਜਵਾਨ ਇਸ ਡਿਜੀਟਲ ਯੁੱਗ 'ਚ ਸਾਈਬਰਸਿਕਓਰਟੀ ਜਿਹੇ ਅਹਿਮ ਸਕਿੱਲ ਦੀ ਟ੍ਰੇਨਿੰਗ ਲੈ ਰਹੇ ਹਨ। ਐੱਮ.ਪੀ ਸੋਨੀਆ ਸਿੱਧੂ ਨੇ ਕਿਹਾ ਕਿ ਡਿਜੀਟਲ ਯੁੱਗ 'ਚ ਆਨਲਾਈਨ ਠੱਗੀ ਅਤੇ ਹੈਕਿੰਗ ਦਾ ਖਤਰਾ ਵੀ ਵੱਧਦਾ ਹੈ, ਜਿਸ ਨੂੰ ਰੋਕਣ ਲਈ ਆਈ.ਟੀ ਇੰਡਸਟਰੀ ਨੂੰ ਮਾਹਰਾਂ ਦੀ ਜ਼ਰੂਰਤ ਪੈਂਦੀ ਹੈ। ਇਸੇ ਲਈ ਰਾਇਰਸਨ ਅਤੇ ਰੌਜਰਸ ਜਿਹੇ ਨਾਮਵਰ ਵਿਦਿਅਕ ਅਦਾਰਿਆਂ ਤੋਂ ਨੌਜਵਾਨ ਇਸ ਸਕਿੱਲ ਨੂੰ ਸਿੱਖ ਕੇ ਵਧੀਆ ਨੌਕਰੀਆਂ ਕਰਨ ਦੇ ਯੋਗ ਹੋਣਗੇ।

ਸਾਊਥ ਫਲੈਚਰ ਯੂਥ ਹੱਬ - ਬਰੈਂਪਟਨ ਸਾਊਥ 'ਚ ਨੌਜਵਾਨਾਂ ਲਈ ਕੈਨੇਡਾ ਫੈਡਰਲ ਸਰਕਾਰ ਵੱਲੋਂ ਯੂਥ ਹੱਬ ਬਣਾਈ ਜਾ ਰਹੀ ਹੈ, ਜਿਸ ਤਹਿਤ 565,000 ਡਾਲਰ ਦੀ ਫੰਡਿੰਗ ਦਾ ਐਲਾਨ ਕੀਤਾ ਗਿਆ ਹੈ। ਇਸ ਫੰਡਿੰਗ ਨਾਲ ਸਾਊਥ ਫਲੈਚਰ ਸਪੋਰਟਸਪਲੈਕਸ 'ਚ ਨੌਜਵਾਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤਯਾਬੀ ਲਈ ਇੱਕ ਹੱਬ ਬਣਾਈ ਜਾਵੇਗੀ, ਜਿੱਥੇ ਬੈਠ ਕੇ ਨੌਜਵਾਨ ਇੱਕ-ਦੂਸਰੇ ਨਾਲ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰ ਸਕਣਗੇ ਅਤੇ ਨਾਲ ਹੀ ਉਹਨਾਂ ਨੂੰ ਕਮਿਊਨਟੀ ਨਾਲ ਵਿਚਰਨ ਲਈ ਮਾਹੌਲ ਅਤੇ ਮੌਕੇ ਮਿਲਣਗੇ। ਇਸ ਤੋਂ ਇਲਾਵਾ ਨੌਜਵਾਨ ਕਈ ਕਸਰਤ ਗਤੀਵਿਧੀਆਂ 'ਚ ਵੀ ਭਾਗ ਲੈ ਸਕਣਗੇ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਪਾਰਲੀਮੈਂਟ ਵੱਲ ਮਾਰਚ ਦਾ ਐਲਾਨ

*** 10 ਅਪ੍ਰੈਲ ਨੂੰ ਕੇ ਐੱਮ ਪੀ ਐਕਸਪ੍ਰੈੱਸ ਵੇਅ ਜਾਮ ਕੀਤਾ ਜਾਵੇਗਾ**



ਨਵੀਂ ਦਿੱਲੀ, 1 ਅਪ੍ਰੈਲ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨੇ ਪਾਰਲੀਮੈਂਟ ਵੱਲ ਮਾਰਚ ਕਰਨ ਦਾ ਐਲਾਨ ਕਰ ਦਿੱਤਾ ਹੈ, ਜਿਸ ਤੋਂ ਪਹਿਲਾਂ ਇਸ 10 ਅਪਰੈਲ ਨੂੰ 24 ਘੰਟੇ ਲਈ ਕੇਐਮਪੀ ਐਕਸਪ੍ਰੈੱਸਵੇਅ ਬਲਾਕ ਕੀਤਾ ਜਾਵੇਗਾ। ਬੀਤੀ 26 ਜਨਵਰੀ ਦੀ ਘਟਨਾ ਤੋਂ ਬਾਅਦ ਦਿੱਲੀ ਵਿਚ ਦਾਖਲ ਹੋਣ ਬਾਰੇ ਕਿਸਾਨਾਂ ਦਾ ਇਹ ਪਹਿਲਾ ਐਲਾਨ ਹੈ।

ਇਸ ਮੌਕੇ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਪਹਿਲਾਂ ਪਾਰਲੀਮੈਂਟ ਵੱਲ ਮਾਰਚ 1 ਫਰਵਰੀ ਨੂੰ ਕਰਨਾ ਸੀ, ਪਰ 26 ਜਨਵਰੀ ਦੀਆਂ ਘਟਨਾਵਾਂ ਕਾਰਨ ਇਸ ਨੂੰ ਰੱਦ ਕਰ ਦਿੱਤਾ ਸੀ। ਨਵੇਂ ਐਲਾਨ ਦੇ ਮੁਤਾਬਕ ਲੋਕ ਵੱਖ-ਵੱਖ ਬਾਰਡਰਾਂ ਤੋਂ ਮਈ ਦੇ ਪਹਿਲੇ ਹਫਤੇ ਦੇ ਮਿਥੇ ਹੋਏ ਦਿਨ ਪਾਰਲੀਮੈਂਟ ਨੂੰ ਮਾਰਚ ਕਰਨਗੇ, ਜਿਸਵਿੱਚ ਔਰਤਾਂ, ਦਲਿਤ, ਆਦੀਵਾਸੀ, ਬਹੁਜਨ, ਬੇਰੁਜ਼ਗਾਰ ਨੌਜਵਾਨ ਤੇ ਸਮਾਜ ਦੇ ਹੋਰ ਵਰਗ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਪੂਰੀ ਤਰ੍ਹਾਂ ਸ਼ਾਂਤਮਈ ਰਹੇਗਾ, ਜਿਸ ਵਿੱਚ ਲੋਕ ਆਪੋ ਆਪਣੇ ਵਾਹਨਾਂ ਵਿਚ ਆਪਣੇ ਪਿੰਡਾਂ ਤੋਂ ਦਿੱਲੀਦੇ ਬਾਰਡਰਾਂ ਤੱਕ ਆਉਣਗੇ ਅਤੇ ਅੱਗੇ ਪੈਦਲ ਮਾਰਚ ਕੀਤਾ ਜਾਵੇਗਾ।

# ਭਾਰਤ ਵਿੱਚ ਅਕਤੂਬਰ ਤੋਂ ਬਾਅਦ ਇੱਕੋ ਦਿਨ ਕੋਰੋਨਾ ਦੇ ਸਭ ਤੋਂ ਵੱਧ 72,330 ਕੇਸ ਮਿਲੇ

ਨਵੀਂ ਦਿੱਲੀ, 1 ਅਪਰੈਲ, (ਪੋਸਟ ਬਿਊਰੋ)-ਭਾਰਤ ਵਿੱਚਬੀਤੇ 11 ਅਕਤੂਬਰ ਤੋਂ ਬਾਅਦ ਅੱਜ ਵੀਰਵਾਰ ਨੂੰ ਸਭ ਤੋਂ ਵੱਧ 72,330 ਕੋਰੋਨਾ ਇਨਫੈਕਸ਼ਨ ਦੇ ਨਵੇਂ ਕੇਸਮਿਲੇ ਹਨ।

ਇਸ ਸਾਲ ਪਹਿਲੀ ਵਾਰ ਇੱਕੋ ਦਿਨਏਨੇ ਜ਼ਿਆਦੇਕੇਸਮਿਲਣ ਨਾਲ ਅੱਜ ਤਕ ਕੁਲ ਕੇਸਾਂ ਦੀ ਗਿਣਤੀ ਇੱਕ ਕਰੋੜ 23 ਲੱਖ ਤੋਂ ਟੱਪ ਗਈ ਹੈ। ਓਦੋਂ ਪਹਿਲਾਂ 11 ਅਕਤੂਬਰ 2020 ਨੂੰ 24 ਘੰਟਿਆਂਵਿੱਚ ਕੋਰੋਨਾ ਦੇ 74,383 ਕੇਸ ਦਰਜ ਕੀਤੇ ਗਏ ਸਨ।

ਇਸ ਸੰਬੰਧ ਵਿੱਚ ਵੀਰਵਾਰ ਸ਼ਾਮ ਤੱਕ ਦੇ ਅੰਕੜਿਆਂ ਅਨੁਸਾਰ 459 ਹੋਰ ਮੌਤਾਂ ਹੋਣ ਨਾਲ ਕੋਰੋਨਾ ਕਾਰਨ ਮੌਤਾਂ ਦੀ ਗਿਣਤੀ 1,63,428 ਹੋ ਚੁੱਕੀ ਹੈ।

## * ਗੁਜਰਾਤ ਸਰਕਾਰ ਵੱਲੋਂ ਸੂਬਾਈ ਬਾਰਡਰਾਂ ਉੱਤੇ ਸਖ਼ਤੀ

ਬੀਤੇ ਦਿਨ ਜਿਹੜੇ 459 ਲੋਕ ਮਾਰੇ ਗਏ, ਉਨ੍ਹਾਂ ਵਿਚ 227 ਦੀ ਮੌਤ ਇਕ-ਲੇ ਮਹਾਰਾਸ਼ਟਰ ਵਿੱਚ ਹੋਈ ਹੈ। ਇਸ ਪਿੱਛੋਂ ਪੰਜਾਬ55, ਛੱਤੀਸਗੜ੍ਹ39, ਕਰਨਾਟਕ26, ਤਾਮਿਲਨਾਡੂ19, ਕੇਰਲਾ15 ਅਤੇ ਦਿੱਲੀ ਤੇ ਉੱਤਰ ਪ੍ਰਦੇਸ਼ਵਿੱਚ 11-11 ਲੋਕਾਂ ਦੀ ਕੋਰੋਨਾ ਨਾਲ ਮੌਤ ਹੋਈ ਹੈ। ਅੱਜ ਤੱਕ ਮਹਾਰਾਸ਼ਟਰ ਵਿੱਚ ਸਭ ਤੋਂ ਵੱਧ 54649, ਕਰਨਾਟਕ ਵਿੱਚ 12567,ਤਾਮਿਲ ਨਾਡੂ ਵਿੱਚ 12719, ਦਿੱਲੀਵਿੱਚ11027, ਪੱਛਮੀ ਬੰਗਾਲ ਵਿੱਚ 10329, ਉੱਤਰ ਪ੍ਰਦੇਸ਼ ਵਿੱਚ 8811, ਆਂਧਰਾਵਿੱਚ 7217 ਤੇ ਪੰਜਾਬ ਵਿੱਚ 6,868 ਮੌਤਾਂ ਹੋ ਚੁੱਕੀਆਂ ਹਨ। ਓਧਰ ਪੰਜਾਬ ਵਿੱਚ ਅੱਜ ਵੀਰਵਾਰ ਫਿਰ 60 ਲੋਕਾਂ ਦੀ ਮੌਤ ਹੋ ਗਈ ਤੇ ਇਸ ਸਾਲ ਇਕੋ ਦਿਨਵਿੱਚਕੋਰੋਨਾ ਦੇ ਸਭ ਤੋਂ ਵੱਧ 3187 ਨਵੇਂ ਕੇਸਮਿਲੇ ਹਨ। ਜਲੰਧਰਵਿੱਚ ਸਭ ਤੋਂ ਵੱਧ 416, ਮੋਹਾਲੀਵਿੱਚ 409, ਲੁਧਿਆਣਾਵਿੱਚ 376, ਅੰਮ੍ਰਿਤਸਰਵਿੱਚ 332, ਪਟਿਆਲਾ ਤੋਂ 268, ਹੁਸ਼ਿਆਰਪੁਰ258, ਰੋਪੜ186, ਬਠਿੰਡਾ165, ਗੁਰਦਾਸਪੁਰ127 ਅਤੇ ਕਪੂਰਥਲਾਵਿੱਚ 100 ਲੋਕਾਂ ਦੀ ਰਿਪੋਰਟ ਪਾਜ਼ੇਟਿਵ ਆਈ ਹੈ।



ਇਸ ਦੌਰਾਨ ਤੇਜ਼ੀ ਨਾਲ ਫੈਲਦੀ ਕੋਵਿਡ-19 ਦੀ ਦੂਸਰੀ ਲਹਿਰ ਕਾਰਨ ਗੁਜਰਾਤ ਸਰਕਾਰ ਨੇ ਇਸਰਾਜਵਿੱਚਦਾਖਲੇ ਬਾਰੇ ਸਖ਼ਤੀ ਵਧਾ ਦਿੱਤੀ ਹੈ। ਡੂੰਗਰਪੁਰ ਜ਼ਿਲੇਵਿਚਲੇ ਰਤਨਪੁਰ ਅਤੇ ਮਾਂਡਲੀ ਉਡਵਾ ਬਾਰਡਰਾਂ ਨੂੰ ਗੁਜਰਾਤ ਪੁਲਸ ਨੇ ਸੀਲ ਕਰ ਦਿੱਤੀ ਅਤੇ ਨਾਕਾਬੰਦੀ ਕਰਨ ਪਿੱਛੋਂ ਹਰ ਗੱਡੀਤੇ ਉਸ ਵਿੱਚ ਸਵਾਰ ਲੋਕਾਂ ਦੀ ਵੈਕਸੀਨ ਰਿਪੋਰਟ ਤੇ ਉਸ ਦੇ ਨੈਗੇਟਿਵ ਸਰਟੀਫਿਕੇਟ ਦੀ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਗੁਜਰਾਤ ਵਿੱਚ ਆਉਣ ਦਿੱਤਾ ਜਾ ਰਿਹਾ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕੋਰੋਨਾ ਮਹਾਂਮਾਰੀ ਤੋਂ ਬਚਣ ਲਈ ਟੀਕਾਕਰਨ ਸ਼ੁਰੂ

ਅੰਮ੍ਰਿਤਸਰ 1 ਅਪ੍ਰੈਲ 2021 (ਪੋਸਟ ਬਿਊਰੋ): ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿਹਤ ਕੇਂਦਰ ਵਿਖੇ ਕਰੋਨਾ ਮਹਾਂਮਾਰੀ ਤੋਂ ਬਚਣ ਦੀ ਟੀਕਾਕਰਨ ਮੁਹਿੰਮ ਦਾ ਆਗਾਜ਼ ਵਾਈਸ ਚਾਂਸਲਰ ਡਾ. (ਪ੍ਰੋ) ਜਸਪਾਲ ਸਿੰਘ ਸੰਧੂ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਰਜਿਸਟਰਾਰ ਡਾ. ਕਰਨਜੀਤ ਸਿੰਘ ਕਾਹਲੋਂ ਅਤੇ ਜ਼ਿਲਾ ਪ੍ਰਸ਼ਾਸਨ ਤੋਂ ਡਾਕਟਰਾਂ ਦੀ ਟੀਮ ਤੋਂ ਇਲਾਵਾ ਡਾ. ਹਰਪ੍ਰੀਤ ਕੌਰ, ਡਾ. ਕਿਰਨਜੀਤ ਕੌਰ, ਡਾ. ਇਮਾਨਜੀਤ ਸਿੰਘ ਅਤੇ ਹੋਰ ਸਿਹਤ ਕਰਮਚਾਰੀ ਹਾਜ਼ਰ ਸਨ।

ਡਾ. ਪਵਨ ਸ਼ਰਮਾ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਕੋਰੋਨਾ ਤੋਂ ਬਚਾਅ ਦੇ ਲਈ ਟੀਕਾ ਯੂਨੀਵਰਸਿਟੀ ਦੇ ਹਰੇਕ ਕਰਮਚਾਰੀ ਲਈ ਹੈ ਜਿਸ ਦੀ ਉਮਰ 45 ਸਾਲ ਤੋਂ ਉਪਰ ਹੈ । ਉਹਨਾਂ ਦੱਸਿਆ ਕਿ ਕਰਮਚਾਰੀ ਸਵੇਰੇ 9 ਤੋਂ 2 ਵਜੇ ਤੱਕ ਇਹ ਟੀਕਾ ਆਪਣਾ ਆਧਾਰ ਕਾਰਡ ਦਿਖਾ ਕੇ ਮੁਫਤ ਲਗਵਾ ਸਕਦੇ ਹਨ। ਇਹ ਟੀਕਾ ਫਰੰਟ ਲਾਈਨ ਵਰਕਰ, ਯੂਨੀਵਰਸਿਟੀ ਸਿਹਤ ਕੇਂਦਰ ਦੇ ਕਰਮਚਾਰੀਆਂ ਅਤੇ 45 ਸਾਲ ਉਮਰ ਵਰਗ ਤੋਂ ਉਪਰ ਦੇ ਕਰਮਚਾਰੀਆਂ ਲਈ ਹੈ। ਇਹ ਟੀਕਾਕਰਨ ਮੁਹਿੰਮ ਦੀ ਯੂਨੀਵਰਸਿਟੀ ਵਿਚ ਸ਼ੁਰੂਆਤ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਦੇ ਵਲੋਂ ਨਿਜੀ ਤੌਰ ਤੇ ਵਿਖਾਈ ਗਈ ਦਿਲਚਸਪੀ ਨਾਲ ਹੀ ਸੰਭਵ ਹੋ ਸਕਿਆ ਹੈ।ਅੱਜ 57 ਫਰੰਟ ਲਾਈਨ ਵਰਕਰਾਂ/ਸਿਹਤ ਕਰਮਚਾਰੀਆਂ/ਕਰਮਚਾਰੀਆਂ ਨੇ ਇਹ ਟੀਕਾ ਲਗਵਾਇਆ। ਇਸ ਮੌਕੇ ਤੇ ਯੂਨੀਵਰਸਿਟੀ ਵੱਲੋਂ ਕੀਤੇ ਪ੍ਰਬੰਧਾਂ ਤੋਂ ਜ਼ਿਲਾ ਪ੍ਰਸ਼ਾਸਨ ਨੇ ਤਸੱਲੀ ਦਾ ਪ੍ਰਗਟਾਵਾ ਕੀਤਾ । ਇਸ ਮੌਕੇ ਤੇ ਉਚੇਚੇ ਤੌਰ ਤੇ ਪੁੱਜੇ ਵਾਈਸ ਚਾਂਸਲਰ ਦਾ ਡਾ. ਪਵਨ ਸ਼ਰਮਾ ਵੱਲੋਂ ਸਨਮਾਨ ਅਤੇ ਧੰਨਵਾਦ ਕੀਤਾ ਗਿਆ।



# ਭੰਗੜੇ ਦੇ ਉਸਤਾਦ ਡਾ.ਇੰਦਰਜੀਤ ਸਿੰਘ ਦਾ ਦੇਹਾਂਤ

ਜਲੰਧਰ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਲੋਕ ਨਾਚ ਭੰਗੜੇ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਪ੍ਰਸਿੱਧੀ ਦਿਵਾਉਣ ਵਿੱਚ ਅਹਿਮ ਯੋਗਦਾਨ ਪਾਉਣ ਵਾਲੇ ਉਘੇ ਭੰਗੜਾ ਕੋਚ ਡਾ. ਇੰਦਰਜੀਤ ਸਿੰਘ (65) ਸਾਬਕਾ ਰਜਿਸਟਰਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦਾ ਕੱਲ੍ਹ ਲੁਧਿਆਣਾ ਦੇ ਸੀ ਐਮ ਸੀ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਉਹ ਬੀਤੀ 12 ਮਾਰਚ ਨੂੰ ਆਪਣੇ ਘਰ ਨੇੜੇ ਹੋਏ ਸੜਕ ਹਾਦਸੇ ਵਿੱਚ ਜ਼ਖ਼ਮੀ ਹੋ ਗਏ ਅਤੇ ਸਿਰ ਵਿੱਚ ਸੱਟ ਲੱਗਣ ਕਾਰਨ ਕੋਮਾ ਵਿੱਚ ਚਲੇ ਗਏ ਸਨ ਤੇ ਲੁਧਿਆਣਾ ਦੇ ਉਕਤ ਹਸਪਤਾਲ ਵਿੱਚ ਉਨ੍ਹਾਂ ਦਾ ਇਲਾਜ ਚੱਲ ਰਿਹਾ ਸੀ। ਡਾ. ਇੰਦਰਜੀਤ ਸਿੰਘ ਦੀ ਮੌਤ ਦੀ ਖ਼ਬਰ ਨਾਲ ਕਲਾ ਜਗਤ ਤੇ ਅਕਾਦਮਿਕ ਖੇਤਰ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।

ਉਨ੍ਹਾਂ ਨੇ ਨਾਮਵਰ ਪੰਜਾਬੀ ਗਾਇਕਾਂ ਗੋਲਡਨ ਸਟਾਰ ਮਲਕੀਤ ਸਿੰਘ, ਸਰਬਜੀਤ ਚੀਮਾ, ਕੇ ਐਸ ਮੱਖਣ ਅਤੇ ਰੂਪ ਲਾਲ ਮਕਬੂਲ ਤੋਂ ਇਲਾਵਾ ਕਈ ਹੋਰ ਪੰਜਾਬੀ ਗਾਇਕਾਂ ਨੂੰ ਕੌਮਾਂਤਰੀ ਪੱਧਰ ਉੱਤੇ ਪ੍ਰਸਿੱਧੀ ਦਿਵਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਸੀ। ਉਨ੍ਹਾਂ ਨੇ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਖੇ ਬਤੌਰ ਕਾਮਰਸ ਦੇ ਲੈਕਚਰਾਰ ਤੇ ਭੰਗੜੇ ਦੇ ਉਸਤਾਦ ਵਜੋਂ ਜਿੱਥੇ ਵਿਦਿਆਰਥੀਆਂ ਨੂੰ ਭੰਗੜੇ ਨਾਲ ਜੋੜਿਆ, ਉਥੇ ਗੀਤ-ਸੰਗੀਤ ਦੇ ਖੇਤਰ ਵਿੱਚ ਅੱਗੇ ਵਧਣ ਲਈ ਸੁਚੱਜੀ ਅਗਵਾਈ ਦਿੱਤੀ। ਉਨ੍ਹਾਂ ਕੋਲੋਂ ਭੰਗੜੇ ਦੀ ਸਿਖਲਾਈ ਲੈ ਕੇ ਅਨੇਕਾਂ ਨੌਜਵਾਨ ਦੇਸ਼-ਵਿਦੇਸ਼ ਵਿੱਚ ਜਿੱਥੇ ਪੰਜਾਬੀ ਸੱਭਿਆਚਾਰ ਦੀ ਸੇਵਾ ਕਰ ਰਹੇ ਹਨ, ਉਥੇ ਆਪਣੀ ਮਿਹਨਤ ਤੇ ਲਗਨ ਨਾਲ ਸਮਾਜ ਅੰਦਰ ਵੱਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਰਹੇ ਹਨ। ਪ੍ਰੋ. ਇੰਦਰਜੀਤ ਸਿੰਘ ਜਿੱਥੇ ਗੁਰੂ ਨਾਨਕ ਕਾਲਜ ਸੁਖਚੈਨਆਣਾ ਸਾਹਿਬ ਫਗਵਾੜਾ ਅਤੇ ਜੀ ਜੀ ਐਨ ਕਾਲਜ ਲੁਧਿਆਣਾ ਦੇ ਕਈ ਵਰ੍ਹੇ ਪ੍ਰਿੰਸੀਪਲ ਰਹੇ, ਉਥੇ ਉਨ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਜਿਸਟਰਾਰ ਵਰਗੇ ਵੱਕਾਰੀ ਅਹੁਦੇ ਉੱਤੇ ਵੀ ਸੇਵਾ ਨਿਭਾਈ। ਉਹ ਕਾਫ਼ੀ



ਸਮਾਂ ਸਿਆਸਤ ਵਿੱਚ ਵੀ ਸਰਗਰਮ ਰਹੇ ਤੇ ਜ਼ਿਲ੍ਹਾ ਅਕਾਲੀ ਦਲ ਜਲੰਧਰ ਦੇ ਪ੍ਰਧਾਨ ਵੀ ਰਹੇ। ਇਸ ਦੌਰਾਨ ਉਹ ਲਗਾਤਾਰ ਪੰਜਾਬੀ ਸੱਭਿਆਚਾਰ ਅਤੇ ਕਲਾ ਜਗਤ ਨਾਲ ਜੁੜੇ ਰਹੇ। ਉਨ੍ਹਾਂ ਦੇ ਸ਼ਾਗਿਰਦਾਂ ਅਤੇ ਪ੍ਰਬੰਧਕਾਂ ਦਾ ਘੇਰਾ ਕਾਫ਼ੀ ਵੱਡਾ ਹੈ।

ਡਾ: ਇੰਦਰਜੀਤ ਸਿੰਘ ਦੀ ਮੌਤ ਉੱਤੇ ਦੁੱਖ ਪ੍ਰਗਟ ਕਰਦੇ ਹੋਏ ਪੰਜਾਬੀ ਲੋਕ ਗਾਇਕ ਪੰਮੀ ਬਾਈ, ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਗਿੱਲ, ਜੀ ਐਨ ਡੀ ਯੂ ਦੇ ਸਾਬਕਾ ਵਾਈਸ ਚਾਂਸਲਰ ਡਾ. ਐਸ ਪੀ ਸਿੰਘ, ਲੋਕ ਗਾਇਕ ਸੁਰਿੰਦਰ ਛਿੰਦਾ, ਮੰਨਾ ਢਿੱਲੋਂ, ਪਾਲੀ ਦੇਤਵਾਲੀਆ, ਜਸਵੰਤ ਸੰਦੀਲਾ ਅਤੇ ਸੁਰਜੀਤ ਸਪੋਰਟਸ ਐਸੋਸਈਏਸ਼ਨ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਬਟਾਲਾ, ਸੱਭਿਆਚਾਰਕ ਸੱਥ ਦੇ ਚੇਅਰਮੈਨ ਜਸਮੇਰ ਸਿੰਘ ਢੱਟ, ਸੈਕਟਰੀ ਜਨਰਲ ਡਾ. ਨਿਰਮਲ ਜੌੜਾ, ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਡਾ. ਸਤੀਸ਼ ਸ਼ਰਮਾ, ਮਨਜਿੰਦਰ ਧਨੋਆ, ਤ੍ਰਿਲੋਚਨ ਲੋਚੀ ਅਤੇ ਪੰਜਾਬ ਦੇ ਰਫ਼ੀ ਰਛਪਾਲ ਸਿੰਘ ਪਾਲ ਸਮੇਤ ਕਲਾ ਅਤੇ ਸੰਗੀਤ ਜਗਤ ਨਾਲ ਜੁੜੀਆਂ ਹੋਰ ਅਹਿਮ ਸ਼ਖ਼ਸੀਅਤਾਂ ਨੇ ਕਿਹਾ ਕਿ ਡਾ. ਇੰਦਰਜੀਤ ਸਿੰਘ ਦਾ ਪੰਜਾਬੀ ਸਭਿਆਚਾਰ ਤੇ ਪੰਜਾਬ ਦੇ ਲੋਕ ਨਾਚ ਭੰਗੜੇ ਨੂੰ ਕੌਮਾਂਤਰੀ ਪੱਧਰ ਉੱਤੇ ਮਕਬੂਲੀਅਤ ਦਿਵਾਉਣ ਵਿੱਚ ਅਹਿਮ ਯੋਗਦਾਨ ਰਿਹਾ ਹੈ। ਪ੍ਰਿੰ. ਇੰਦਰਜੀਤ ਸਿੰਘ ਦੇ ਪਰਵਾਰ ਵਿੱਚ ਉਨ੍ਹਾਂ ਦੀਆਂ ਧੀਆਂ ਤੇ ਦਾਮਾਦ ਏਕਜੋਤ ਕੌਰ ਤੇ ਗਗਨਦੀਪ ਸਿੰਘ ਅਤੇ ਅਵਨੀਤ ਕੌਰ ਤੇ ਮਨਪ੍ਰੀਤ ਸਿੰਘ ਤੋਂ ਬਿਨਾਂ ਬੇਟਾ ਗੌਰਵਦੀਪ ਸਿੰਘ ਹੈ।ਉਘੇ ਪੰਜਾਬੀ ਗਾਇਕ ਅਤੇ ਗੋਲਡਨ ਸਟਾਰ ਮਲਕੀਤ ਸਿੰਘ ਨੇ ਪ੍ਰੋ. ਇੰਦਰਜੀਤ ਸਿੰਘ ਦੀ ਮੌਤ ਉੱਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਅੱਜ ਜੋ ਕੁਝ ਹਨ, ਕੇਵਲ ਪ੍ਰੋ. ਇੰਦਰਜੀਤ ਸਿੰਘ ਦੀ ਬਦੌਲਤ ਹਨ। ਪੰਜਾਬੀ ਗਾਇਕ ਸਰਬਜੀਤ ਚੀਮਾ ਨੇ ਪ੍ਰਿੰ. ਇੰਦਰਜੀਤ ਸਿੰਘ ਨਾਲ ਆਪਣੀ ਨੇੜਤਾ ਤੇ ਸਾਂਝ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਕਲਾ ਦੇ ਖੇਤਰ ਵਿੱਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ।

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***



Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca

FREE For New Immigrants
TAX Filing $40 +Tax
$10 OFF Coupon only for New Clients One per family

* Mutual funds provided by Carte Wealth Management Inc.
** Tax planning and filings provided by Kang Tax & Financial Services
***Insurance sold through Carte Risk Management Inc., Financial Horizon and Aaxel Insurance.

Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਜਾਅਲੀ ਕੋਵਿਡ-19 ਟੈਸਟ ਨਤੀਜਿਆਂ ਨਾਲ ਕੈਨੇਡਾ ਦਾਖਲ ਹੋਣ ਦੀ ਕੋਸ਼ਿਸ਼ ਕਰਦੇ 30 ਟਰੈਵਲਰਜ਼ ਕਾਬੂ




ਟੋਰਾਂਟੋ, 1 ਅਪ੍ਰੈਲ (ਪੋਸਟ ਬਿਊਰੋ) : ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐਸ ਏ) ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਨਵਰੀ ਵਿੱਚ ਜਾਅਲੀ ਕੋਵਿਡ-19 ਟੈਸਟਾਂ ਨਾਲ ਕੈਨੇਡਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ 30 ਮਸ਼ਕੂਕਾਂ ਨੂੰ ਫੜ੍ਹਿਆ।


ਇੱਕ ਈਮੇਲ ਵਿੱਚ ਏਜੰਸੀ ਦੇ ਬੁਲਾਰੇ ਨੇ ਆਖਿਆ ਕਿ ਸੀ ਬੀ ਐਸ ਏ ਇਸ ਗੱਲ ਤੋਂ ਜਾਣੂ ਹੈ ਕਿ ਕੋਵਿਡ-19 ਦੇ ਜਾਅਲੀ ਟੈਸਟ ਨਤੀਜੇ ਤਿਆਰ ਕੀਤੇ ਜਾ ਰਹੇ ਹਨ ਤੇ ਕੈਨੇਡਾ ਵਿੱਚ ਦਾਖਲ ਹੋਣ ਲਈ ਕੁੱਝ ਟਰੈਵਲਰਜ਼ ਵੱਲੋ ਇਸ ਤਰ੍ਹਾਂ ਦੇ ਜਾਅਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸੀ ਬੀ ਐਸ ਏ ਇਸ ਤਰ੍ਹਾਂ ਦੇ ਘਰੇਲੂ ਤੇ ਕੌਮਾਂਤਰੀ ਭਾਈਵਾਲਾਂ ਨਾਲ ਰਲ ਕੇ ਕੰਮ ਕਰ ਰਹੀ ਹੈ ਤਾਂ ਕਿ ਇਸ ਤਰ੍ਹਾਂ ਦੇ ਦਸਤਾਵੇਜ਼ਾਂ ਨੂੰ ਜਲਦ ਤੋਂ ਜਲਦ ਫੜ੍ਹਿਆ ਜਾ ਸਕੇ।

ਸੀ ਬੀ ਐਸ ਏ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਏਅਰਪੋਰਟਸ ਉੱਤੇ 7 ਜਨਵਰੀ, 2021 ਤੇ 24 ਮਾਰਚ, 2021 ਦਰਮਿਆਨ 10 ਜਾਅਲੀ ਟੈਸਟ ਰਿਜ਼ਲਟ ਫੜ੍ਹੇ।ਸੀ ਬੀ ਐਸ ਏ ਨੇ ਆਖਿਆ ਕਿ ਜਮੀਨੀ ਸਰਹੱਦ ਉੱਤੇ 15 ਫਰਵਰੀ, 2021 ਤੇ 24 ਮਾਰਚ, 2021 ਦਰਮਿਆਨ 20 ਫਰਾਡ ਟੈਸਟ ਰਿਜ਼ਲਟ ਫੜ੍ਹੇ।

# ਉਤਰੀ ਵੈਨਕੂਵਰ ਵਿਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਵਿਚ ਇਕ ਹਲਾਕ, ਛੇ ਜ਼ਖ਼ਮੀ

ਵੈਨਕੂਵਰ, 1 ਅਪ੍ਰੈਲ (ਪੋਸਟ ਬਿਊਰੋ) : ਉੱਤਰੀ ਵੈਨਕੂਵਰ ਵਿੱਚ ਇੱਕ ਲਾਇਬ੍ਰੇਰੀ ਤੇ ਸ਼ਾਪਿੰਗ ਸੈਂਟਰ ਉੱਤੇ ਮੌਜੂਦ ਲੋਕਾਂ ਉੱਤੇ ਇੱਕ ਸਿਰਫਿਰੇ ਵੱਲੋਂ ਕੀਤੇ ਹਮਲੇ ਵਿੱਚ ਇੱਕ ਮਹਿਲਾ ਦੀ ਮੌਤ ਹੋ ਗਈ ਤੇ ਛੇ ਵਿਅਕਤੀ ਜ਼ਖ਼ਮੀ ਹੋ ਗਏ। ਇਸ ਹਮਲੇ ਦੇ ਸਬੰਧ ਵਿੱਚ ਮਸ਼ਕੂਕ ਉੱਤੇ ਕਤਲ ਦੇ ਚਾਰਜ ਦਰਜ ਕੀਤੇ ਗਏ ਹਨ।

ਐਤਵਾਰ ਨੂੰ ਜਾਰੀ ਕੀਤੀ ਗਈ ਇੱਕ ਨਿਊਜ਼ ਰਲੀਜ਼ ਵਿੱਚ ਹੋਮੀਸਾਈਡ ਡਿਟੈਕਟਿਵਜ਼ ਨੇ ਦੱਸਿਆ ਕਿ ਇਸ ਹਮਲੇ ਲਈ 28 ਸਾਲਾ ਯੈਨਿਕ ਬੈਨਡਾਓਗੋ ਨੂੰ ਸੈਕਿੰਡ ਡਿਗਰੀ ਮਰਡਰ ਲਈ ਚਾਰਜ ਕੀਤਾ ਗਿਆ ਹੈ।ਪੁਲਿਸ ਨੇ ਦੱਸਿਆ ਕਿ ਬੀਸੀ ਵਿੱਚ ਉਸ ਦੇ ਪਿਛੋਕੜ ਤੇ ਮਾਰੀ ਗਈ ਮਹਿਲਾ ਜਾਂ ਜ਼ਖ਼ਮੀ ਹੋਏ ਲੋਕਾਂ ਨਾਲ ਸਬੰਧਾਂ ਬਾਰੇ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ।ਸ਼ਨਿੱਚਰਵਾਰ ਦੁਪਹਿਰ ਨੂੰ ਉੱਤਰੀ ਵੈਨਕੂਵਰ ਵਿੱਚ ਲਿੰਨ ਵੈਲੀ ਵਿਲੇਂ ਦੇ ਸ਼ਾਪਿੰਗ ਸੈਂਟਰ ਵਿੱਚ ਵਾਪਰੀ ਇਸ ਘਟਨਾ ਤੋਂ ਕੁੱਝ ਸਮੇਂ ਬਾਅਦ ਹੀ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਗ੍ਰਿਫਤਾਰੀ ਦੀ ਵੀਡੀਓ ਵਿੱਚ ਹਮਲਾਵਰ ਖੁਦ ਉੱਤੇ ਵੀ ਛੁਰੇ ਨਾਲ



ਵਾਰ ਕਰਦਿਆਂ ਤੇ ਬੇਹੋਸ਼ ਹੁੰਦਿਆਂ ਨਜ਼ਰ ਆ ਰਿਹਾ ਹੈ।

ਐਤਵਾਰ ਨੂੰ ਲੋਅਰ ਮੇਨਲੈਂਡ ਇੰਟੇਗਰੇਟਿਡ ਹੋਮੀਸਾਈਡ ਇਨਵੈਸਟੀਗੇਸ਼ਨ ਟੀਮ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਮਸ਼ਕੂਕ ਨੇ ਆਪਣੇ ਆਪ ਨੂੰ ਨੁਕਸਾਨ ਪਹੁੰਚਾਇਆ ਤੇ ਉਸ ਦਾ ਆਪਰੇਸ਼ਨ ਵੀ ਕੀਤਾ ਗਿਆ। ਆਈਐਚਆਈਟੀ ਨੇ ਇੱਕ ਰਲੀਜ਼ ਵਿੱਚ ਆਖਿਆ ਕਿ ਉਸ ਨੂੰ ਪੁਲਿਸ ਹਿਰਾਸਤ ਵਿੱਚ ਹੀ ਰੱਖਿਆ ਜਾਵੇਗਾ। ਪੁਲਿਸ ਨੇ ਸ਼ਨਿੱਚਰਵਾਰ ਨੂੰ ਇਹ ਆਖਿਆ ਸੀ ਕਿ ਮਸ਼ਕੂਕ ਉਨ੍ਹਾਂ ਦਾ ਵਾਕਫ ਸੀ ਤੇ ਉਸ ਦਾ ਮੁਜਰਮਾਨਾ ਰਿਕਾਰਡ ਸੀ। ਸ਼ਨਿੱਚਰਵਾਰ ਨੂੰ ਵਾਪਰੀ ਇਸ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਜਦਕਿ ਇੱਕ 20 ਸਾਲਾ ਮਹਿਲਾ ਦੀ ਮੌਕੇ ਉੱਤੇ ਹੀ ਮੌਤ ਹੋ ਗਈ।

# ਬਰੈਂਪਟਨ ਤੋਂ ਕਿਡਨੈਪ ਕੀਤੀ ਗਈ ਲੜਕੀ ਤੇ ਮਸ਼ਕੂਕ ਦਾ ਨਹੀਂ ਲੱਗ ਰਿਹਾ ਥਹੁ-ਪਤਾ

## *ਕਿਡਨੈਪਿੰਗ ਵਿੱਚ ਵਰਤੀ ਗਈ ਕਾਰ ਬਰੈਂਪਟਨ ਤੋਂ ਬਰਾਮਦ

ਬਰੈਂਪਟਨ, 1 ਅਪ੍ਰੈਲ (ਪੋਸਟ ਬਿਊਰੋ) : ਪੀਲ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕਾਲੇ ਰੰਗ ਦੀ ਹੌਂਡਾ ਸਿਵਿਕ ਮਿਲੀ ਹੈ ਜਿਸਦੀ ਵਰਤੋਂ ਬਰੈਂਪਟਨ ਵਿੱਚ ਸਵੇਰ ਸਮੇਂ ਹੋਈ ਹਿੰਸਕ ਕਿਡਨੈਪਿੰਗ ਵਿੱਚ ਕੀਤੀ ਗਈ। ਪਰ ਮਸ਼ਕੂਕ ਤੇ ਕਿਡਨੈਪ ਕੀਤੀ ਗਈ ਲੜਕੀ ਦਾ ਅਜੇ ਤੱਕ ਕੁੱਝ ਪਤਾ ਨਹੀਂ ਲੱਗਿਆ ਹੈ।

ਜਿਸ ਥਾਂ ਤੋਂ ਇਹ ਕਿਡਨੈਪਿੰਗ ਹੋਈ ਉਸ ਥਾਂ ਤੋਂ ਪੰਜ ਕਿਲੋਮੀਟਰ ਦੀ ਦੂਰੀ ਉੱਤੇ ਇਹ ਹੌਂਡਾ ਸਿਵਿਕ ਖਾਲੀ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਐਤਵਾਰ ਸਵੇਰੇ 3:00 ਵਜੇ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਨੂੰ ਅਜਿਹੀਆਂ ਕਈ ਖਬਰਾਂ ਮਿਲੀਆਂ ਕਿ ਇੱਕ ਵਿਅਕਤੀ ਬਰੈਂਪਟਨ ਦੇ ਘਰ ਦੇ ਬਾਹਰ ਜ਼ੋਰ ਜ਼ੋਰ ਦੀ ਰੌਲਾ ਪਾ ਰਿਹਾ ਹੈ ਤੇ ਦਰਵਾਜ਼ੇ ਭੰਨ੍ਹ ਰਿਹਾ ਹੈ।ਜਦੋਂ ਪੁਲਿਸ ਮੇਅਫੀਲਡ ਰੋਡ ਤੇ ਮਿਸੀਸਾਗਾ ਰੋਡ ਇਲਾਕੇ ਵਿੱਚ ਅਡਵੈਂਚਰਾ ਰੋਡ ਉੱਤੇ ਸਥਿਤ ਘਰ ਵਿੱਚ ਪਹੁੰਚੀ ਤਾਂ ਉਨ੍ਹਾਂ ਘਰ ਵਿੱਚੋਂ ਇੱਕ ਮਹਿਲਾ ਦੀਆਂ ਚੀਕਾਂ



ਸੁਣੀਆਂ।ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਅਨੁਸਾਰ ਪੁਲਿਸ ਘਰ ਵਿੱਚ ਦਾਖਲ ਹੋਈ ਤੇ ਉਨ੍ਹਾਂ ਵੇਖਿਆ ਕਿ ਗੈਰਾਜ ਵਿੱਚ ਇੱਕ ਡਰਾਈਵਰ ਆਪਣੀ ਸੀਟ ਉੱਤੇ ਬੈਠਾ ਹੈ ਤੇ ਇੱਕ ਮਹਿਲਾ ਪਿਛਲੀ ਸੀਟ ਉੱਤੇ ਬੈਠੀ ਹੈ। ਐਸਆਈਯੂ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਦੋਵਾਂ ਧਿਰਾਂ ਵਿੱਚ ਬਹਿਸ ਹੋਈ ਤੇ ਫਿਰ ਦੋ ਪੁਲਿਸ ਅਧਿਕਾਰੀਆਂ ਨੇ ਗੱਡੀ ਵਾਲੇ ਪਾਸੇ ਗੋਲੀਆਂ ਚਲਾ ਦਿੱਤੀਆਂ। ਗੱਡੀ ਵਿੱਚ ਬੈਠਾ ਹੋਣ ਕਾਰਨ ਉਹ ਵਿਅਕਤੀ ਮਹਿਲਾ ਨੂੰ ਅੰਦਰ ਲੈ ਕੇ ਹੀ ਗੈਰਾਜ ਤੋਂ ਗੱਡੀ ਭਜਾ ਕੇ ਲੈ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਉਸ ਕਿਡਨੈਪਰ ਨੂੰ ਗੋਲੀ ਲੱਗੀ ਜਾਂ ਨਹੀਂ ਇਸ ਬਾਰੇ ਵੀ ਕੁੱਝ ਪਤਾ ਨਹੀਂ ਲੱਗ ਸਕਿਆ।

ਪੁਲਿਸ ਨੇ ਮਸ਼ਕੂਕ ਦੀ ਪਛਾਣ 21 ਸਾਲਾ ਕਵਾਮੀ ਗਾਰਵੁੱਡ ਵਜੋਂ ਕੀਤੀ ਹੈ ਤੇ ਕਿਡਨੈਪ ਹੋਈ 23 ਸਾਲਾ ਮਹਿਲਾ ਦੀ ਪਛਾਣ ਸਲੀਨਾ ਓਉਕ ਵਜੋਂ ਦੱਸੀ ਗਈ ਹੈ। ਇਹ ਵੀ ਦੱਸਿਆ ਗਿਆ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੇ ਸਨ ਤੇ ਉਨ੍ਹਾਂ ਦੇ ਨਿਜੀ ਸਬੰਧ ਵੀ ਸਨ ਤੇ ਜਾਂਚਕਾਰਾਂ ਦਾ ਕਹਿਣਾ ਹੈ ਕਿ ਗਾਰਵੁੱਡ ਹਥਿਆਰਬੰਦ ਤੇ ਖਤਰਨਾਕ ਹੈ। ਦੁਪਹਿਰ ਵਿੱਚ ਪੁਲਿਸ ਨੇ ਦੱਸਿਆ ਕਿ ਪੁਲਿਸ ਗਾਰਵੁੱਡ ਨੂੰ ਜਾਣਦੀ ਹੈ ਤੇ ਉਹ ਜੀਟੀਏ ਵਿੱਚ ਚਾਰ ਵਾਰੰਟਸ ਤਹਿਤ ਵਾਂਟਿਡ ਹੈ। ਉਸ ਖਿਲਾਫ ਫਰਸਟ ਡਿਗਰੀ ਮਰਡਰ ਦੇ ਸਬੰਧ ਵਿੱਚ ਵੀ ਵਾਰੰਟ ਜਾਰੀ ਕੀਤਾ ਗਿਆ ਹੈ, ਜੋ ਜੁਲਾਈ 2020 ਵਿੱਚ ਟੋਰਾਂਟੋ ਪੁਲਿਸ ਵੱਲੋਂ ਕੀਤਾ ਗਿਆ ਸੀ।

# ਸਵੇਜ਼ ਨਹਿਰ ਵਿੱਚ ਫਸਿਆ ਜਹਾਜ਼ ਕਈ ਦਿਨਾਂ ਪਿੱਛੋਂ ਬਾਹਰ ਕੱਢਿਆ ਗਿਆ

## * ਰੋਜ਼ਾਨਾ 9 ਅਰਬ ਡਾਲਰ ਦਾ ਨੁਕਸਾਨ ਹੁੰਦਾ ਰਹਿਣ ਦੀ ਖਬਰ




ਕਾਹਿਰਾ, 1 ਅਪ੍ਰੈਲ, (ਪੋਸਟ ਬਿਊਰੋ)-ਮਿਸਰ ਦੀ ਸਵੇਜ਼ ਨਹਿਰ ਵਿੱਚ ਫਸੇ ਹੋਏ ਇੱਕ ਵੱਡੇ ਮਾਲ-ਵਾਹਕ ਜਹਾਜ਼ ਨੂੰ ਅੱਜ ਸੋਮਵਾਰ ਫਿਰ ਚਾਲੂ ਕਰ ਕੇ ਕੱਢਣ ਵਿੱਚ ਕਾਮਯਾਬੀ ਮਿਲ ਗਈ ਹੈ।

ਵਰਨਣ ਯੋਗ ਹੈ ਕਿ ਇਹ ਬਹੁਤ ਵੱਡਾ ਸਮੁੰਦਰੀ ਜਹਾਜ਼ ਪਿਛਲੇ ਮੰਗਲਵਾਰ ਤੋਂ ਇਸ ਨਹਿਰ ਵਿੱਚ ਫਸਿਆ ਹੋਇਆ ਸੀ। ਅੱਜ ਇਸ ਨੂੰ ਪਾਣੀ ਵਿੱਚੋਂ ਕੱਢਣ ਵਿੱਚ ਕਾਮਯਾਬੀ ਮਿਲੀ ਹੈ, ਪਰ ਇਹ ਜਾਣਕਾਰੀ ਅਜੇ ਨਹੀਂ ਮਿਲੀ ਕਿ ਸਵੇਜ਼ ਨਹਿਰ ਵਿੱਚਆਵਾਜਾਈ ਪੂਰੀ ਤਰ੍ਹਾਂ ਕਦੋਂ ਚਾਲੂ ਹੋਵੇਗੀ। ਇਸ ਨਹਿਰ ਦੀ ਸਰਵਿਸ ਦੇਣ ਵਾਲੀ ਕੰਪਨੀ ਨੇ ਕਿਹਾ ਕਿ ਅਜੇ ਇਸ ਦੀ ਜਾਣਕਾਰੀ ਨਹੀਂ ਕਿ ਜਹਾਜ਼ ਪੂਰੀ ਤਰ੍ਹਾਂ ਬਾਹਰ ਕਦੋਂ ਨਿਕਲ ਸਕੇਗਾ।ਕੰਪਨੀ ਨੇ ਦੱਸਿਆ ਕਿ ਸਵੇਜ਼ ਨਹਿਰ ਵਿੱਚ ਫਸੇ ਹੋਏ ਇਸ ਜਹਾਜ਼ ਨੂੰ 10 ਟੱਗਬੋਟ ਦੀ ਮਦਦ ਨਾਲ ਕੱਢਣ ਵਿੱਚ ਸਫਲਤਾ ਮਿਲੀ ਹੈ।ਸਵੇਜ਼ ਨਹਿਰ ਅਥਾਰਟੀ ਦੇ ਮੁਖੀ ਲੈਫਟੀਨੈਂਟ ਜਨਰਲ ਓਸਾਮਾ ਰਬੇਈ ਨੇ ਕਿਹਾ ਕਿ ਸੋਮਵਾਰ ਸਵੇਰ ਤਕ ਜਹਾਜ਼ ਨੂੰ ਕੱਢਣ ਦਾ ਕੰਮ ਜਾਰੀ ਸੀ, ਸੈਟੇਲਾਈਟ ਅੰਕੜਿਆਂ ਮੁਤਾਬਕ ਜਹਾਜ਼ ਉਸੇ ਸਥਾਨ ਉੱਤੇ ਫਸਿਆ ਸੀ।

ਬੀਤੇ ਮੰਗਲਵਾਰ ਨੂੰ ਨਹਿਰ ਵਿੱਚ ਫਸ ਗਏ ਇਸ ਜਹਾਜ਼ ਦੇ ਕਾਰਨ ਇਸ ਰੂਟ ਉੱਤੇ ਜਹਾਜ਼ ਚਲਾਉਣ ਵਾਲੀਆਂ ਕੰਪਨੀਆਂ ਦਾ ਕਾਫੀ ਨੁਕਸਾਨ ਹੋ ਚੁੱਕਾ ਹੈ। ਇਕ ਅਨੁਮਾਨ ਅਨੁਸਾਰ ਜਹਾਜ਼ ਫਸਣ ਨਾਲ ਰੋਜ਼ਾਨਾ 9 ਅਰਬ ਡਾਲਰ ਦਾ ਨੁਕਸਾਨ ਹੋ ਰਿਹਾ ਸੀ ਅਤੇ ਅਜੇ




ਤਕ ਇਹ ਪਤਾ ਨਹੀਂ ਕਿ ਕਦੋਂ ਤਕ ਆਵਾਜਾਈ ਬਹਾਲ ਹੋ ਸਕੇਗੀ।

# ਇਸ ਹਫਤੇ ਕੈਨੇਡਾ ਨੂੰ ਵੈਕਸੀਨ ਦੀਆਂ 3·3 ਮਿਲੀਅਨ ਡੋਜ਼ਾਂ ਹਾਸਲ ਹੋਣ ਦੀ ਉਮੀਦ

ਓਟਵਾ, 1 ਅਪ੍ਰੈਲ (ਪੋਸਟ ਬਿਊਰੋ) : ਕੈਨੇਡਾ ਨੂੰ ਇਸ ਹਫਤੇ ਨਵੀਂ ਕੋਵਿਡ-19 ਵੈਕਸੀਨ ਡੋਜ਼ਾਂ ਦੀ ਨਵੀਂ ਖੇਪ ਹਾਸਲ ਹੋਣ ਜਾ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਵੱਖ ਵੱਖ ਫਾਰਮਾਸਿਊਟੀਕਲਜ਼ ਕੰਪਨੀਆਂ ਤੋਂ ਕੈਨੇਡਾ ਨੂੰ 3·3 ਮਿਲੀਅਨ ਸ਼ੌਟਸ ਹਾਸਲ ਹੋਣਗੇ।

ਤਿੰਨ ਵੱਖ ਵੱਖ ਸਰੋਤਾਂ ਤੋਂ ਮਿਲਣ ਵਾਲੀ ਵੈਕਸੀਨ ਕਾਰਨ ਮਹਾਂਮਾਰੀ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਇਸ



ਹਫਤੇ ਮਿਲਣ ਵਾਲੀ ਇਹ ਸੱਭ ਤੋਂ ਵੱਡੀ ਡਲਿਵਰੀ ਦੀ ਖੇਪ ਹੈ। ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ ਫਾਈਜ਼ਰ ਤੇ ਬਾਇਓਐਨਟੈਕ ਵੱਲੋਂ ਇਸ ਹਫਤੇ 1·2 ਮਿਲੀਅਨ ਡੋਜ਼ਾਂ ਦੇ ਨੇੜੇ ਤੇੜੇ ਹਾਸਲ ਹੋਣਗੀਆਂ। ਇਨ੍ਹਾਂ ਦੋਵਾਂ ਕੰਪਨੀਆਂ ਵੱਲੋਂ ਲਗਾਤਾਰ ਕੈਨੇਡਾ ਨੂੰ ਸ਼ੌਟਸ ਮੁਹੱਈਆ ਕਰਵਾਏ ਜਾ ਰਹੇ ਹਨ।

ਇਸ ਦੇ ਨਾਲ ਹੀ ਫੈਡਰਲ ਸਰਕਾਰ ਨੂੰ ਮੰਗਲਵਾਰ ਨੂੰ ਅਮਰੀਕਾ ਤੋਂ ਆਕਸਫੋਰਡ ਐਸਟ੍ਰਾਜ਼ੈਨੇਕਾ ਵੈਕਸੀਨ ਦੀਆਂ 1·5 ਮਿਲੀਅਨ ਡੋਜ਼ਾਂ ਹਾਸਲ ਹੋਣਗੀਆਂ। ਇਹ ਡੋਜ਼ਾਂ ਟਰੱਕ ਰਾਹੀਂ ਕੈਨੇਡਾ ਪਹੁੰਚਣਗੀਆਂ। ਹੁਣ ਤੱਕ ਕੈਨੇਡਾ ਦੀ ਵੈਕਸੀਨ ਯੂਰਪ ਤੋਂ ਆਉਂਦੀ ਰਹੀ ਹੈ ਤੇ ਇਸ ਮਹੀਨੇ ਦੇ ਸ਼ੁਰੂ ਵਿੱਚ ਸਿਰਫ 500,000 ਐਸਟ੍ਰਾਜ਼ੈਨੇਕਾ ਡੋਜ਼ਾਂ ਭਾਰਤ ਤੋਂ ਆਈਆਂ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਇਸ ਹਫਤੇ ਵੀਰਵਾਰ ਨੂੰ ਮੌਡਰਨਾ ਵੱਲੋਂ 600,000 ਸ਼ੌਟਸ ਕੈਨੇਡਾ ਨੂੰ ਦੇਣ ਦਾ ਵਾਅਦਾ ਕੀਤਾ ਗਿਆ ਹੈ।

# COUNCILLOR DHILLON MOVES TO EXPAND BUSINESS OPPORTUNITIES ACROSS CITY

Brampton, ON- At its March 31st committee meeting, members of Brampton Council passed a motion moved by Regional Councillor Gurpreet Singh Dhillon to consider expanding business opportunities across Brampton instead of focusing primarily on the downtown, through a Community Improvement Plan (CIP) Program.

A CIP Program is a unique initiative offered by the provincial government for municipalities, where proposals can be submitted to the Ministry of Municipal Affairs to allow for special designation of key economic areas in the city, where businesses can receive potential grants for: development charges, property taxes, development application and building permits, and cash-in-lieu for parklands. These would be in addition to expedited planning reviews, capital grants, tax breaks, and other business improvement opportunities available.

With only 5% of the city's business in Wards 9 & 10, Councillor Dhillon has been a strong advocate for greater incentives, tax breaks, and employment opportunities for identified areas across the city and not just limited to the downtown core.

"Currently, only downtown Brampton has had the luxury of this special designation, while areas such as Wards 9 & 10, and other parts of Brampton, have been overlooked," said Councillor Dhillon. "In order to attract and grow business in our city, all areas of Brampton must be given equal opportunities."

"Since I took office, increasing employment and the economic prosperity of our residents has been my number one priority."

City staff have confirmed that, with the implementation of this program, Brampton could potentially see one to two new commercial office developments annually in the city, and would create more of the office and white collar jobs that residents have been demanding. Staff will immediately commence development of a proposal to bring back to Council in which it will identify key areas and target sectors to submit to the province, along with a market analysis and the justification required.

The final proposal will be submitted to Council by the end of 2021.

# ਦਿੱਲੀ ਦੇ ਰੈਸਟੋਰੈਂਟ ਮਾਲਕਾਂ ਨੂੰ ਮੀਟ 'ਹਲਾਲ' ਜਾਂ 'ਝਟਕਾ' ਹੋਣ ਬਾਰੇ ਅਗੇਤਾ ਦੱਸਣਾ ਪਵੇਗਾ

ਨਵੀਂ ਦਿਲੀ, 1 ਅਪ੍ਰੈਲ, (ਪੋਸਟ ਬਿਊਰੋ)- ਉੱਤਰੀ ਦਿਲੀ ਮਿਊਂਸਪਲ ਕਾਰਪੋਰੇਸ਼ਨ ਖੇਤਰ ਦੇ ਹੋਟਲ,ਰੈਸਟੋਰੈਂਟ ਜਾਂ ਢਾਬੇ,ਜਿਥੇ ਮਾਸਾਹਾਰੀ ਭੋਜਨ ਪਰੋਸਿਆ ਜਾਂਦਾ ਹੈ,ਦੇ ਸੰਚਾਲਕਾਂ ਨੂੰ ਇਹ ਦੱਸਣਾ ਜ਼ਰੂਰੀ ਕੀਤਾ ਗਿਆ ਹੈ ਕਿ ਹਲਾਲ ਮੀਟ ਪਰੋਸਿਆ ਜਾ ਰਿਹਾ ਹੈ ਜਾਂ ਝਟਕਾ? ਇਹ ਹੁਕਮਉੱਤਰੀ ਦਿੱਲੀ ਨਗਰ ਨਿਗਮ ਨੇ ਜਾਰੀ ਕੀਤਾ ਹੈ

ਉੱਤਰ ਦਿੱਲੀ ਨਗਰ ਨਿਗਮ ਦੇ ਮੇਅਰ ਜੈ ਪ੍ਰਕਾਸ਼ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਹਿੰਦੂ ਤੇ ਸਿੱਖ ਧਰਮ ਵਿੱਚ ਹਲਾਲ ਮੀਟ ਦੀ ਮਨਾਹੀ ਹੈ, ਇਸ ਲਈ ਉੱਤਰੀ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਖੇਤਰ ਦੇ ਰੈਸਟੋਰੈਂਟ, ਹੋਟਲ ਅਤੇ ਢਾਬੇ ਦੇ ਸੰਚਾਲਕਾਂ ਲਈ ਲਾਜ਼ਮੀ ਹੋਵੇਗਾ ਕਿ ਮੀਟ ਹਲਾਲ ਹੈ ਜਾਂ ਝਟਕਾ ਹੋਣ ਬਾਰੇਦੱਸਣਤਾਂ ਕਿ ਲੋਕਾਂ ਦੀ ਆਸਥਾ ਨੂੰ ਠੇਸ ਨਾ ਲੱਗੇ। ਮੇਅਰ ਜੈ ਪ੍ਰਕਾਸ਼ ਨੇ ਕਿਹਾ ਕਿ ਨਿਗਮ ਨੇ ਬੀਤੇ ਮੰਗਲਵਾਰ ਇਹ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਧਾਰਮਿਕ ਦੇਸ਼ ਹੈ, ਜਿੱਥੇ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਚਾਉਣਾ ਗਲਤ ਹੈ। ਏਥੇ ਹਿੰਦੂ ਤੇ ਸਿੱਖ ਧਰਮ ਦੇ ਲੋਕ ਹਲਾਲ ਮਾਸ ਨਹੀਂ ਖਾਂਦੇ, ਪਰ ਇਸਲਾਮ ਵਿਚ ਹਲਾਲ ਮਾਸ ਖਾਧਾ ਜਾਂਦਾ ਹੈ, ਇਸ ਲਈ ਨਿਗਮ ਦਾ ਫੈਸਲਾ ਹੈ ਕਿ ਹੋਟਲ,ਢਾਬਿਆਂ ਜਾਂ ਰੈਸਟੋਰੈਂਟ ਵਾਲਿਆਂ ਨੂੰ ਦੱਸਣਾ ਹੋਵੇਗਾ ਕਿ ਕਿੰਦਾਂ ਦਾ ਮਾਸ ਪਰੋਸਿਆ ਜਾਂਦਾ ਹੈ।

NEED A LAWYER ??
Red Seal NOTARY
KAUR LAW OFFICE



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

SherGill Law Firm
Barrister, Solicitor & Notary Public

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

## ਅੱਜ ਨਾਮਾ >>

ਜਿਹੜੇ ਆਗੂ ਤੋਂ ਬਣਨ, ਬਣਾਉ ਨੰਬਰ,
ਟਾਕੀ ਸਿੱਧੀ ਅਸਮਾਨ ਨੂੰ ਲਾਓ ਮਿੱਤਰ।
ਜਿੱਡਾ ਵਾਅਦਾ ਨਾ ਕਿਸੇ ਨੇ ਅਜੇ ਕੀਤਾ,
ਪੇਸ਼ ਕਰਨ ਲਈ ਲੱਭ ਲਿਆਉ ਮਿੱਤਰ।
ਦਿੱਤਾ ਕਿਸੇ ਨੇ ਪਿੱਛੋਂ ਨਹੀਂ ਵੇਖਣਾ ਈ,
ਸੁਫਨੇ ਵਾਲਾ ਕੜਾਹ ਵਰਤਾਉ ਮਿੱਤਰ।
ਬੁੱਧੂ ਬਣਨ ਲਈ ਲੋਕ ਤਿਆਰ ਦਿੱਸਣ,
ਸਾਂਭ ਕੇ ਸਮਾਂ ਜੀ ਬੁੱਧੂ ਬਣਾਉ ਮਿੱਤਰ।
ਤਕੜੀ ਜਿਵੇਂ ਵੀ ਵੱਜੇ ਉਹ ਗੱਪ ਮਾਰੋ,
ਹਲਕਾ ਕੋਈ ਜਾਂ ਕੋਈ ਵਾਰਡ ਮਿੱਤਰ।
ਮਾਰੀ ਜਾਵੇ ਤਾਂ ਏਹੋ ਜਿਹੀ ਗੱਪ ਮਾਰੋ,
ਦੇਵੋ ਮੋਦੀ ਦਾ ਤੋੜ ਰਿਕਾਰਡ ਮਿੱਤਰ।

**ਤੀਸ ਮਾਰ ਖਾਂ**

# ਦਿੱਲੀ ਹਾਈ ਕੋਰਟ ਨੇ ਬਾਦਲ ਦਲ ਨੂੰ ਦਿੱਲੀ ਗੁਰਦੁਆਰਾਂ ਚੋਣਾਂ ਲੜਨ ਦੀ ਪ੍ਰਵਾਨਗੀ ਦਿੱਤੀ

### * ਕਾਨੂੰਨੀ ਭੱਜ ਦੌੜ ਪਿੱਛੋਂ ਅਕਾਲੀ ਦਲ ਦਾ ਸਾਹ ਸੌਖਾ

ਨਵੀਂ ਦਿੱਲੀ, 1 ਅਪ੍ਰੈਲ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਗੁਰਦੁਆਰਾ ਚੋਣਾਂ ਬਾਰੇ ਡਾਇਰੈਕਟਰ ਵੱਲੋਂ 25 ਅਪਰੈਲ ਨੂੰ ਚੋਣਾਂ ਦੇ ਐਲਾਨ ਪਿੱਛੋਂ ਪੂਰਾ ਇੱਕ ਦਿਨ ਅਕਾਲੀ ਦਲ (ਬਾਦਲ) ਦੀ ਲੀਡਰਸ਼ਿਪ ਨੂੰ ਭਾਜੜ ਪਈ ਰਹੀ, ਪਰ ਅੱਜ ਦਿੱਲੀ ਹਾਈ ਕੋਰਟ ਦੇ ਐਲਾਨ ਨਾਲ ਉਸ ਦਾ ਸਾਹ ਸੌਖਾ ਹੋ ਗਿਆ ਹੈ।

ਵਰਨਣ ਯੋਗ ਹੈ ਕਿ ਦਿੱਲੀ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਅਤੇ ਦਿੱਲੀ ਦੇ ਗੁਰਦੁਆਰਾ ਚੋਣਾਂ ਬਾਰੇ ਡਾਇਰੈਕਟਰ ਨੇ ਵੀ ਇਹ ਕਹਿ ਦਿੱਤਾ ਸੀ ਕਿ ਦਿੱਲੀ ਦੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣਾਂ ਧਾਰਮਿਕ ਪਾਰਟੀਆਂ ਹੀ ਲੜ ਸਕਦੀਆਂ ਹਨ ਅਤੇ ਬਾਦਲ ਅਕਾਲੀ ਦਲ ਕਿਉਂਕਿ ਪਾਰਲੀਮੈਂਟ ਤੇ ਵਿਧਾਨ ਸਭਾ ਚੋਣਾਂ ਲੜਨ ਵਾਲੀ ਰਾਜਸੀ ਧਿਰ ਹੈ, ਉਹ ਗੁਰਦੁਆਰਾ ਚੋਣਾਂ ਵਿੱਚ ਸ਼ਾਮਲ ਨਹੀਂ ਹੋ ਸਕਦੀ। ਇਸ ਦੇ ਬਾਅਦ ਅਕਾਲੀ ਦਲ ਬਾਦਲ ਨੇ ਹਾਈ ਕੋਰਟ ਤੱਕ ਤੁਰੰਤ ਰਾਹਤ ਲਈ ਪਹੁੰਚ ਕੀਤੀ ਤਾਂ ਉਸ ਨੂੰ ਹਾਈ ਕੋਰਟ ਨੇਰਾਹਤ ਦੇ ਦਿੱਤੀ ਹੈ। ਹਾਈ ਕੋਰਟ ਦੇ ਹੁਕਮਾਂ ਮੁਤਾਬਕਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੀਆਂ ਚੋਣਾਂਸ਼ੋਮਣੀ ਅਕਾਲੀ ਦਲ'ਬਾਲਟੀ' ਚੋਣ ਨਿਸ਼ਾਨਨਾਲ ਲੜੇਗਾ। ਇਸ ਤੋਂ ਪਹਿਲਾਂ ਦਿੱਲੀ ਗੁਰਦੁਆਰਾ ਚੋਣਦੇ ਡਾਇਰੈਕਟਰ ਨੇ ਇਨ੍ਹਾਂ ਚੋਣਾਂ ਲਈ ਜਿਨ੍ਹਾਂ ਧਾਰਮਿਕ ਪਾਰਟੀਆਂ ਦੀ ਸੂਚੀ ਜਾਰੀ ਕੀਤੀ, ਉਨ੍ਹਾਂ ਵਿਚੋਂ ਬਾਦਲ ਦਲ ਬਾਹਰ ਕਰ ਦਿੱਤਾ ਸੀ। ਇਸ ਪਿੱਛੋਂ ਅਕਾਲੀ ਦਲ ਨੇ ਝਟਾਪਟ ਹਾਈ ਕੋਰਟ ਨੂੰ ਅਰਜ਼ੀ ਦਿੱਤੀ ਤੇ ਹਾਈ ਕੋਰਟ ਦੀ ਡਬਲ ਬੈਂਚ ਨੇ ਅਕਾਲੀ ਦਲ ਦੇ ਹੱਕਦਾ ਫੈਸਲਾ ਦੇ ਦਿੱਤਾ । ਹਾਈ ਕੋਰਟ ਦੇ ਇਸ ਫੈਸਲੇ ਮੁਤਾਬਕ ਬਾਦਲ ਅਕਾਲੀ ਦਲ ਦਿੱਲੀ ਵਿੱਚਸਿੱਖ ਗੁਰਦੁਆਰਾ ਪ੍ਰਬੰਧਕ



ਕਮੇਟੀ ਦੀਆਂ ਚੋਣਾਂ ਲੜ ਸਕੇਗਾ।

ਦਿੱਲੀ ਗੁਰਦੁਆਰਾ ਚੋਣ ਡਾਇਰੈਕਟਰ ਨੇ ਕਮੇਟੀ ਦੀਆਂ ਚੋਣਾਂ ਲਈ ਜਿਹੜੀਆਂ 6 ਹੋਰ ਧਾਰਮਿਕ ਪਾਰਟੀਆਂ ਦੀ ਸੂਚੀ ਜਾਰੀ ਕੀਤੀ ਹੈ, ਉਨ੍ਹਾ ਵਿੱਚੋਂ ਪੰਥਕ ਸੇਵਾ ਦਲ ਦਾ ਚੋਣ ਨਿਸ਼ਾਨ ਟਰੈਕਟਰ ਚਲਾਉਂਦਾ ਕਿਸਾਨ ਹੈ, ਆਮ ਅਕਾਲੀ ਦਲ ਦਾ ਨਿਸ਼ਾਨ ਬਲੈਕ ਬੋਰਡ, ਜਾਗੋ (ਜੱਗ ਆਸਰਾ ਗੁਰੂ ਓਟ) ਦਾ ਨਿਸ਼ਾਨ ਕਿਤਾਬ, ਪੰਥਕ ਅਕਾਲੀ ਦਲ ਦਾ ਨਿਸ਼ਾਨ ਮੋਮਬੱਤੀ, ਸਿੱਖ ਸਦਭਾਵਨਾ ਦਲ ਦਾ ਨਿਸ਼ਾਨ ਟੇਬਲ ਲੈਂਪ ਅਤੇ ਸਰਨਾ ਭਰਾਵਾਂ ਵਾਲੇ ਸ਼੍ਰੋਮਣੀ ਅਕਾਲੀ ਦਲ-ਦਿੱਲੀ ਦਾ ਨਿਸ਼ਾਨ ਕਾਰ ਹੈ। ਇਸ ਪਿੱਛੋਂਕੋਰਟ ਦੇ ਫੈਸਲੇ ਨਾਲ ਸੱਤਵੀਂ ਧਿਰ ਵਜੋਂ ਸ਼੍ਰੋਮਣੀ ਅਕਾਲੀ ਦਲ ਵੀ ਚੋਣਾਂ ਲੜੇਗਾ, ਜਿਸ ਦਾ ਨਿਸ਼ਾਨ ਬਾਲਟੀ ਹੋਵੇਗਾ। 25 ਅਪਰੈਲ ਨੂੰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਦੀਆਂ ਚੋਣਾਂ ਲਈ ਵੋਟਿੰਗ ਹੋਵੇਗੀ, ਜਿਸਲਈ ਅੱਜ 31 ਮਾਰਚ ਤੋਂ ਨਾਮਜ਼ਦਗੀ ਪੱਤਰ ਭਰਨ ਦਾ ਕੰਮ ਸ਼ੁਰੂ ਹੋਇਆ ਅਤੇ 7 ਅਪਰੈਲ ਤੱਕ ਜਾਰੀ ਰਹੇਗਾ, ਜਿਸ ਦੇ ਬਾਅਦ 25 ਅਪਰੈਲ ਨੂੰ ਵੋਟਾਂ ਪੈ ਕੇ 28 ਅਪੈਲ ਨੂੰ ਇਨ੍ਹਾਂ ਚੋਣਾਂ ਦੇ ਨਤੀਜੇ ਐਲਾਨੇ ਜਾਣਗੇ।

# ਗੁਰਦੁਆਰਾ ਸਿੱਖ ਸੋਸਾਇਟੀ ਡੇਟਨ, ਓਹਾਇਓ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਇਆ









ਡੇਟਨ, ਓਹਾਇਓ (ਅਮਰੀਕਾ): ਬੀਤੇ ਦਿਨੀਂ ਅਮਰੀਕਾ ਦੇ ਸੂਬੇ ਓਹਾਇਓ ਸਥਿਤ ਗੁਰਦੁਆਰਾ ਸਿੱਖ ਸੋਸਾਇਟੀ ਆਫ ਡੇਟਨ ਵਿਖੇ ਸਿੱਖ ਵਾਤਾਵਰਣ ਦਿਵਸ ਮਨਾਉਣ ਦੇ ਨਾਲ ਨਾਲ ਅਟਲਾਂਟਾ ਵਿੱਚ ਮਾਰੇ ਗਏ ਬੇਗੁਨਾਹ ਵਿਆਕਤੀਆਂ ਦੀ ਆਤਮਿਕ ਸ਼ਾਂਤੀ ਪ੍ਰਤੀ ਅਰਦਾਸ ਕੀਤੀ ਗਈ।ਸਤਵੀਂ ਪਾਤਸ਼ਾਹੀ ਗੁਰੂ ਹਰਿ ਰਾਏ ਜੀ ਦੇ ਗੁਰਤਾ ਗੱਦੀ ਦਿਵਸ ਨੂੰ ਸਿੱਖ ਵਾਤਾਵਰਣ ਦੇ ਦਿਹਾੜੇ ਵਜੋਂ ਅਮਰੀਕਾ ਅਤੇ ਸੰਸਾਰ ਭਰ ਦੇ ਗੁਰਦੁਆਰਿਆਂ ਵਿਖੇ ਮਨਾਇਆ ਜਾਂਦਾ ਹੈ। ਸਿੱਖ ਸੋਸਾਇਟੀ ਡੇਟਨ, ਓਹਾਇਓ ਗੁਰਦੁਆਰਾ ਸਾਹਿਬ ਵਿਖੇ ਵੀ ਇਸ ਦਿਹਾੜੇ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਉਂਦਿਆਂ ਹੋਇਆਂ ਅਟਲਾਂਟਾ, ਜੌਰਜੀਆ ਵਿਖੇ ਹੋਈਆਂ ਬੇਗੁਨਾਹ ਮੌਤਾਂ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮਰਨ ਵਾਲ਼ਿਆਂ ਨੂੰ ਸ਼ਰਧਾਂਜਲੀ ਵੀ ਦਿੱਤੀ ਗਈ।

ਸੰਗਤਾਂ ਵਿੱਚ ਬੱਚਿਆਂ, ਨੌਜਵਾਨਾਂ, ਅਤੇ ਬਜ਼ੁਰਗਾਂ ਦੇ ਨਾਲ ਰਿਵਰ ਸਾਈਡ ਸ਼ਹਿਰ ਦੇ ਸਾਬਕਾ ਮੇਅਰ ਬਿੱਲ ਫਲਾਉਟੀ ਨੇ ਸੰਗਤਾਂ ਦੇ ਨਾਲ ਵਾਤਾਵਰਣ ਦਿਵਸ ਤੇ ਪੌਦਾ ਲਗਾਕੇ ਆਪਣੀ ਹਾਜ਼ਰੀ ਭਰੀ। ਬੂਟਾ ਲਗਾਉਣ ਉਪਰੰਤ ਦੀਵਾਨ ਵਿੱਚ ਬੱਚਿਆਂ ਵਲੋਂ ਗੁਰਬਾਣੀ ਸ਼ਬਦ ਗੁਰੂ ਨਾਨਕ ਜੀ ਦੀ ਉਚਾਰਣ ਕੀਤੀ ਗਈ ਆਰਤੀ (ਗਗਨ ਮਹਿ ਥਾਲ) ਗਾ ਕੇ ਉਸ ਅਕਾਲ ਪੁਰਖ ਦੀ ਉਸਤਿਤ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਹੇਮ ਸਿੰਘ ਜੀ ਨੇ ਵਿਆਖਿਆ ਸਹਿਤ ਸ਼ਬਦ ਕੀਰਤਨ ਕਰਦਿਆਂ ਗੁਰੂ ਹਰਿ ਰਾਏ ਜੀ ਦੇ ਜੀਵਨ ਤੇ ਚਾਨਣ ਪਾਉਂਦਿਆਂ ਉਹਨਾ ਵੱਲੋਂ ਵਾਤਾਵਰਣ ਸੰਬੰਧੀ ਕੀਤੇ ਕਾਰਜਾਂ ਅਤੇ ਅੱਗੇ ਸੰਗਤਾਂ ਨੂੰ ਵਾਤਾਵਰਣ ਪ੍ਰਤੀ ਜਾਗ੍ਰਿਤ ਰਹਿਣ ਲਈ ਦਿੱਤੇ ਸੁਨੇਹੇ ਨੂੰ ਸੰਗਤਾਂ ਨਾਲ ਸਾਂਝਾ ਕੀਤਾ ਗਿਆ। ਸੰਗਤਾਂ ਨੂੰ ਵਾਤਾਵਰਣ ਨੂੰ ਸੰਭਾਲ਼ਣ ਦੀਆਂ ਬੇਨਤੀਆਂ ਕੀਤੀਆਂ ਗਈਆਂ। ਗੁਰੂ ਸਾਹਿਬ ਅੱਗੇ ਸਰਬ ਸ਼ਾਂਤੀ ਅਤੇ ਸਿੱਖ ਕੌਮ ਦੀ ਚੜਦੀ ਕਲਾ ਦੀ ਅਰਦਾਸ ਬੇਨਤੀ ਕੀਤੀ ਗਈ।ਮੇਅਰ ਬਿੱਲ ਫਲਾਉਟੀ ਨੇ ਵਾਤਾਵਰਣ ਨੂੰ ਬਚਾਉਣ ਪ੍ਰਤੀ ਸਿੱਖਾਂ ਦੀ ਸ਼ਲਾਘਾ ਕਰਦਿਆਂ ਦੀਵਾਨ ਹਾਲ ਵਿੱਚ ਹਾਜਿਰ ਸੰਗਤ ਦਾ ਧੰਨਵਾਦ ਕੀਤਾ ਅਤੇ ਖ਼ਾਸ ਕਰ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਲਗਾਏ ਗਏ ਬੂਟਿਆਂ ਦੀ ਛਾਂ ਜਾਂ ਫਲ ਖਾਣ ਦਾ ਆਨੰਦ ਮੈਂ ਜਾਂ ਮੇਰੀ ਉਮਰ ਦੇ ਤੁਹਾਡੇ ਮਾਪੇ ਬੇਸ਼ੱਕ ਨਹੀਂ ਲੈ ਸਕਦੇ ਪਰ ਤੁਹਾਡੇ ਲਈ ਇਹ ਭਵਿੱਖ ਵਿੱਚ ਇੱਕ ਚਾਨਣ ਮੁਨ-ਾਰਾ ਸਾਬਿਤ ਹੋਵੇਗਾ ਜਿਸਦੇ ਲਈ ਤੁਹਾਨੂੰ ਸਾਡੇ ਰਿਣੀ ਹੋਣਾ ਚਾਹੀਦਾ ਹੈ। ਉਹਨਾਂ ਸਿੱਖਾਂ ਦਾ ਇਹਨਾਂ ਉਪਰਾਲਿਆਂ ਲਈ ਧੰਨਵਾਦ ਕੀਤਾ।ਆਖਿਰ ਵਿੱਚ ਸੇਵਾਦਾਰ ਕਮੇਟੀ ਵੱਲੋਂ ਮੇਅਰ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਵਰਤਾਏ ਗਏ।

## ਨਿਉਜਰਸੀ ਨੇ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ "ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ" ਵਜੋਂ ਐਲਾਨਿਆ



ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ): ਨਿਉ ਜਰਸੀ ਸੈਨੇਟ ਦੇ ਪ੍ਰੈਸੀਡੈਂਟ ਸਟੀਵ ਸਵੀਨੀ ਅਤੇ ਅਸੈਂਬਲੀ ਦੇ ਸਪੀਕਰ ਕ੍ਰੈਗ ਕੌਗਲਿਨ ਨੇ ਅੱਜ ਈਸਟ ਕੋਸਟ ਸਿੱਖ ਕੋਆਰਡੀਨੇਸ਼ਨ ਕਮੇਟੀ ਅਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਦਿਵਸ ਨੂੰ "ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ" ਵਜੋਂ ਮਾਨਤਾ ਦੇਣ ਵਾਲੇ ਮਤੇ ਨਾਲ ਸਨਮਾਨਿਤ ਕੀਤਾ। ਸਾਰਿਆਂ ਲਈ ਧਾਰਮਿਕ ਆਜ਼ਾਦੀ ਦੇ ਮੋਹਰੀ , ਗੁਰੂ ਤੇਗ ਬਹਾਦਰ ਜੀ ਨੇ

ਮੁਗਲ ਸਮਰਾਟ ਔਰੰਗਜ਼ੇਬ ਦਾ ਹਿੰਦੂਆਂ ਦੇ ਜ਼ਬਰਦਸਤੀ ਧਾਰਮਿਕ ਧਰਮ ਪਰਿਵਰਤਨ ਦੇ ਵਿਰੁੱਧ ਮੁਕਾ-ਬਲਾ ਕੀਤਾ, ਜਿਸ ਕੰਮ ਲਈ 1675 ਵਿਚ ਓਹਨਾ ਦਾ ਜਨਤਕ ਤੌਰ ਉਤੇ ਦਿੱਲੀ ਵਿਚ ਸੀਸ ਕਲਮ ਕੀਤਾ ਗਿਆ ਸੀ।ਸੈਨੇਟ ਦੇ ਪ੍ਰੈਸੀਡੈਂਟ ਸਵੀਨੀ ਨੇ ਕਿਹਾ, "ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਲਈ ਆਪਣੀ ਜਾਨ ਕੁਰਬਾਨ ਕਰਨ ਤੋਂ ਵੱਧ ਹੋਰ ਕੋਈ ਦਲੇਰੀ ਨਹੀਂ ਹੈ। ਅਸੀਂ ਗੁਰੂ ਤੇਗ ਬਹਾਦਰ ਜੀ ਦਾ ਸਨਮਾਨ ਕਰਦੇ ਹੋਏ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਆਜ਼ਾਦੀ ਦਿਵਸ ਨੂੰ ਮਾਨਤਾ ਦਿੰਦੇ ਹਾਂ।ਸਿੱਖ ਕੌਮ ਨਿਉ ਜਰਸੀ ਦੀ ਵਿਭਿੰਨ ਅਬਾਦੀ ਦਾ ਇਕ ਮਹੱਤਵਪੂਰਣ ਹਿੱਸਾ ਹੈ ਜੋ ਸਾਡੇ ਰਾਜ ਵਿਚ ਬਹੁਤ ਵੱਡਾ ਯੋਗਦਾਨ ਪਾਉਂਦੀ ਹੈ." ਗੁਰੂ ਤੇਗ ਬਹਾਦਰ, ਇੱਕ ਅਧਿਆਤਮਕ , ਧਾਰਮਿਕ, ਤੇਗ ਦੇ ਧਨੀ ਸਨ। ਉਹਨਾਂ ਦੀ ਮੱਨੁਖਤਾ ਲਈ ਕੁਰਬਾਨੀ 'ਸ੍ਰਿਸ਼ਟੀ ਦੀ ਚਾਦਰ' ਵਜੋਂ ਜਾਣੀ ਜਾਂਦੀ ਹੈ "ਪ੍ਰਗਟ ਭਏ ਗੁਰੂ ਤੇਗ ਬਹਾਦਰ। ਸਗਲ

ਸ੍ਰਿਸ਼ਟੀ ਪੇ ਢਾਪੀ ਚਾਦਰ । "ਅੱਜ ਦਾ ਦਿਨ ਸਿੱਖ ਕੌਮ ਲਈ ਬਹੁਤ ਹੀ ਮਾਣ ਵਾਲਾ ਦਿਨ ਹੈ। ਨਿਉ ਜਰਸੀ ਦੇ ਸਾਰੇ ਸਿੱਖਾਂ ਦੀ ਤਰਫੋਂ, ਨਿਉ ਜਰਸੀ ਵਿਧਾਨ ਸਭਾ ਦੇ ਇਸ ਕਾਰਜ ਦੀ ਦਿਲੋਂ ਸ਼ਲਾਘਾ ਕਰਦੇ ਹਾਂ ਅਤੇ ਵਿਸ਼ੇਸ਼ ਤੌਰ ਉਤੇ ਸੈਨੇਟ ਦੇ ਪ੍ਰੈਸੀਡੈਂਟ ਸਟੀਵ ਸਵੀਨੀ ਅਤੇ ਸਪੀਕਰ ਕ੍ਰੈਗ ਕੌਗਲਿਨ ਦਾ ਇਸ ਇਤਿਹਾਸਕ ਅਵਸਰ ਉਤੇ ਇਸ ਵਿਸ਼ੇਸ਼ ਮਾਨਤਾ ਲਈ ਧੰਨਵਾਦ ਕੀਤਾ ਗਿਆ " ਹਰਜਿੰਦਰ ਸਿੰਘ ਨੇ ਕਿਹਾ ਨਿਉ ਜਰਸੀ ਦੇਸ਼ ਦਾ ਸਭ ਤੋਂ ਵਿਭਿੰਨ ਰਾਜ ਹੈ ਅਤੇ ਸਿੱਖ ਕੌਮ ਆਪਣੇ ਬਹੁਸਭਿਆਚਾਰਕ ਤਾਣੇ ਦਾ ਅਨਿੱਖੜਵਾਂ ਅੰਗ ਹੋਣ ਤੇ ਮਾਣ ਮਹਿਸੂਸ ਕਰ ਰਹੀ ਹੈ ।ਨਿਉ ਜਰਸੀ ਨੇ ਕਈ ਮਹੱਤਵਪੂਰਨ ਕਾਨੂੰਨ ਪਾਸ ਕੀਤੇ ਜੋ ਕਿ ਹੁਣ ਇਸ ਧਰਤੀ ਦੇ ਕਾਨੂੰਨ ਹਨ: 14 ਅਪ੍ਰੈਲ ਨੂੰ "ਸਿੱਖ ਦਿਵਸ" ਵਜੋਂ; ਅਪ੍ਰੈਲ ਦਾ ਮਹੀਨਾ "ਸਿੱਖ ਜਾਗਰੂਕਤਾ ਅਤੇ ਪ੍ਰਸੰਸਾ ਮਹੀਨਾ" ਵਜੋਂ ਸਿੱਖਾਂ ਦੇ ਵੱਧ ਰਹੇ ਪ੍ਰਭਾਵ ਨੂੰ ਦਰਸਾਉਂਦਾ ਹੈ। ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਸੁਤੰਤਰਤਾ ਦਿਵਸ ਅਤੇ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਪ੍ਰਕਾਸ਼ ਦਿਵਸ 18 ਅਪ੍ਰੈਲ, 2021 ਨੂੰ ਮਨਾਇਆ ਜਾਵੇਗਾ.ਇਹ ਕਾਰਜ ਭਾਈ ਹਰਜਿੰਦਰ ਸਿੰਘ ਦੇ ਤਿੱਖੇ ਯਤਨਾਂ ਸਦਕਾ ਸੰਭਵ ਹੋਇਆ ਸੀ; ਭਾਈ ਜਗਰਾਜ ਸਿੰਘ ਗਰੇਵਾਲ, ਮੈਂਬਰ-ਐਸ.ਸੀ.ਸੀ.ਈ.ਸੀ. ਭਾਈ ਹਿੰਮਤ ਸਿੰਘ, ਕੋਆਰਡੀਨੇਟਰ-ਐਸ ਸੀ ਸੀ ਈ ਸੀ; ਭਾਈ ਹਰਜਿੰਦਰ ਸਿੰਘ ਕੇਹਲ, ਮੈਂਬਰ-ਐਨ ਜੇ ਸਿੱਖ ਕਮੇਟੀ; ਭਾਈ ਰਾਜਬਿੰਦਰ ਸਿੰਘ ਬਦੇਸ਼ਾ, ਮੈਂਬਰ-ਐਨ ਜੇ ਸਿੱਖ ਕਮੇਟੀ; ਭਾਈ ਸਤਨਾਮ ਸਿੰਘ ਵਿਰਕ, ਮੈਂਬਰ-ਮੈਂਬਰ-ਐਨ ਜੇ ਸਿੱਖ ਕਮੇਟੀ ਅਤੇ ਯਾਦਵਿੰਦਰ ਸਿੰਘ, ਮੈਂਬਰ- ਐਨ ਜੇ ਸਿੱਖ ਕਮੇਟੀ ਵੱਲੋਂ ਨਿਊ ਜਰਸੀ ਸਟੇਟ ਦਾ ਇਸ ਬਿੱਲ ਨੂੰ ਪਾਸ ਕਰਣ ਵਾਸਤੇ ਧੰਨਵਾਦ ਕੀਤਾ ਗਿਆ ਅਤੇ ਸਿੱਖ ਜਗਤ ਨੂੰ ਵਧਾਈਆਂ ਦਿੱਤੀਆਂ.।












# ਸੰਪਾਦਕੀ

## ਕੁੱਝ ਡਾਕਟਰਾਂ ਦੀ ਸਥਿਤੀ -ਲੁਕਮਾਨ ਦੀ ਦੁਹਾਈ

ਫੈਡਰਲ ਕੋਰਟ ਦੇ ਜੱਜ ਜਸਟਿਸ ਐਨ ਮੇਰੀ ਮੈਕਡੋਨਲਡ ਨੇ ਬੀਤੇ ਹਫ਼ਤੇ ਆਰ ਸੀ ਐਮ ਪੀ ਦੇ ਵਿਰੁੱਧ ਕਲਾਸ ਐਕਸ਼ਨ ਮੁਕੱਦਮਾ ਚਲਾਉਣ ਦੀ ਆਗਿਆ ਦਿੱਤੀ ਸੀ। ਅਦਾਲਤ ਵਿੱਚ ਦੋਸ਼ ਲਾਏ ਗਏ ਹਨ ਕਿ ਆਰ ਸੀ ਐਮ ਪੀ ਦੇ ਡਾਕਟਰ ਮੁਲਾਜ਼ਮਾਂ ਜਾਂ ਭਰਤੀ ਹੋਣ ਦੇ ਚਾਹਵਾਨ ਵਿਅਕਤੀਆਂ ਦਾ ਡਾਕਟਰੀ ਮੁਆਇਨਾ ਕਰਨ ਦੀ ਪ੍ਰਕਿਰਿਆ ਦਾ ਲਾਭ ਉਠਾ ਕੇ ਸੈਕਸੁਅਲ ਸੋਸ਼ਣ ਕਰਦੇ ਰਹੇ ਹਨ। ਇਸ ਕਲਾਸ ਐਕਸ਼ਨ ਮੁੱਕਦਮੇ ਨੂੰ ਸਾਹਮਣੇ ਲਿਆਉਣ ਵਾਲੀ ਰਿਟਰਾਇਰ ਹੋ ਚੁੱਕੀ ਅਫ਼ਸਰ ਸਿਲਵੀ ਕੋਰੀਵੂ (Sylvie Corriveau) ਹੈ। ਸਿਲਵੀ ਅਨੁਸਾਰ ਉਹ ਕਈ ਸਾਲਾਂ ਤੋਂ ਆਰ ਸੀ ਐਮ ਪੀ ਦੇ ਡਾਕਟਰਾਂ ਦੇ ਵਤੀਰੇ ਵਿਰੁੱਧ ਆਵਾਜ਼ ਚੁੱਕਣ ਦੀ ਕੋਸ਼ਿਸ਼ ਕਰਦੀ ਰਹੀ ਹੈ ਪਰ ਆਰ ਸੀ ਐਮ ਪੀ ਦਾ ਜੱਥੇਬੰਦਕ ਢਾਂਚਾ ਅਜਿਹਾ ਹੈ ਕਿ ਉਸਨੂੰ ਕੋਈ ਰਾਹ ਨਹੀਂ ਮਿਲਿਆ ਜਿਸ ਨੂੰ ਅਪਣਾ ਕੇ ਉਹ ਇਨਸਾਫ਼ ਲਈ ਗੁਹਾਰ ਕਰ ਸਕਦੀ। ਸਿਲਵੀ ਦਾ ਦੋਸ਼ ਹੈ ਕਿ 1989 ਵਿੱਚ ਜਦੋਂ ਉਹ 19 ਕੁ ਸਾਲਾਂ ਦੀ ਮੁਟਿਆਰ ਸੀ ਤਾਂ ਭਰਤੀ ਹੋਣ ਵੇਲੇ ਮੁਆਇਨਾ ਕਰਨ ਵਾਲੇ ਡਾਕਟਰ ਨੇ ਉਸਦਾ ਸੋਸ਼ਣ ਕੀਤਾ ਸੀ। ਪਿੱਛੇ ਜਿਹੇ 30 ਔਰਤਾਂ ਦੇ ਨਾਮ ਸਾਹਮਣੇ ਆਏ ਸਨ ਜਿਹਨਾਂ ਨੇ ਆਰ ਸੀ ਐਮ ਪੀ ਡਾਕਟਰਾਂ ਹੱਥੋਂ ਸ਼ੋਸ਼ਣ ਕੀਤੇ ਜਾਣ ਦੇ ਦੋਸ਼ ਲਾਏ ਸਨ।

ਕੱਲ੍ਹ ਉਂਟੇਰੀਓ ਦੇ ਡਾਕਟਰ ਬਰਾਇਨ ਨੈਡਲਰ ਉੱਤੇ ਪੁਲੀਸ ਨੇ ਫਸਟ ਡਿਗਰੀ ਕਤਲ ਦੇ ਚਾਰਜ ਲਾਏ ਹਨ ਕਿਉਂਕਿ ਉਸ ਉੱਤੇ ਇੱਕ 89 ਸਾਲਾ ਕੋਵਿਡ 19 ਦੇ ਮਰੀਜ਼ ਨੂੰ ਗਲਤ ਦਵਾਈ ਦੇਣ ਦੇ ਦੋਸ਼ ਹਨ। ਮਰੀਜ਼ ਅਲਬਰਟ ਪੋਇਡਿੰਗਰ ਦੀ ਮੌਤ ਹੋ ਗਈ ਹੈ। ਇਹ ਘਟਨਾ Hawkesbury and District General Hospital ਵਿੱਚ ਵਾਪਰੀ। ਇਹ ਖ਼ਬਰਾਂ ਵੀ ਮਿਲ ਰਹੀਆਂ ਹਨ ਕਿ ਇਸ ਹਸਪਤਾਲ ਵਿੱਚ 5 ਹੋਰ ਕੋਵਿਡ 19 ਦੇ ਮਰੀਜ਼ਾਂ ਦੀਆਂ 17 ਮਾਰਚ ਤੋਂ 25 ਮਾਰਚ ਦੇ ਦਰਮਿਆਨ ਸ਼ੱਕੀ ਹਾਲਾਤਾਂ ਵਿੱਚ ਮੌਤਾਂ ਹੋ ਚੁੱਕੀਆਂ ਹਨ।

ਇਹ ਕੁੱਝ ਮਿਸਾਲਾਂ ਇਸ ਲਈ ਦਿੱਤੀਆਂ ਹਨ ਕਿ ਰੱਬ ਦਾ ਰੂਪ ਖਿਆਲੇ ਜਾਣ ਵਾਲੇ ਡਾਕਟਰਾਂ ਵਿੱਚ ਅਜਿਹੇ ਲੋਕ ਵੀ ਮੌਜੂਦ ਹਨ ਜਿਹੜੇ ਦੇਵਤਾਪਣ ਛੱਡ ਖਲਨਾਇਕ ਬਣ ਸਕਦੇ ਹਨ। ਕਿੰਨੇ ਹੀ ਲੜਕੇ ਲੜਕੀਆਂ ਪਰਮਾਨੈਂਟ ਰੈਜ਼ੀਡੈਂਟ ਜਾਂ ਸਟੱਡੀ ਪਰਮਿਟ ਲਈ ਪ੍ਰਾਪਤ ਕਰਨ ਲਈ ਨਿਰਧਾਰਤ ਡਾਕਟਰਾਂ ਕੋਲੋਂ ਮੈਡੀਕਲ ਕਰਵਾਉਂਦੇ ਹਨ। ਇਹੋ ਜਿਹੀ ਸਥਿਤੀ ਵਿੱਚ ਡਾਕਟਰ ਦੀ ਅਥਾਰਟੀ ਅਤੇ ਮੁਆਇਨਾ ਕਰਵਾਉਣ ਵਾਲੇ ਦੀ ਨਾਜ਼ੁਕਤਾ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ ਹੈ।

ਬੱਚਿਆਂ ਦੇ ਕੇਸ ਵਿੱਚ ਤਾਂ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ ਕਿਉਂਕਿ ਬਹੁਤੀ ਵਾਰ ਬੱਚੇ ਨੂੰ ਤਾਂ ਇਹ ਵੀ ਪਤਾ ਹੀ ਨਹੀਂ ਚੱਲਦਾ ਕਿ ਉਸ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ। ਪਰ ਕਿਸੇ ਡਾਕਟਰ ਦੇ ਮਾੜੇ ਵਰਤਾਅ ਦੇ ਨਤੀਜੇ ਵਜੋਂ ਬੱਚੇ ਨੂੰ ਉਮਰ ਭਰ ਮਨੋਰੋਗ ਦਾ ਸੰਤਾਪ ਹੰਢਾਉਣਾ ਪੈ ਸਕਦਾ ਹੈ। ਮਰੀਜਾਂ ਨਾਲ ਸੈਕਸੁਅਲ ਦੁਰਵਿਹਾਰ ਕਰਨ ਵਾਲੇ ਡਾਕਟਰਾਂ ਉੱਤੇ ਕ੍ਰਿਮੀਨਲ ਕੇਸ ਚੱਲ ਸਕਦਾ ਹੈ, ਉਹਨਾਂ ਨੂੰ ਪ੍ਰੈਕਟਿਸ ਕਰਨ ਤੋਂ ਮਨਾਹੀ ਹੋ ਸਕਦੀ ਹੈ ਜਾਂ ਲਾਇੰਸਸ ਰੱਦ ਹੋ ਸਕਦਾ ਹੈ ਪਰ ਡਾਕਟਰਾਂ ਵਿਰੁੱਧ ਕੇਸ ਨੂੰ ਸਹੀ ਸਾਬਤ ਕਰਨਾ ਸੌਖਾ ਕੰਮ ਨਹੀਂ ਹੈ। ਇਸਦੀ ਇੱਕ ਮਿਸਾਲ ਟੋਰਾਂਟੋ ਦੇ ਮਾਊਂਟ ਸਿਨਾਈ ਹਸਪਤਾਲ ਦਾ ਡਾਕਟਰ ਐਲਨ ਗੌਰਡਨ ਹੈ ਜਿਸ ਵਿਰੁੱਧ ਇੱਕ 32 ਕੁ ਸਾਲਾ ਵਕੀਲ ਸਮੇਤ 32 ਔਰਤਾਂ ਨੇ 2019 ਵਿੱਚ ਸੈਕਸੁਅਲ ਦੁਰਵਿਹਾਰ ਦੀਆਂ ਸ਼ਕਾਇਤਾਂ ਦਰਜ਼ ਕੀਤੀਆਂ ਸਨ। ਹੈਰਾਨੀ ਦੀ ਗੱਲ ਹੈ ਕਿ ਕਾਲਜ ਆਫ ਫਿਜ਼ੀਸ਼ੀਅਨ ਨੇ ਇਸ ਬਦਨਾਮ ਡਾਕਟਰ ਨੂੰ ਚੁੱਪ ਚੁਪੀਤੇ ਰਿਟਾਇਰ ਕਰਨ ਦੇ ਹੁਕਮ ਦੇ ਕੇ ਇਹਨਾਂ ਔਰਤਾਂ ਨੂੰ ਜਲੀਲ ਕਰਨ ਤੋਂ ਵੱਧ ਕੁੱਝ ਨਹੀਂ ਕੀਤਾ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਡਾਕਟਰਾਂ ਵਿਰੁੱਧ ਸਾਲਾਨਾ 1000 ਸ਼ਕਾਇਤਾਂ ਦਰਜ਼ ਹੁੰਦੀਆਂ ਹਨ। ਜੇ ਸਾਲ 2018 ਨੂੰ ਉਦਾਹਰਣ ਵਜੋਂ ਲਿਆ ਜਾਵੇ ਤਾਂ ਉਸ ਸਾਲ ਸਿਰਫ਼ ਇੱਕ ਸ਼ਿਕਾਇਤ ਬਾਬਤ ਰਸਮੀ ਜਾਂਚ ਪੜਤਾਲ ਕੀਤੀ ਗਈ ਸੀ।

ਸੈਕਸੁਆਲ ਦੁਰਵਿਹਾਰ ਦੇ ਪੀੜਤ ਵਿਅਕਤੀ ਉੱਤੇ ਜੀਵਨਕਾਲ ਲਈ ਮਾੜੇ ਪ੍ਰਭਾਵ ਪੈ ਸਕਦੇ ਹਨ ਖਾਸਕਰਕੇ ਜਦੋਂ ਅਜਿਹਾ ਕੁਕਰਮ ਕਿਸੇ ਅਥਾਰਟੀ ਰੱਖਣ ਵਾਲੇ ਡਾਕਟਰ ਦੁਆਰਾ ਅਜਿਹਾ ਕੀਤਾ ਜਾਵੇ। ਇਸ ਨਾਲ ਮਰੀਜ਼ ਦਾ ਮਨੋਬਲ ਹੀ ਨਹੀਂ ਡਿੱਗਦਾ ਸਗੋਂ ਉਹਨਾਂ ਦੀ ਜੀਵਨ ਨਾਲ ਨਿਪਟਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਬੇਸ਼ੱਕ ਡਾਕਟਰਾਂ ਦੇ ਪ੍ਰੋਫੈਸ਼ਨ ਨੂੰ ਕੰਟਰੋਲ ਕਰਨ ਲਈ ਜ਼ੁੰਮੇਵਾਰ ਸੰਸਥਾਵਾਂ ਜਿਵੇਂ ਕਿ ਆਰ ਸੀ ਐਮ ਪੀ, ਮਿਲਟਰੀ ਜਾਂ ਸਰਕਾਰ ਦੇ ਉੱਚ ਅਧਿਕਾਰੀ, ਪ੍ਰੋਵਿੰਸ਼ੀਅਲ ਰੈਗੂਲੇਟਰੀ ਸੰਸਥਾਵਾਂ ਜਿਵੇਂ ਕਿ College of Physicians and Surgeons of Ontario (CPSO) ਆਦਿ ਨੇ ਕਰੜੇ ਨੇਮ ਬਣਾਏ ਹੁੰਦੇ ਹਨ ਪਰ ਨੇਮਾਂ ਨੂੰ ਦਿਆਨਤਦਾਰੀ ਅਤੇ ਗੰਭੀਰਤਾ ਨਾਲ ਲਾਗੂ ਕਰਨ ਤੋਂ ਬਿਨਾ ਸੁਧਾਰ ਕਿਵੇਂ ਸੰਭਵ ਹੋ ਸਕਦੇ ਹਨ।

## ਪੰਜਾਬੀ ਯੂਨੀਵਰਸਿਟੀ ਦੇ ਹਾਲਾਤ ਹੋਰ ਵੀ ਵਿਗੜੇ, ਵਾਈਸ ਚਾਂਸਲਰ ਪੁਲਸ ਨਾਲ ਯੂਨੀਵਰਸਿਟੀ ਪਹੁੰਚੀ

...ਪੰਨਾ 1 ਦਾ ਬਾਕੀ

ਕਾਰਜਕਾਰੀ ਵਾਈਸ ਚਾਂਸਲਰ ਰਵਨੀਤ ਕੌਰ ਵੀਰਵਾਰ ਦੁਪਹਿਰ ਬਾਅਦ ਕੈਂਪਸ ਪਹੁੰਚੀ ਤਾਂ ਸਖਤ ਤਨਾਅ ਦੌਰਾਨ ਪਟਿਆਲਾ ਦੇ ਡਿਪਟੀ ਕਮਿਸ਼ਨਰ ਅਤੇ ਜ਼ਿਲਾ ਪੁਲਸ ਦੇ ਮੁਖੀ ਉਸ ਦੇ ਨਾਲ ਸਨ। ਸੰਘਰਸ਼ ਕਰਦੇ ਟੀਚਰ ਅਤੇ ਵਿਦਿਆਰਥੀ ਇਸ ਮੌਕੇਯੂਨੀਵਰਸਿਟੀ ਵਿਚ ਪੁਲਸ ਵੜਨਤੋਂ ਹੈਰਾਨ ਹੋ ਗਏ। ਵਾਈਸ ਚਾਂਸਲਰਨੇ ਕੁਝ ਸਮਾਂ ਇਨ੍ਹਾਂ ਦੋ ਜ਼ਿਲਾ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਸ਼ਾਮ ਪੰਜ ਵਜੇ ਇਕ ਸਰਕੂਲਰ ਜਾਰੀ ਕਰ ਕੇ ਲਾਅ ਵਿਭਾਗ ਦੇ ਮੁਖੀ ਡਾ. ਵਰਿੰਦਰ ਕੌਸ਼ਿਕ ਨੂੰ ਰਜਿਸਟਰਾਰ ਦਾ ਵਾਧੂ ਚਾਰਜ ਦੇਦਿੱਤਾ। ਡਾ. ਕੌਸ਼ਿਕ ਇਕ ਸਾਲ ਲਈ ਰਜਿਸਟਰਾਰ ਬਣਾਏ ਗਏ ਹਨ, ਪਰ ਇਸ ਨਿਯੁਕਤੀਦਾ ਪੰਜਾਬੀ ਯੂਨੀਵਸਿਟੀ ਟੀਚਰਜ਼ ਐਸੋਸੀਏਸ਼ (ਪੂਟਾ) ਨੇ ਵਿਰੋਧ ਸ਼ੁਰੂ ਕਰ ਦਿੱਤਾਤੇ ਵਿਦਿਆਰਥੀਆਂ ਨੇ ਕੈਂਪਸ ਵਿਚ ਪੁਲਿਸ ਦੇ ਦਾਖਲੇ ਵਿਰੁੱਧ ਨਾਅਰੇਬਾਜ਼ੀ ਕੀਤੀ ਹੈ।

ਪੰਜਾਬੀ ਯੂਨੀਵਸਿਟੀ ਟੀਚਰਜ਼ ਐਸੋਸੀਏਸ਼ (ਪੂਟਾ) ਦੇ ਪ੍ਰਧਾਨ ਡਾ. ਨਿਸ਼ਾਨ ਸਿੰਘ ਨੇ ਕਿਹਾ ਕਿ ਰਜਿਸਟਰਾਰ ਦੇ ਅਹੁਦੇ ਉੱਤੇਨਿਯੁਕਤੀ ਦਾ ਵਿਰੋਧ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਵਾਈਸ ਚਾਂਸਲਰ ਕਈ ਦਿਨਾਂ ਬਾਅਦ ਕੈਂਪਸ ਆਈ ਤਾਂ ਉਨ੍ਹਾਂ ਨੇ ਮੀਟਿੰਗ ਐਸੋਸੀਏਸ਼ਨ ਨਾਲ ਕੋਈ ਮੀਟਿੰਗ ਨਹੀਂ ਕੀਤੀ। ਡੈਮੋਕਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ ਨੇ ਯੂਨੀਵਰਸਿਟੀ ਕੈਂਪਸ ਵਿਚ ਪੁਲਿਸ ਦਾਖਲੇ ਦੇ ਵਿਰੋਧ ਵਿੱਚਵਾਈਸ ਚਾਂਸਲਰ ਦੇ ਦਫਤਰ ਮੂਹਰੇ ਪੋਸਟਰ ਫੜ ਕੇ ਰੋਸ ਜ਼ਾਹਰ ਕੀਤਾ ਤੇ ਕਿਹਾ ਕਿ ਯੂਨੀਵਰਸਿਟੀ ਵਿਚ ਪੁਲਿਸ ਦਾਖਲਾ ਜਾਇਜ਼ ਨਹੀਂ।

## ਵਲਾਦੀਮੀਰ ਪੂਤਿਨ ਨੂੰ 2 ਵਾਰ ਹੋਰ ਰਾਸ਼ਟਰਪਤੀ ਬਣਨ ਲਈ ਮੌਕਾ ਦੇ ਦਿੱਤਾ ਗਿਆ

...ਪੰਨਾ 1 ਦਾ ਬਾਕੀ

ਇਸ ਬਿੱਲ ਦੇ ਕਾਨੂੰਨ ਬਣਨ ਨਾਲ ਪੁਤਿਨ ਦੇ 2036 ਤੱਕ ਰਾਸ਼ਟਰਪਤੀ ਬਣੇ ਰਹਿਣ ਦਾ ਰਾਹ ਸਾਫ ਹੋ ਜਾਵੇਗਾ। ਇਸ ਪਿੱਛੋਂਇੱਕੋ ਬਦਲ ਰਹੇਗਾ ਕਿ ਉਹ ਆਪਣੀ ਮਰਜ਼ੀ ਨਾਲ ਅਹੁਦਾ ਛੱਡ ਸਕਦੇ ਹਨ। ਪੁਤਿਨ (68 ਸਾਲ) ਦਾ ਚੌਥਾ ਕਾਰਜਕਾਲ 2024 ਵਿੱਚ ਪੂਰਾ ਹੋਣਾ ਹੈ, ਪਰ ਸੰਵਿਧਾਨਕ ਬਦਲਾਅ ਨਾਲ ਉਹ 6 ਸਾਲ ਦੇ ਦੋ ਹੋਰ ਕਾਰਜਕਾਲ ਰਾਸ਼ਟਰਪਤੀ ਬਣੇ ਰਹਿ ਸਕਦੇ ਹਨ। ਵਲਾਦੀਮੀਰ ਪੁਤਿਨ ਸਾਲ 2000 ਤੋਂ ਰੂਸ ਦੀ ਸੱਤਾਦੇ ਸਿਖਰ ਉੱਤੇ ਹਨ। ਇਸ ਤੋਂ ਇਲਾਵਾ ਪਿਛਲੇ ਦਸੰਬਰ ਵਿੱਚਰੂਸ ਦੇ ਸੰਵਿਧਾਨਵਿੱਚ ਨਵੀਂ ਸੋਧ ਪਾਸ ਕੀਤੀ ਗਈ, ਜਿਸ ਨਾਲਰੂਸੀ ਰਾਸ਼ਟਰਪਤੀ ਵਲਾਦੀਮਿਰ ਪੁਤਿਨ ਅਤੇ ਉਨ੍ਹਾਂ ਦੇ ਪਰਿਵਾਰ ਦੇ ਅਹੁਦੇ ਤੋਂ ਹਟਣ ਤੋਂ ਬਾਅਦ ਵੀ ਅਪਰਾਧਿਕ ਕੇਸਦਰਜ ਨਹੀਂ ਦਰਜ ਹੋ ਸਕੇਗਾ ਅਤੇ ਸਾਬਕਾ ਰੂਸੀ ਰਾਸ਼ਟਰਪਤੀਆਂ ਨੂੰ ਕਿਸੇ ਵੀ ਅਪਰਾਧ ਦੇ ਲਈ ਸਾਰੀ ਉਮਰ ਦੀ ਛੋਟ ਦਿੱਤੀ ਜਾਵੇਗੀ ਅਤੇ ਉਹ ਪੁਲਸ ਦੀ ਪੁੱਛਗਿੱਛ ਤੋਂ ਬਚੇ ਰਹਿਣਗੇ। ਅਹੁਦਾ ਛੱਡਣ ਤੋਂ ਬਾਅਦ ਉਨ੍ਹਾਂ ਨੂੰ ਉਮਰ ਭਰ ਪਾਰਲੀਮੈਂਟ ਦੇ ਉਤਲੇ ਹਾਊਸਵਿੱਚ ਸੈਨੇਟਰ ਬਣਨ ਦੀ ਖੁੱਲ੍ਹ ਹੋਵੇਗੀ।

## ਗੁਰਦੁਆਰਾ ਬਾਉਲੀ ਸਾਹਿਬ ਦੇ ਹੈਡ ਰਾਗੀ ਵੱਲੋਂ ਖੁਦਕੁਸ਼ੀ

ਫਤਿਆਬਾਦ (ਤਰਨ ਤਾਰਨ), 1 ਅਪ੍ਰੈਲ (ਪੋਸਟ ਬਿਊਰੋ)- ਗੋਇੰਦ-ਵਾਲ ਸਾਹਿਬ ਵਿੱਚ ਇਤਿਹਾਸਕ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿੱਚ ਦੇ ਹੈਡ ਰਾਗੀ ਨੌਜਵਾਨ ਨੇ ਬਿਆਸ ਦਰਿਆ ਵਿੱਚ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦੀ ਲਾਸ਼ ਦਰਿਆ ਦੇ ਪੱਤਣ ਤੋਂ ਮਿਲੀ ਹੈ, ਜਿਸ ਬਾਰੇ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਹਰਿੰਦਰ ਸਿੰਘ (32) ਪੁੱਤਰ ਗੁਰਮੁਖ ਸਿੰਘ ਵਾਸੀ ਕੋਟ ਖਾਲਸਾ ਅੰਮ੍ਰਿਤਸਰ ਕਰੀਬ ਅੱਠ-ਦਸ ਸਾਲ ਤੋਂ ਗੁਰਦੁ-ਆਰਾ ਬਾਉਲੀ ਸਾਹਿਬ ਵਿਖੇ ਹੈਡ ਰਾਗੀ ਦੀ ਸੇਵਾ ਨਿਭਾ ਰਿਹਾ ਸੀ। ਕਰੀਬ ਦੋ ਸਾਲ ਪਹਿਲਾਂ ਉਸ ਦਾ ਵਿਆਹ ਹੋਇਆ ਸੀ ਤੇ ਉਹ ਆਪਣੀ ਪਤਨੀ ਨਾਲ ਗੁਰਦੁਆਰਾ ਬਾਉਲੀ ਸਾਹਿਬ ਦੇ ਕੁਆਰਟਰਾਂ ਵਿੱਚ ਰਹਿੰਦਾ ਸੀ। ਹਰਿੰਦਰਸਿੰਘ ਦੇ ਘਰ ਕੁਝ ਦਿਨ ਪਹਿਲਾਂ ਪੁੱਤਰ ਨੇ ਜਨਮ ਲਿਆ ਸੀ। ਬੀਤੇ ਦਿਨੀਂ ਜਦੋਂ ਹਰਿੰਦਰ ਸਿੰਘ ਡਿਊਟੀ ਉੱਤੇ ਨਹੀਂ ਪਹੁੰਚਿਆ ਤਾਂ ਉਸ ਦੇ ਸਾਥੀਆਂ ਤੇ ਰਿਸ਼ਤੇਦਾਰਾਂ ਨੇ ਭਾਲ ਸ਼ੁਰੂ ਕੀਤੀ ਤਾਂ ਉਸ ਦਾ ਮੋਟਰ ਸਾਈਕਲ ਬਿਆਸ ਦਰਿਆ ਸ੍ਰੀ ਗੋਇੰਦਵਾਲ ਸਾਹਿਬ ਦੇ ਪੁਲ ਉਪਰੋਂ ਮਿਲਿਆ ਸੀ ਤੇ ਕਰੀਬ ਤਿੰਨ ਦਿਨਾਂ ਬਾਅਦ ਉਸ ਦੀ ਲਾਸ਼ ਬਿਆਸ ਦਰਿਆ ਦੇ ਪੱਤਣ ਤੋਂ ਮਿਲੀ।ਇਸ ਦਾ ਪਤਾ ਲੱਗਣ ਉੱਤੇ ਥਾਣਾ ਤਲਵੰਡੀ ਚੌਧਰੀਆਂ ਦੇ ਏ ਐਸ ਆਈ ਹਰਵੰਤ ਸਿੰਘ ਮੌਕੇ ਉੱਤੇ ਪਹੁੰਚੇ। ਉਨ੍ਹਾਂ ਦੱਸਿਆ ਹੈ ਕਿ ਖੁਦਕੁਸ਼ੀ ਬਾਰੇ ਜਾਂਚ ਕੀਤੀ ਜਾ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਕਰੋਨਾ ਵੈਕਸ਼ੀਨ ਬਨਾਮ ਦਾਰੂ



ਜਸਮੇਰ ਢੱਟ

ਕਰੋਨਾ ਵੈਕਸ਼ੀਨ ਦੀ ਪਹਿਲੀ ਡੋਜ਼ ਦਾ ਟੀਕਾ ਲਗਵਾ ਕੇ ਮੈਂ ਵੀ ਲਾਈਨ ਵਿਚ ਕੁਰਸੀ ਤੇ ਜਾ ਬੈਠਾ ਜਿਥੇ ਸਾਰਿਆਂ ਨੂੰ ਡੋਜ਼ ਲੈਣ ਬਾਅਦ ਅੱਧਾ ਘੰਟਾ ਉਡੀਕ ਕਰਨ ਵਾਸਤੇ ਕਿਹਾ ਜਾ ਰਿਹਾ ਸੀ। ਮੇਰੇ ਨਾਲ ਦੀ ਸੀਟ ਤੇ ਅੱਧਖੜ ਉਮਰ ਦਾ ਇਕ ਵਿਅਕਤੀ ਆਪਣੀ ਔਰਤ ਨਾਲ ਬੈਠਾ ਸੀ ਉਸਦੀ ਔਰਤ ਨੇ ਨਰਸ ਨੂੰ ਇਸ਼ਾਰੇ ਨਾਲ ਕੋਲ ਬੁਲਾਇਆ ਤੇ ਪੁੱਛਿਆ,

"ਸਿਸਟਰ ਜੀ, ਆਹ ਟੀਕਾ ਲਵਾਕੇ, ਬੰਦਿਆਂ ਨੂੰ ਭਲਾ ਦਾਰੂ ਕਿੰਨੇ ਮਹੀਨੇ ਪੀਣ ਦੀ ਮਨਾਹੀ ਆ"

"ਅੰਟੀ ਜੀ ਤਿੰਨ ਦਿਨ ਸ਼ਰਾਬ ਨੀ ਪੀਣੀ" ਨਰਸ ਜੁਆਬ ਦੇ ਚਲੀ ਗਈ।

ਔਰਤ ਨੂੰ ਨਰਸ ਦੀ ਗੱਲ ਤੇ ਭੋਰਾ ਯਕੀਨ ਨੀ ਸੀ,

"ਜੁਆਕੜੀ ਆ, ਲਗਦੈ ਨਵੀਂ ਨਵੀਂ ਨੌਕਰੀ ਲਗੀ ਐ" ਔਰਤ ਬੜਬਾਉਂਦੀ ਹੋਈ ਸਾਹਮਣੇ ਕੁਰਸੀ ਤੇ ਬੈਠੇ ਡਾਕਟਰ ਕੋਲ ਪੁੱਛਣ ਚਲੀ ਗਈ । ਥੋੜੀ ਦੇਰ ਬਾਅਦ ਹੀ ਔਰਤ ਡਾਕਟਰ ਨਾਲ ਬਹਿਸ ਕਰ ਰਹੀ ਸੀ, ਪਰ ਦੂਰ ਹੋਣ ਕਾਰਨ ਕੁਝ ਸਮਝ ਨੀ ਸੀ ਆ ਰਿਹਾ। ਰੋਲਾ ਜਿਹਾ ਸੁਣਕੇ ਮੈਂ ਨਾਲ ਬੈਠੇ ਔਰਤ ਦੇ ਖਾਵੰਦ ਨੂੰ ਉੱਧਰ ਇਸਾਰਾ ਕਰ ਪੁੱਛ ਹੀ ਲਿਆ,

"ਭਾਈ ਸਾਬ ਕੁਝ ਗੜਬੜ ਲਗਦੀ ਐ"

"ਸਰਦਾਰ ਸਾਬ੍ਹ ਕੀ ਪੁੱਛਦੇ ਓ, ਮੈਂ ਰਿਟਾਇਰ ਫੌਜੀ ਆਂ, ਸ਼ਾਮ ਨੂੰ ਸਿੱਟ ਲਾ ਲਈ ਦੀ ਐ, ਇਹ ਕਲੇਸ਼ ਪਾਈ ਰਖਦੀ ਐ ।ਇਹਨੇ ਯੂ ਟਿਊਬ ਤੇ ਕੋਈ ਵੀਡੀਓ ਵੇਖਲੀ ਬੀ ਕਰੋਨਾ ਦਾ ਟੀਕਾ ਲਗਵਾਉਣ ਵਾਲੇ ਨੇ ਦੋ ਮਹੀਨੇ ਦਾਰੂ ਨੂੰ ਹੱਥ ਨੀ ਲਾਉਣਾ। ਹੁਣ ਹਫਤਾ ਹੋ ਗਿਆ ਮੇਰੇ ਨਾਲ ਲੜਦੀ ਨੂੰ ਕੇ ਤੇਰੇ ਕਰੋਨਾ ਵਾਲਾ ਟੀਕਾ ਲਵਾਉਣਾ ਫਿਰ ਦੋ ਮਹੀਨੇ ਤਾਂ ਹਟੇਗਾਂ ਦਾਰੂ ਪੀਣੋਂ।ਅੱਜ ਜਬਰਦਸਤੀ ਮੈਨੂੰ ਹਸਪਤਾਲ ਲੈ ਆਈ ਹੁਣ ਡਾਕਟਰ ਨਾਲ ਜ਼ਿਦ ਕਰਦੀ ਐ ਕਿ ਮੇਰੀ ਦਾਰੂ ਦੋ ਮਹੀਨੇ ਬੰਦ ਕਰਾਓ"

ਫੋਨ 9872545678

## ਸਕਾਟਲੈਂਡ ਵਸਦੇ ਗਾਇਕ ਕਰਮਜੀਤ ਮੀਨੀਆਂ ਦੇ ਗੀਤ 'ਡੋਲੀ' ਦਾ ਪੋਸਟਰ ਲੋਕ ਅਰਪਣ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ): ਵਿਦੇਸ਼ਾਂ ਦੀ ਧਰਤੀ 'ਤੇ ਬਹੁਤ ਸਾਰੇ ਅਜਿਹੇ ਪ੍ਰਤਿਭਾਵਾਨ ਕਲਾਕਾਰ ਵਸਦੇ ਹਨ ਜੋ ਗਾਹੇ-ਬਗਾਹੇ ਆਪਣੇ ਭੂ-ਹੇਰਵੇ, ਰਿਸ਼ਤਿਆਂ, ਵਿਰਸੇ, ਸੱਭਿਆਚਾਰ ਨਾਲ ਜੁੜੀਆਂ ਯਾਦਾਂ ਅਤੇ ਹਕੀਕਤਾਂ ਨੂੰ ਕਲਾ ਮਾਧਿਅਮ ਰਾਹੀਂ ਉਜਾਗਰ ਕਰਦੇ ਰਹਿੰਦੇ ਹਨ। ਸਕਾਟਲੈਂਡ ਦੀ ਧਰਤੀ 'ਤੇ ਵਸਦਾ ਉੱਦਮੀ ਨੌਜਵਾਨ ਗਾਇਕ ਕਰਮਜੀਤ ਮੀਨੀਆਂ ਵੀ ਉਨ੍ਹਾਂ ਮਰਜੀਵੜਿਆਂ ਵਿੱਚੋਂ ਇੱਕ ਹੈ, ਜੋ ਯਾਦਾਂ ਦੀ ਸਮ੍ਹਾਂ 'ਤੇ ਹੱਸ ਕੇ ਕੁਰਬਾਨ ਚੜ੍ਹਦੇ ਰਹਿੰਦੇ ਨੇ। ਰਿਸ਼ਤਿਆਂ ਦੀ ਪਾਕੀਜ਼ਗੀ, ਆਪਣਿਆਂ ਦੇ ਮੋਹ ਵਿੱਚ ਓਤ-ਪੋਤ ਗੀਤ "ਡੋਲੀ" ਰਾਹੀਂ 10 ਅਪ੍ਰੈਲ ਨੂੰ ਲੋਕ ਮਨਾਂ ਦਾ ਕੁੰਡਾ ਖੜਕਾਉਣ ਆ ਰਿਹਾ ਹੈ ਕਰਮਜੀਤ ਮੀਨੀਆਂ। ਸਾਡੀ ਬੇਟੀ, ਭੈਣ, ਪਤਨੀ ਅਤੇ ਮਾਂ ਸਮੇਤ ਸਮੂਹ ਰਿਸ਼ਤਿਆਂ ਨਾਲ




ਜੁੜੀਆਂ ਔਰਤਾਂ ਦੀ ਜ਼ਿੰਦਗੀ ਵਿੱਚ ਡੋਲੀ ਬੈਠਣ ਦੀ ਰਸਮ ਜ਼ਿੰਦਗੀ ਦਾ ਅਹਿਮ ਮੋੜ ਹੁੰਦੀ ਹੈ। ਇਸ ਰਸਮ ਨਾਲ ਜੁੜੀਆਂ ਭਾਵਨਾਵਾਂ ਅਤੇ ਡੋਲੀ ਵਿੱਚ ਬੈਠ ਕੇ ਸਹੁਰੇ ਘਰ ਜਾ ਰਹੀ ਲੜਕੀ ਦੇ ਦਿਲ ਦੀ ਹੂਕ ਬਿਆਨ ਕਰਦਾ ਗੀਤ ਕਰਮਜੀਤ ਮੀਨੀਆਂ ਨੇ ਲਿਖਿਆ ਤੇ ਗਾਇਆ ਖ਼ੁਦ ਹੈ। ਇਸ ਗੀਤ ਦਾ ਵੀਡੀਓ ਫ਼ਿਲਮਾਂਕਣ ਅਰਸ਼ ਮੀਨੀਆਂ ਅਤੇ ਪੰਜ ਦਰਿਆ ਟੀਮ ਵੱਲੋਂ ਸਕਾਟਲੈਂਡ ਦੀਆਂ ਖ਼ੂਬਸੂਰਤ ਲੋਕੇਸ਼ਨਾਂ 'ਤੇ ਕੀਤਾ ਗਿਆ ਹੈ ਅਤੇ ਗੀਤ ਨੂੰ ਸੰਗੀਤਕ ਧੁਨਾਂ 'ਚ ਪਰੋਇਆ ਹੈ ਸੰਗੀਤਕਾਰ ਡੀ ਗਿੱਲ ਨੇ। ਇਹ ਗੀਤ ਤੇਜ਼ ਰਿਕਾਰਡਜ਼ ਕੰਪਨੀ ਅਤੇ ਸਕਾਟਲੈਂਡ ਦੀ ਹੁਣ ਤੱਕ ਦੀ ਪਹਿਲੀ ਬਹੁ-ਭਾਸ਼ਾਈ ਅਖ਼ਬਾਰ 'ਪੰਜ ਦਰਿਆ' ਵੱਲੋਂ ਸਾਂਝੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਗੀਤ ਦਾ ਪੋਸਟਰ ਲੋਕ ਅਰਪਣ ਕਰਨ ਦੀ ਰਸਮ ਗਲਾਸਗੋ ਦੇ ਪ੍ਰਸਿੱਧ ਨੌਜਵਾਨ ਕਾਰੋਬਾਰੀ ਲਖਵੀਰ ਸਿੰਘ ਸਿੱਧੂ (ਲੰਡਨ ਹੋਟਲ ਵਾਲੇ), ਪ੍ਰਸਿੱਧ ਨੌਜਵਾਨ ਕਾਰੋਬਾਰੀ ਤੇ ਗਾਇਕ ਸੋਢੀ ਬਾਗੜੀ, ਪ੍ਰਸਿੱਧ ਕਾਰੋਬਾਰੀ ਤੇ ਪ੍ਰਮੋਟਰ ਦਲਜਿੰਦਰ ਸਿੰਘ ਸਮਰਾ (ਗੋਰਸੀਆਂ ਮੱਖਣ) ਆਦਿ ਨੇ ਅਦਾ ਕੀਤੀ। ਲਖਵੀਰ ਸਿੰਘ ਸਿੱਧੂ ਨੇ ਕਿਹਾ ਕਿ ਕਰਮਜੀਤ ਮੀਨੀਆਂ ਇੱਕ ਨਿਪੁੰਨ ਰੇਡੀਓ ਪੇਸ਼ਕਾਰ ਤਾਂ ਹੈ ਹੀ ਸਗੋਂ ਇਸ ਗੀਤ ਰਾਹੀਂ ਉਸ ਨੇ ਗੀਤਕਾਰ ਤੇ ਗਾਇਕ ਹੋਣ ਦਾ ਵੀ ਪੁਖਤਾ ਸਬੂਤ ਪੇਸ਼ ਕੀਤਾ ਹੈ। ਦਲਜਿੰਦਰ ਸਿੰਘ ਸਮਰਾ ਨੇ ਕਿਹਾ ਕਿ ਕਰਮਜੀਤ ਮੀਨੀਆਂ ਸਕਾਟਲੈਂਡ ਦੇ ਭਾਈਚਾਰੇ ਲਈ ਮਾਣਮੱਤਾ ਨਾਮ ਹੋ ਨਿਬੜਿਆ ਹੈ। ਸੋਢੀ ਬਾਗੜੀ ਨੇ ਕਿਹਾ ਕਿ ਕਰਮਜੀਤ ਭੱਲਾ ਮਿਹਨਤੀ ਇਨਸਾਨ ਹੈ, ਉਸ ਦੀ ਮਿਹਨਤ 'ਤੇ ਸ਼ੱਕ ਕੀਤਾ ਹੀ ਨਹੀਂ ਜਾ ਸਕਦਾ ਅਤੇ ਅਸੀਂ ਇਸ ਗੀਤ ਦੀ ਸਮੁੱਚੀ ਟੀਮ ਦਾ ਧੰਨਵਾਦ ਕਰਨ ਦੇ ਨਾਲ ਨਾਲ ਮਾਣ ਮਹਿਸੂਸ ਕਰਦੇ ਹਾਂ ਕਿ ਇਹ ਗੀਤ ਸਕਾਟਲੈਂਡ ਦੀ ਧਰਤੀ ਤੋਂ ਉਪਜ ਕੇ ਵਿਸ਼ਵ ਭਰ ਵਿੱਚ ਮਹਿਕਾਂ ਖਿਲਾਰੇਗਾ। ਇਸ ਤੋਂ ਇਲਾਵਾ ਲੇਖਕ ਅਮਰ ਮੀਨੀਆਂ, ਬਿੱਟੂ ਬਾਗੜੀ, ਗੁਰਮੀਤ ਸਿੱਧੂ ਹਿੰਮਤਪੁਰਾ, ਰਵੀ ਸਰਨਾ, ਗੁਰਪ੍ਰੀਤ ਸੋਹੀ, ਗਾਇਕ ਜੀਵਨ ਬਾਈ ਕੈਨੇਡਾ, ਕੁਲਵੰਤ ਸਹੋਤਾ, ਬਿੰਦਰ ਭੋਗਪੁਰੀ, ਬਿੱਲਾ ਜੌਹਲ, ਮੁਹੰਮਦ ਰਾਸ਼ਿਦ, ਰੇਡੀਓ ਆਵਾਜ਼ ਐਫ ਐਮ ਦੇ ਡਾਇਰੈਕਟਰ ਅਲੀ ਮਲਿਕ ਆਦਿ ਵੱਲੋਂ ਪੋਸਟਰ ਲੋਕ ਅਰਪਣ ਹੋਣ 'ਤੇ ਹਾਰਦਿਕ ਵਧਾਈ ਪੇਸ਼ ਕੀਤੀ ਗਈ।

## ਪ੍ਰੋ. ਹਰਦੀਪ ਸਿੰਘ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡੀਨ, ਅਕਾਦਮਿਕ ਮਾਮਲੇ ਅਤੇ ਪ੍ਰੋ. ਅਨੀਸ਼ ਦੁਆ ਨੇ ਡੀਨ ਵਿਦਿਆਰਥੀ ਭਲਾਈ ਵਜੋਂ ਅਹੁਦਾ ਸੰਭਾਲਿਆ

ਅੰਮ੍ਰਿਤਸਰ, 1 ਅਪ੍ਰੈਲ, 2021 (ਪੋਸਟ ਬਿਊਰੋ): ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਦੇ ਪ੍ਰੋ. ਹਰਦੀਪ ਸਿੰਘ ਨੇ ਬਤੌਰ ਯੂਨੀਵਰਸਿਟੀ ਦੇ ਡੀਨ, ਅਕਾਦਮਿਕ ਮਾਮਲੇ ਵਜੋਂ, ਜ਼ੁਆਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਅਨੀਸ਼ ਦੁਆ ਨੇ ਬਤੌਰ ਵਜੋਂ ਡੀਨ ਵਿਦਿਆਰਥੀ ਭਲਾਈ ਅਤੇ ਪ੍ਰੋ. ਸਰਬਜੋਤ ਸਿੰਘ ਬਹਿਲ ਨੇ ਬਤੌਰ ਵਾਈਸ ਚਾਂਸਲਰ ਆਫਿਸ ਦੇ ਓ ਐਸ ਡੀ ਵਜੋਂ ਅੱਜ ਆਪਣੇ ਅਹੁਦੇ ਸੰਭਾਲ ਲਏ ਹਨ । ਇਹਨਾਂ ਤੋਂ ਇਲਾਵਾ ਪ੍ਰੋ. ਅਤੁਲ ਖੰਨਾ ਡੀਨ ਅਲੂਮਨੀ ਐਸੋਸੀਏਸ਼ਨ, ਪੋ. ਜਯੋਤੀਸ਼ ਮਲਹੋਤਰਾ ਨੇ ਡੀਨ ਅਕਾਦਮਿਕ ਮਾਮਲੇ ਅਤੇ ਸਟੂਡੈਂਟ ਵੈਲਫੇਅਰ ਰਿਜਨਲ ਸੈਂਟਰ ਜਲੰਧਰ, ਪ੍ਰੋ. ਰਿਸ਼ੀ ਰਾਜ ਸ਼ਰਮਾ ਨੇ ਡੀਨ ਅਕਾਦਮਿਕ ਮਾਮਲੇ ਅਤੇ ਸਟੂਡੈਂਟ ਵੈਲਫੇਅਰ ਰਿਜਨਲ ਸੈਂਟਰ ਗੁਰਦਾ-ਸਪੁਰ, ਪ੍ਰੋ. ਰੇਨੂੰ ਭਾਰਦਵਾਜ ਨੇ ਡਾਇਰੈਕਟਰ ਰਿਸਰਚ, ਪ੍ਰੋ. ਆਦਰਸ਼ ਪਾਲ ਵਿਜ ਨੇ ਡਾਇਰੈਕਟਰ ਯੂ.ਜੀ.ਸੀ-ਐਚ ਆਰ ਡੀ ਸੀ, ਪ੍ਰੋ. ਹਰਦੀਪ ਸਿੰਘ ਗੁਜਰਾਲ ਨੇ ਡਾਇਰੈਕਟਰ ਸੀ ਈ ਪੀ, ਪ੍ਰੋ. ਅਸ਼ਵਨੀ ਲੂਥਰਾ ਨੇ ਡਾਇਰੈਕਟਰ ਆਈ ਕਿਊ ਏ ਸੀ, ਪ੍ਰੋ. ਸਰੋਜ ਬਾਲਾ ਨੇ ਡਾਇਰੈਕਟਰ ਡਿਪਾਰਟਮੈਂਟ ਆਫ ਲਾਈਫ ਲੌਂਗ ਲਰਨਿੰਗ, ਪ੍ਰੋ. ਬਲਮੀਤ ਸਿੰਘ ਨੇ ਪ੍ਰੋ. ਇੰਚਾਰਜ ਪਬਲੀਕਿਸ਼ੇਨ ਬਿਊਰੋ, ਪ੍ਰੋ. ਸੁਖਪ੍ਰੀਤ ਸਿੰਘ, ਪ੍ਰੋ. ਇੰਚਾਰਜ ਪਬਲਿਕ ਰਿਲੇਸ਼ਨ, ਪ੍ਰੋ. ਬਿਕਰਮਜੀਤ ਸਿੰਘ ਬਾਜਵਾ, ਪ੍ਰੋ. ਇੰਚਾਰਜ ਪਲੇਸਮੈਂਟ, ਪ੍ਰੋ. ਪ੍ਰੀਤ ਮੋਹਿੰਦਰ ਬੇਦੀ ਨੇ ਯੂ ਆਈ ਐਲ ਪੀ, ਪ੍ਰੋ. ਮਨੋਜ ਕੁਮਾਰ ਪ੍ਰੋ. ਇੰਚਾਰਜ ਪ੍ਰੀਖਿਆਵਾਂ, ਪ੍ਰੋ. ਕਰਨਜੀਤ ਕਾਹਲੋਂ ਨੇ ਸੈਂਟਰਲ ਟਾਈਮ ਟੇਬਲ ਗਰੇਡਿੰਗ ਸਿਸਟਮ, ਪ੍ਰੋ. ਪਲਵਿੰਦਰ ਸਿੰਘ ਕੋਆਰਡੀਨੇਟਰ ਸੈਂਟਰਲ ਫੈਕਲਟੀ, ਪ੍ਰੋ. ਸੰਦੀਪ ਸ਼ਰਮਾ ਚੀਫ ਇਨਫਾਰਮੇਸ਼ਨ ਸਕਿਊਰਟੀ ਅਫਸਰ ਅਤੇ ਡਾ ਰਾਜਬੀਰ ਭੱਟੀ ਨੇ ਬਤੌਰ ਡਿਪਟੀ ਡਾਇਰੈਕਟਰ ਯੂ.ਜੀ.ਸੀ-ਐਚ ਆਰ ਡੀ ਸੀ ਵਜੋਂ ਵੀ ਅੱਜ ਆਪਣੇ ਅਹੁਦੇ ਸੰਭਾਲ ਲਏ ਹਨ ।



ਪ੍ਰੋ. ਹਰਦੀਪ ਸਿੰਘ ਨੇ ਇਹ ਅਹੁਦਾ ਸਾਬਕਾ ਡੀਨ ਅਕਾਦਮਿਕ ਮਾਮਲੇ, ਪ੍ਰੋ. ਸਰਬਜੋਤ ਸਿੰਘ ਬਹਿਲ ਦੀ ਥਾਂ ਤੇ ਸੰਭਾਲਿਆ ਹੈ। ਉਹ ਇਸ ਤੋ ਪਹਿਲਾ ਡੀਨ ਵਿਦਿਆਰਥੀ ਭਲਾਈ ਸਨ।ਇਸੇ ਤਰਾਂ ਜ਼ੁਆਲੋਜੀ ਵਿਭਾਗ ਦੇ ਪ੍ਰੋਫੈਸਰ ਡਾ. ਅਨੀਸ਼ ਦੁਆ ਨੇ ਬਤੌਰ ਡੀਨ ਵਿਦਿਆਰਥੀ ਭਲਾਈ ਵਜੋਂ ਅਹੁਦਾ ਸੰਭਾਲ ਲਿਆ ਹੈ। ਉਹ ਇਸ ਸਮੇਂ ਡਾਇਰੈਕਟਰ ਈਵੈਂਟਸ ਹਾਸਪਿਟੈਲਟੀ ਦੀਆਂ ਸੇਵਾਵਾਂ ਨਿਭਾ ਰਹੇ ਹਨ ।

ਉਹਨਾਂ ਦੇ ਅਹੁਦਾ ਸਭਾਲਣ ਮੌਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਪ੍ਰੋ. ਕਰਨਜੀਤ ਸਿੰਘ ਕਾਹਲੋਂ, ਸਾਬਕਾ ਡੀਨ, ਅਕਾਦਮਿਕ ਮਾਮਲੇ, ਪ੍ਰੋ. ਸਰਬਜੋਤ ਸਿੰਘ ਬਹਿਲ ਤੋਂ ਇਲਾਵਾ ਹੋਰ ਵੀ ਅਧਿਕਾਰੀ ਹਾਜਰ ਸਨ । ਜਿਨ੍ਹਾਂ ਵਲੋਂ ਨਵ-ਨਿਯੁਕਤ ਅਧਿਕਾਰੀਆਂ ਨੂੰ ਉਹਨਾਂ ਦੀ ਨਿਯੁਕਤੀ ਤੇ ਸਵਾਗਤ ਕੀਤਾ ਅਤੇ ਮੂੰਹ ਮਿੱਠਾ ਕਰਵਾਕੇ ਅਹੁਦੇ ਤੇ ਬਿਠਾਇਆ।ਸਾਰੇ ਨਵ-ਨਿਯੁਕਤ ਅਧਿਕਾਰੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪਕੁਲਪਤੀ ਡਾ. ਜਸਪਾਲ ਸਿੰਘ ਸੰਧੂ ਦਾ ਧੰਨਵਾਦ ਕੀਤਾ ਅਤੇ ਭਰੋਸਾ ਦੁਆਇਆ ਕਿ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਵਿਕਾਸ ਦੀਆਂ ਬੁਲੰਦੀਆਂ ਤੇ ਲੈ ਕੇ ਜਾਣ ਲਈ ਤਨਦੇਹੀ ਨਾਲ ਕੰਮ ਕਰਨਗੇ ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
- AZ Tractor trailer program
- Manual transmission & backup training everyday
- We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਪੰਜਾਬ ਦੀਆਂ ਚੋਣਾਂ ਵਿੱਚ ਇੱਕ ਸਾਲ ਰਹਿੰਦਿਆਂ ਇਹ ਝਲਕ ਮਿਲਦੀ ਹੈ ਰਾਜਨੀਤੀ ਦੀ



ਜਤਿੰਦਰ ਪੰਨੂ

ਭਾਰਤ ਦੇ ਪੰਜਾਂ ਰਾਜਾਂ ਵਿੱਚ ਇਸ ਵਕਤ ਵਿਧਾਨ ਸਭਾ ਚੋਣਾਂ ਦਾ ਅਮਲ ਚੱਲ ਰਿਹਾ ਹੈ। ਸਾਡੀ ਸੂਚਨਾ ਮੁਤਾਬਕ ਇਸ ਸਾਲ ਹੋਰ ਕਿਸੇ ਰਾਜ ਦੀ ਵਿਧਾਨ ਸਭਾ ਲਈ ਚੋਣ ਹੋਣ ਦੀ ਕੋਈ ਸੰਭਾਵਨਾ ਨਹੀਂ। ਜੇ ਕਿਸੇ ਰਾਜ ਵਿਚਲੀ ਸਰਕਾਰ ਆਪਣੇ ਮੱਤਭੇਦਾਂ ਜਾਂ ਦਲ-ਬਦਲੀਆਂ ਨਾਲ ਟੁੱਟਣ ਦੀ ਨੌਬਤ ਆ ਗਈ ਤਾਂ ਕੋਈ ਚੋਣ ਹੋ ਵੀ ਸਕਦੀ ਹੈ, ਵਰਨਾ ਅਗਲੇ ਸਾਲ ਤੱਕ ਕੋਈ ਚੋਣ ਨਹੀਂ ਹੋਣੀ ਅਤੇ ਅਗਲੇ ਸਾਲ ਜਿਨ੍ਹਾਂ ਰਾਜਾਂ ਵਿੱਚ ਸਭ ਤੋਂ ਪਹਿਲਾਂ ਚੋਣਾਂ ਹੋਣੀਆਂ ਹਨ, ਪੰਜਾਬ ਦਾ ਨਾਂਅ ਵੀ ਉਨ੍ਹਾਂ ਵਿੱਚ ਸ਼ਾਮਲ ਹੈ, ਉੱਤਰ ਪ੍ਰਦੇਸ਼ ਤੇ ਉੱਤਰਾ ਖੰਡ ਜਾਂ ਮਨੀਪੁਰ ਤੇ ਗੋਆ ਦਾ ਵੀ। ਇਸ ਵੇਲੇ ਦੀਆਂ ਚੋਣਾਂ ਵਾਲੇ ਪੰਜ ਰਾਜਾਂ ਵਿੱਚੋਂ ਕੇਰਲਾ, ਤਾਮਿਲ ਨਾਡੂ, ਆਸਾਮ ਅਤੇ ਪੁੱਡੂਚੇਰੀ ਦੇ ਨਤੀਜਿਆਂ ਦਾ ਅਗਾਊਂ ਅੰਦਾਜ਼ਾ ਲੱਗ ਸਕਦਾ ਹੈ, ਪਰ ਪੱਛਮੀ ਬੰਗਾਲ ਬਾਰੇ ਅੰਦਾਜ਼ਾ ਲਾਉਣਾ ਔਖਾ ਹੈ। ਆਪਣੀਆਂ ਖਾਹਿਸ਼ਾਂ ਦੇ ਮੁਤਾਬਕ ਨਤੀਜੇ ਦਾ ਅੰਦਾਜ਼ਾ ਲਾਉਣ ਵਾਲੇ ਜੋ ਮਰਜ਼ੀ ਆਖੀ ਜਾਣ, ਊਠ ਓਥੇ ਕਿਸੇ ਪਾਸੇ ਵੀ ਬੈਠ ਸਕਦਾ ਹੈ ਅਤੇ ਉਸ ਦੇ ਨਤੀਜੇ ਦੀ ਚਰਚਾ ਅਗਲੇ ਸਾਲ ਦੇ ਚੋਣ ਘੋਲ ਵਿੱਚ ਦਾਅ ਉੱਤੇ ਲੱਗਣ ਵਾਲੇ ਪਹਿਲੇ ਪੰਜਾਂ ਰਾਜਾਂ ਵਿੱਚ ਜ਼ੋਰ ਨਾਲ ਹੋਣੀ ਹੈ। ਬਾਕੀਆਂ ਰਾਜਾਂ ਦਾ ਪਤਾ ਨਹੀਂ, ਪੰਜਾਬ ਉੱਤੇ ਪੱਛਮੀ ਬੰਗਾਲ ਜਾਂ ਦੂਸਰੇ ਚਹੁੰ ਰਾਜਾਂ ਦੀਆਂ ਚੋਣਾਂ ਨਾਲ ਕੋਈ ਖਾਸ ਅਸਰ ਨਹੀਂ ਪਵੇਗਾ। ਏਥੇ ਪੰਜਾਬ ਦਾ ਆਪਣਾ ਚੋਣ-ਦ੍ਰਿਸ਼ ਹੈ ਅਤੇ ਇਸ ਦੀਆਂ ਦੂਸਰੇ ਰਾਜਾਂ ਤੋਂ ਵੱਖਰੀਆਂ ਆਪਣੀਆਂ ਚੋਣ ਸੰਭਾਵਨਾਵਾਂ ਹਨ, ਜਿਹੜੀਆਂ ਵੱਲ ਏਥੋਂ ਦੇ ਆਮ ਲੋਕਾਂ ਨੇ ਵੀ ਵੇਖਣਾ ਹੈ ਤੇ ਏਥੋਂ ਦੀਆਂ ਰਾਜਸੀ ਪਾਰਟੀਆਂ ਨੂੰ ਵੀ ਸੋਚਣਾ ਪੈਣਾ ਹੈ।

ਪਹਿਲੀ ਗੱਲ ਇਹ ਮੰਨਣੀ ਬਣਦੀ ਹੈ ਕਿ ਕਿਸਾਨੀ ਮੁੱਦੇ ਦੀ ਮਾਰ ਕਾਰਨ ਉਹ ਪਾਰਟੀ ਪੰਜਾਬ ਵਿੱਚ ਬਹੁਤਾ ਕੁਝ ਕਰਨ ਜੋਗੀ ਨਹੀਂ ਰਹਿ ਗਈ, ਜਿਹੜੀ ਬਾਕੀ ਭਾਰਤ ਵਿੱਚ ਹੁੜਦੰਗ ਮਚਾਉਂਦੀ ਫਿਰਦੀ ਤੇ ਪੰਜਾਬ ਦੀਆ ਸਭਨਾਂ ਇੱਕ ਸੌ ਸਤਾਰਾਂ ਸੀਟਾਂ ਤੋਂ ਉਮੀਦਵਾਰ ਖੜੇ ਕਰਨ ਦੇ ਦਮਗਜ਼ੇ ਮਾਰ ਰਹੀ ਹੈ। ਇਸ ਪਾਰਟੀ ਦੇ ਲੀਡਰ ਇਸ ਵਕਤ ਕਿਸੇ ਦੇ ਵਿਆਹ-ਸ਼ਾਦੀ ਜਾਂ ਮਰਗ ਦੇ ਭੋਗ ਮੌਕੇ ਜਾਣ ਜੋਗੇ ਵੀ ਨਹੀਂ ਰਹੇ ਤੇ ਕੱਲ੍ਹ ਨੂੰ ਕੋਈ ਮੋੜਾ ਵੀ ਪੈ ਜਾਵੇ ਤਾਂ ਦੂਸਰੀ ਕਿਸੇ ਹੋਰ ਪਾਰਟੀ ਨੇ ਇਹੋ ਜਿਹੇ ਹਾਲਾਤ ਵਿੱਚ ਇਸ ਨਾਲ ਸਾਂਝ ਪਾਉਣ ਦਾ ਹੌਸਲਾ ਨਹੀਂ ਕਰਨਾ। ਇਹ ਪਾਰਟੀ ਅਗਲੀ ਚੋਣ ਵਿੱਚ ਉਸ ਆਗੂ ਉੱਤੇ ਵੱਡੀ ਟੇਕ ਰੱਖੀ ਫਿਰਦੀ ਹੈ, ਜਿਸ ਨੂੰ ਕੁਝ ਮਹੀਨੇ ਪਹਿਲਾਂ ਉਸ ਨੇ ਕੇਂਦਰ ਦਾ ਵੱਡਾ ਅਹੁਦਾ ਦੇ ਕੇ ਸਮਝ ਲਿਆ ਹੈ ਕਿ ਉਹ ਪਾਰਟੀ ਦੇ ਪੱਖ ਵਿੱਚ ਹਨੇਰੀ ਵਗਾ ਦੇਵੇਗਾ। ਰਿਕਾਰਡ ਦੱਸਦਾ ਹੈ ਕਿ ਜਦੋਂ ਇਸੇ ਲੀਡਰ ਨੂੰ ਲਕਸ਼ਮੀ ਕਾਂਤਾ ਚਾਵਲਾ ਦਾ ਤਿੰਨ ਵਾਰੀਆਂ ਦਾ ਜਿੱਤਿਆ ਹਲਕਾ ਖੋਹ ਕੇ ਟਿਕਟ ਦਿੱਤੀ ਤਾਂ ਪਹਿਲੀ ਵਾਰੀ ਤੇਰਾਂ ਹਜ਼ਾਰ ਵੋਟਾਂ ਦੇ ਫਰਕ ਨਾਲ ਹਾਰਿਆ ਸੀ ਤੇ ਦੂਸਰੀ ਵਾਰੀ ਹਾਰ ਦਾ ਫਰਕ ਇੱਕੀ ਹਜ਼ਾਰ ਤੋਂ ਵਧ ਗਿਆ ਸੀ। ਬਾਕੀ ਹਲਕਿਆਂ ਵਿੱਚ ਵੀ ਹਾਲਤ ਇਸ ਪਾਰਟੀ ਦੀ ਸੁਧਰੀ ਨਹੀਂ ਤੇ ਚੋਣ ਲੜਨ ਦੇ ਚਾਹਵਾਨ ਕੰਨੀ ਕਤਰਾਉਂਦੇ ਫਿਰਦੇ ਹਨ।

ਹਾਲਾਤ ਦੱਸਦੇ ਹਨ ਕਿ ਅਗਲੇ ਸਾਲ ਦੀਆਂ ਚੋਣਾਂ ਵਿੱਚ ਮੁਕਾਬਲਾ ਤਿੰਨ-ਧਿਰਾ ਰਹਿਣ ਦੀ ਸੰਭਾਵਨਾ ਹੈ ਤੇ ਸਭ ਨੂੰ ਪਤਾ ਹੈ ਕਿ ਇਹ ਤਿੰਨ ਧਿਰਾਂ ਰਾਜ ਕਰਦੀ ਕਾਂਗਰਸ ਪਾਰਟੀ, ਅੱਜ ਦੀ ਮੁੱਖ ਵਿਰੋਧੀ ਧਿਰ ਆਮ ਆਦਮੀ ਪਾਰਟੀ ਤੇ ਕਈ ਵਾਰ ਰਾਜ ਕਰ ਚੁੱਕਾ ਸ਼੍ਰੋਮਣੀ ਅਕਾਲੀ ਦਲ ਹੀ ਹਨ। ਅਕਾਲੀਆਂ ਨੂੰ ਵਹਿਮ ਹੈ ਕਿ ਲੋਕ ਜਦੋਂ ਕਾਂਗਰਸ ਤੋਂ ਨਾਰਾਜ਼ ਹੋ ਕੇ ਪਾਸਾ ਵੱਟਣਗੇ ਤਾਂ ਸਾਡੇ ਬਿਨਾਂ ਕਿਸੇ ਹੋਰ ਪਾਸੇ ਵੱਲ ਜਾਣ ਜੋਗੇ ਨਹੀਂ ਰਹਿਣੇ ਅਤੇ ਏਸੇ ਲਈ ਇੱਕ ਵਾਰ ਫਿਰ ਰਾਜ-ਸੱਤਾ ਵਾਲਾ ਬਟੇਰਾ ਆਪਣੇ ਆਪ ਸਾਡੇ ਪੈਰ ਥੱਲੇ ਆ ਜਾਣਾ ਹੈ। ਕਾਂਗਰਸ ਵਾਲੇ ਵੀ ਏਸੇ ਵਹਿਮ ਦਾ ਸ਼ਿਕਾਰ ਹਨ ਕਿ ਵਿਰੋਧੀ ਧਿਰਾਂ ਵਿੱਚੋਂ ਕੋਈ ਉੱਠ ਨਹੀਂ ਰਹੀ ਤੇ ਸਾਨੂੰ ਦੋਬਾਰਾ ਚੁਣਨਾ ਲੋਕਾਂ ਦੀ ਮਜਬੂਰੀ ਬਣ ਜਾਣਾ ਹੈ। ਇਹੋ ਜਿਹਾ ਵਹਿਮ ਜਿਸ ਨੂੰ ਵੀ ਪੈ ਜਾਵੇ, ਉਹ ਮਾਰਿਆ ਜਾਂਦਾ ਹੁੰਦਾ ਹੈ। ਅਕਾਲੀ ਆਗੂਆਂ ਨੂੰ ਇਹ ਸਮਝ ਨਹੀਂ ਆਈ ਕਿ ਅਗਲੇ ਦਿਨਾਂ ਵਿੱਚ ਬਰਗਾੜੀ ਦੇ ਬੇਅਦਬੀ ਕਾਂਡ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਦੇ ਗੋਲੀ ਕਾਂਡ ਦੀ ਸੁਣਵਾਈ ਜਦੋਂ ਹੋਣੀ ਹੈ ਤਾਂ ਇਹ ਹਾਲਾਤ ਵੀ ਬਣ ਸਕਦੇ ਹਨ ਕਿ ਉਨ੍ਹਾਂ ਲਈ ਪਿੰਡਾਂ ਵਿੱਚ ਜਾਣਾ ਔਖਾ ਹੋ ਜਾਵੇ। ਇਹੋ ਨਹੀਂ, ਕਿਸਾਨੀ ਵਿਰੁੱਧ ਨਰਿੰਦਰ ਮੋਦੀ ਸਰਕਾਰ ਦੇ ਬਿੱਲਾਂ ਦੀ ਪਹਿਲਾਂ ਹਮਾਇਤ ਕਰਨ ਦੇ ਬਾਅਦ ਉਹ ਭਾਵੇਂ ਕਿਸਾਨਾਂ ਦਾ ਸਮੱਰਥਨ ਵੀ ਕਰਨ ਲੱਗ ਪਏ, ਪਰ ਉਸ ਪਹਿਲੀ ਗਲਤੀ ਦਾ ਮਾੜਾ ਪ੍ਰਭਾਵ ਅਜੇ ਵੀ ਇਸ ਪਾਰਟੀ ਦਾ ਰਾਹ ਰੋਕਣ ਵਾਲਾ ਬਣਦਾ ਜਾਪਦਾ ਹੈ। ਅਕਾਲੀ ਦਲ ਦਾ ਪ੍ਰਧਾਨ ਅਤੇ ਉਸ ਦੇ ਨਾਲ ਜੁੜੀ ਹੋਈ ਟੀਮ ਦੇ ਲੋਕ ਜਿਵੇਂ ਲਗਾਤਾਰ ਗਲਤੀਆਂ ਕਰਨ ਲੱਗੇ ਰਹਿੰਦੇ ਹਨ, ਉਨ੍ਹਾਂ ਗਲਤੀਆਂ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਗਾਇਬ ਹੋਣ ਸਣੇ ਕਈ ਹੋਰ ਮੁੱਦੇ ਮਿਲ ਕੇ ਅਗਲੇ ਸਾਲ ਦੀਆਂ ਚੋਣਾਂ ਵਿੱਚ ਉਨ੍ਹਾਂ ਲਈ ਪਿੰਡ-ਪਿੰਡ ਸਵਾਲਾਂ ਦੀ ਵਾਛੜ ਦਾ ਕਾਰਨ ਬਣ ਸਕਦੇ ਹਨ।

ਆਮ ਆਦਮੀ ਪਾਰਟੀ ਨੇ ਪਿਛਲੀ ਵਾਰੀ ਆਪਣੀ ਮੁਹਿੰਮ ਬਹੁਤ ਜ਼ਿਆਦਾ ਚੜ੍ਹਾ ਦਿੱਤੀ ਸੀ, ਪਰ ਆਖਰੀ ਵਕਤ ਕੁਝ ਗਲਤੀਆਂ ਕਰ ਕੇ ਆਪ ਹੀ ਨੁਕਸਾਨ ਕਰ ਲਿਆ ਸੀ। ਉਨ੍ਹਾਂ ਦੇ ਇੱਕ ਕੇਂਦਰੀ ਲੀਡਰ ਦਾ ਇਹ ਕਹਿਣਾ ਠੀਕ ਹੈ ਕਿ ਇਸ ਪਾਰਟੀ ਦੇ ਚਾਰ ਸਾਲ ਪਹਿਲਾਂ ਦੇ ਉਸ ਤਜਰਬੇ ਬਾਰੇ ਇੱਕ ਕਿਤਾਬ 'ਜਿੱਤੀ ਬਾਜ਼ੀ ਹਾਰਨ ਦੇ ਨੁਸਖੇ' ਲਿਖੀ ਜਾਵੇ ਤਾਂ ਉਸ ਦੇ ਲਈ ਮਸਾਲਾ ਬਹੁਤ ਸਾਰਾ ਤਿਆਰ ਮਿਲਦਾ ਹੈ। ਲੱਗਦਾ ਹੈ ਕਿ ਇਹ ਪਾਰਟੀ ਇਸ ਵਾਰੀ ਕਾਫੀ ਸੋਚ-ਸੋਚ ਕੇ ਕਦਮ ਪੁੱਟ ਰਹੀ ਹੈ ਅਤੇ ਆਪਣੀ ਅੰਦਰੂਨੀ ਹਾਲਾਤ ਨੂੰ ਸੁਧਾਰਨ ਵਾਸਤੇ ਵੀ ਖੁਦ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਧਿਆਨ ਲੱਗਾ ਪਿਆ ਹੈ। ਮਾੜੀ ਗੱਲ ਫਿਰ ਇਹੀ ਹੈ ਕਿ ਪੰਜਾਬ ਵਿੱਚ ਪਾਰਟੀ ਦੇ ਲੀਡਰਾਂ ਨੂੰ ਅਜੇ ਵੀ ਉਹ ਵਜ਼ਨ ਨਹੀਂ ਦਿੱਤਾ ਜਾ ਰਿਹਾ, ਜਿਹੜਾ ਨਾ ਦੇਣ ਕਾਰਨ ਪਿਛਲੇ ਸਮੇਂ ਵਿੱਚ ਨੁਕਸਾਨ ਹੋਇਆ ਸੀ। ਉਂਜ ਇਸ ਵਾਰੀ ਇਸ ਪਾਰਟੀ ਨੇ ਚੋਣ ਸਰਗਰਮੀ ਚੋਖਾ ਅਗੇਤੀ ਸ਼ੁਰੂ ਕੀਤੀ ਹੈ। ਕੇਜਰੀਵਾਲ ਵੱਲੋਂ ਇਸ ਹਫਤੇ ਬਾਘਾ ਪੁਰਾਣਾ ਰੈਲੀ ਲਈ ਅੰਮ੍ਰਿਤਸਰ ਹਵਾਈ ਅੱਡੇ ਉੱਤੇ ਉੱਤਰਨ ਅਤੇ ਲੋਕਾਂ ਵਿੱਚ ਆਧਾਰ ਰੱਖਦੀ, ਪਰ ਲਾਂਭੇ ਕੀਤੀ ਹੋਈ ਭਾਜਪਾ ਦੀ ਆਗੂ ਲਕਸ਼ਮੀ ਕਾਂਤਾ ਚਾਵਲਾ ਨਾਲ ਮੀਟਿੰਗ ਕਰਨ ਨੇ ਭਾਜਪਾ ਦੇ ਨਾਲ ਕਾਂਗਰਸ ਤੇ ਅਕਾਲੀ ਦਲ ਦੇ ਆਗੂਆਂ ਨੂੰ ਵੀ ਸੋਚੀਂ ਪਾ ਦਿੱਤਾ ਹੈ। ਇਸ ਪਾਰਟੀ ਦੇ ਨੇੜਲੇ ਸੂਤਰਾਂ ਦਾ ਕਹਿਣਾ ਹੈ ਕਿ ਸੁਖਪਾਲ ਸਿੰਘ ਖਹਿਰਾ ਦੇ ਬਾਰੇ ਭਾਵੇਂ ਚਰਚੇ ਹਨ ਕਿ ਉਹ ਫਿਰ ਕਾਂਗਰਸ ਵਿੱਚ ਜਾ ਸਕਦਾ ਹੈ ਤੇ ਇੱਕ-ਦੋ ਜਣੇ ਹੋਰ ਵੀ ਜਾ ਸਕਦੇ ਹਨ, ਪਰ ਕਾਂਗਰਸ ਅਤੇ ਅਕਾਲੀ ਦਲ ਵਿੱਚੋਂ ਮੁਕਾਬਲਤਨ ਚੰਗੇ ਅਕਸ ਵਾਲੇ ਕੁਝ ਲੋਕ ਇਸ ਪਾਰਟੀ ਵੱਲ ਆਉਣ ਲਈ ਚੋਖਾ ਯਤਨ ਕਰਦੇ ਪਏ ਹਨ। ਪਿਛਲੇ ਦਿਨੀਂ ਏਦਾਂ ਦੇ ਇੱਕ-ਦੋ ਜਣੇ ਆਪੋ-ਆਪਣੀ ਪੰਜਾਬ ਦੀ ਲੀਡਰਸ਼ਿਪ ਤੋਂ ਓਹਲਾ ਰੱਖ ਕੇ ਦਿੱਲੀ ਵਿੱਚ ਕਈ ਦਿਨ ਇੱਕ ਹੋਟਲ ਵਿੱਚ ਡੇਰੇ ਲਾ ਕੇ ਬੈਠੇ ਇਹੋ ਯਤਨ ਕਰਦੇ ਰਹੇ ਸਨ, ਪਰ ਆਮ ਆਦਮੀ ਪਾਰਟੀ ਇਹ ਸੋਚਦੀ ਰਹੀ ਸੀ ਕਿ ਇਹ ਸਾਡੇ ਵੱਲ ਆਏ ਦੇ ਬਜਾਏ ਕਿਸੇ ਵੱਲੋਂ ਸਾਡੀ ਸੂਹ ਲੈਣ ਲਈ ਭੇਜੇ ਵੀ ਹੋ ਸਕਦੇ ਹਨ।

ਰਹਿ ਗਈ ਕਹਾਣੀ ਕਾਂਗਰਸ ਪਾਰਟੀ ਦੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਰਣਨੀਤੀ ਦਾ ਮਾਹਰ ਗਿਣਿਆ ਜਾਂਦਾ ਪ੍ਰਸ਼ਾਂਤ ਕਿਸ਼ੋਰ ਭਾਵੇਂ ਅਗੇਤਾ ਸੱਦ ਲਿਆ ਹੈ, ਉਸ ਦੀ ਮੁੱਢਲੀ ਸਰਗਰਮੀ ਇਸ ਪਾਰਟੀ ਦੇ ਆਗੂਆਂ ਦਾ ਹੌਸਲਾ ਵਧਾਉਣ ਵਾਲੀ ਵੀ ਨਹੀਂ ਤੇ ਪਾਰਟੀ ਆਗੂਆਂ ਨੂੰ ਪਸੰਦ ਆਉਣ ਵਾਲੀ ਵੀ ਨਹੀਂ। ਉਹ ਆਪਣੇ ਆਪ ਵਿੱਚ ਇੱਕ ਬੌਸ ਵਾਂਗ ਵਿਹਾਰ ਕਰਨ ਦਾ ਆਦੀ ਹੋਣ ਕਾਰਨ ਕਈ-ਕਈ ਦਹਾਕਿਆਂ ਦੇ ਪਾਰਟੀ ਨਾਲ ਜੁੜੇ ਆਗੂ ਉਸ ਦੇ ਦਰਬਾਰ ਵਿੱਚ ਪੇਸ਼ ਹੋਣ ਲਈ ਮਾਨਸਿਕ ਤੌਰ ਉੱਤੇ ਤਿਆਰ ਨਹੀਂ ਹੋ ਰਹੇ। ਕੁਝ ਵਿਧਾਇਕਾਂ ਦੀ ਮੀਟਿੰਗ ਉਸ ਨੇ ਕਰਵਾਈ ਤਾਂ ਇਸ ਬਾਰੇ ਜਿੰਨਾ ਕੁਝ ਅਖਬਾਰਾਂ ਵਿੱਚ ਆਇਆ ਹੈ, ਉਹ ਦੱਸਦਾ ਹੈ ਕਿ ਵਿਧਾਇਕਾਂ ਨੇ ਸਾਫ ਕਿਹਾ ਕਿ ਮੰਤਰੀਆਂ ਨਾਲ ਗੱਲ ਕਰਨੀ ਸਾਡੇ ਲਈ ਵੀ ਔਖੀ ਹੈ, ਆਮ ਲੋਕ ਤਾਂ ਚੋਣਾਂ ਦੇ ਦਿਨਾਂ ਤੋਂ ਬਿਨਾਂ ਮੰਤਰੀਆਂ ਨੂੰ ਉਂਜ ਹੀ ਕਦੇ ਪਸੰਦ ਨਹੀਂ ਆਇਆ ਕਰਦੇ। ਵਿਧਾਇਕਾਂ ਨੇ ਇਹ ਵੀ ਕਹਿ ਦਿੱਤਾ ਕਿ ਅਕਾਲੀ-ਭਾਜਪਾ ਰਾਜ ਵੇਲੇ ਦੇ ਉਸ ਸਰਕਾਰ ਦੀ ਵਫਾਦਾਰੀ ਵਾਲੇ ਅਫਸਰ ਅਜੇ ਤੱਕ ਏਨੇ ਭਾਰੂ ਹਨ ਕਿ ਉਹ ਉਨ੍ਹਾਂ ਸਾਡਾ ਫੋਨ ਤੱਕ ਨਹੀਂ ਸੁਣਨਾ ਚਾਹੁੰਦੇ। ਮੁੱਖ ਮੰਤਰੀ ਨਾਲ ਜੁੜੀ ਹੋਈ ਟੀਮ ਬਾਰੇ ਵੀ ਕਈ ਵਿਧਾਇਕਾਂ ਨੂੰ ਸ਼ਿਕਾਇਤਾਂ ਹਨ, ਪਰ ਅਜੇ ਪੰਜ-ਸੱਤ ਮਹੀਨਿਆਂ ਤੱਕ ਉਨ੍ਹਾਂ ਬਾਰੇ ਕੋਈ ਇਸ ਲਈ ਕੁਝ ਨਹੀਂ ਬੋਲੇਗਾ ਕਿ ਉਹ ਪਿੱਛੇ ਨਾ ਪੈ ਜਾਂਦੇ ਹੋਣ। ਜਿਹੜੇ ਵਿਧਾਇਕਾਂ ਦੀ ਪਹਿਲਾਂ ਬਹੁਤੀ ਬਦਨਾਮੀ ਹੁੰਦੀ ਰਹੀ ਸੀ, ਇਸ ਵਕਤ ਉਨ੍ਹਾਂ ਤੋਂ ਵੱਧ ਬਦਨਾਮੀ ਇਹੋ ਜਿਹੇ ਵਿਧਾਇਕਾਂ ਦੀ ਹੋ ਰਹੀ ਹੈ, ਜਿਨ੍ਹਾਂ ਨੇ ਸਰਕਾਰੀ ਪੈਸੇ ਨਾਲ ਆਪਣੇ ਹਲਕੇ ਵਿੱਚ ਬਣ ਰਹੀਆਂ ਗਲੀਆਂ ਵਿੱਚ ਇੰਟਰ ਲਾਕਿੰਗ ਟਾਈਲਾਂ ਵਾਸਤੇ ਕਾਹਲੀ ਵਿੱਚ ਫੈਕਟਰੀਆਂ ਲਾਈਆਂ ਹਨ ਤੇ ਸਾਰਾ ਕੱਚਾ-ਪਿੱਲਾ ਅਤੇ ਗੈਰ-ਮਿਆਰੀ ਮਾਲ ਆਪਣੇ ਹਲਕੇ ਦੇ ਪਿੰਡਾਂ ਵਿੱਚ ਲਵਾਉਣਾ ਸ਼ੁਰੂ ਕਰ ਰੱਖਿਆ ਹੈ।

ਇਹ ਗੱਲ ਕਾਂਗਰਸੀ ਧਿਰ ਵਿੱਚ ਕੁਝ ਲੋਕਾਂ ਦਾ ਹੌਸਲਾ ਬੰਨ੍ਹਾਉਣ ਵਾਲੀ ਹੈ ਕਿ ਮੁੱਖ ਮੰਤਰੀ ਨੇ ਅਗਲੀਆਂ ਚੋਣਾਂ ਫਿਰ ਲੜਨ ਦਾ ਐਲਾਨ ਕਰ ਦਿੱਤਾ ਹੈ, ਪਰ ਇਹੋ ਗੱਲ ਕੁਝ ਹੋਰ ਲੋਕਾਂ ਵਿੱਚ ਕੌੜ ਪੈਦਾ ਕਰਨ ਵਾਲੀ ਹੈ। ਨਿੱਜੀ ਪੱਧਰ ਦੀਆਂ ਮੀਟਿੰਗਾਂ ਵਿੱਚ ਕੁਝ ਮੰਤਰੀ ਵੀ ਇਹ ਕਹਿਣ ਤੋਂ ਨਹੀਂ ਝਿਜਕਦੇ ਕਿ ਮੁੱਖ ਮੰਤਰੀ ਸਾਹਿਬ ਸਾਨੂੰ ਮਿਲਣ ਜੋਗਾ ਵੀ ਵਕਤ ਨਹੀਂ ਕੱਢਦੇ। ਏਹੋ ਜਿਹੀਆਂ ਗੱਲਾਂ ਜੇ ਉਹ ਮੰਤਰੀ ਸਾਡੇ ਕੋਲ ਕਰ ਜਾਂਦੇ ਹਨ ਤਾਂ ਏਦਾਂ ਹੋਰ ਵੀ ਕਈ ਥਾਂ ਕਰਦੇ ਹੋਣਗੇ। ਸਾਡੀ ਸੋਚ ਹੈ ਕਿ ਉਨ੍ਹਾਂ ਦਾ ਮੁੱਖ ਮੰਤਰੀ ਬਾਰੇ ਇਹ ਕਹਿਣਾ ਗਲਤ ਨਹੀਂ, ਪਰ ਏਦਾਂ ਦੀਆਂ ਗੱਲਾਂ ਕਰ ਕੇ ਉਹ ਆਪਣੀਆਂ ਪਿਛਲੇ ਚਾਰ ਸਾਲਾ ਵਿੱਚ ਕੁਝ ਨਾ ਕਰਨ ਜਾਂ ਮਲਾਈ ਚੱਟਣ ਲੱਗੇ ਰਹਿਣ ਦੀਆਂ ਕਹਾਣੀਆਂ ਕੱਜਣ ਦਾ ਯਤਨ ਵੀ ਕਰਦੇ ਹਨ। ਜੇ ਏਦਾਂ ਦੇ ਆਗੂਆਂ ਅਤੇ ਮੰਤਰੀਆਂ ਬਾਰੇ ਸਧਾਰਨ ਲੋਕਾਂ ਤੱਕ ਨੂੰ ਪਤਾ ਹੈ ਤਾਂ ਮੁੱਖ ਮੰਤਰੀ ਨੂੰ ਵੀ ਪਤਾ ਹੋਣਾ ਚਾਹੀਦਾ ਹੈ, ਪਰ ਮੁੱਖ ਮੰਤਰੀ ਨੇ ਇੱਕ ਸਾਲ ਬਾਅਦ ਹੋ ਰਹੀਆਂ ਚੋਣਾਂ ਲਈ ਸਰਗਰਮੀ ਦਾ ਕੋਈ ਮੁੱਢ ਕਦੋਂ ਤੱਕ ਬੰਨ੍ਹਣਾ ਹੈ, ਇਸ ਦਾ ਕੋਈ ਸੰਕੇਤ ਕਿਤੇ ਨਹੀਂ ਮਿਲ ਰਿਹਾ। ਕਾਂਗਰਸ ਦੇ ਬਹੁਤ ਸਾਰੇ ਆਗੂ ਵਹਿਮ ਦਾ ਸ਼ਿਕਾਰ ਹਨ ਕਿ ਕੁਝ ਕਰੀਏ ਨਾ ਕਰੀਏ, ਵਿਰੋਧੀ ਧਿਰ ਕਮਜ਼ੋਰ ਹੋਣ ਕਾਰਨ ਲੋਕਾਂ ਕੋਲ ਹੋਰ ਕੋਈ ਬਦਲ ਨਹੀਂ ਤੇ ਵੋਟਾਂ ਕਾਂਗਰਸ ਨੂੰ ਹੀ ਮਿਲਣੀਆਂ ਹਨ। ਇਹ ਵਹਿਮ ਉਨ੍ਹਾਂ ਨੂੰ ਡੋਬ ਵੀ ਸਕਦਾ ਹੈ ਤੇ ਜੇ ਏਸੇ ਤਰ੍ਹਾਂ ਚੱਲਦਾ ਰਿਹਾ ਤਾਂ ਅਗਲੀ ਚੋਣ ਦੇ ਬਾਅਦ ਆਮ ਆਦਮੀ ਪਾਰਟੀ ਦੇ ਲੀਡਰਾਂ ਵਾਂਗ ਇਹ ਵੀ ਕਹਿਣਗੇ ਕਿ ਜਿੱਤੀ ਬਾਜ਼ੀ ਕਿਵੇਂ ਹਾਰੀ ਜਾਂਦੀ ਹੈ, ਇਸ ਬਾਰੇ ਕਿਤਾਬ ਲਿਖਣ ਜੋਗਾ ਮਸਾਲਾ ਸਾਡੇ ਕੋਲ ਆ ਗਿਆ ਹੈ। ਜੇ ਇਹੋ ਕੰਮ ਕਰਨਾ ਹੈ ਤਾਂ ਇਹ ਰਾਹੁਲ ਗਾਂਧੀ ਅਤੇ ਉਸ ਨਾਲ ਜੁੜੀ ਟੀਮ ਦੇ ਤਜਰਬੇ ਨਾਲ ਵੀ ਹੋ ਸਕਦਾ ਹੈ, ਪਰ ਜੇ ਪੰਜਾਬ ਦੀ ਕਾਂਗਰਸ ਪਾਰਟੀ ਤੇ ਮੁੱਖ ਮੰਤਰੀ ਦੀ ਆਪਣੀ ਟੀਮ ਏਦਾਂ ਦਾ ਤਜਰਬਾ ਖੁਦ ਕਰਨਾ ਚਾਹੁੰਦੀ ਹੈ ਤਾਂ ਕਰ ਕੇ ਵੇਖ ਲਵੇਗੀ। ਏਦਾਂ ਦੀ ਕਿਤਾਬ ਪੰਜਾਬ ਦਾ ਕੋਈ ਕਾਂਗਰਸੀ ਨਾ ਲਿਖਣਾ ਚਾਹੇ ਤਾਂ ਕੋਈ ਫਰਕ ਨਹੀਂ ਪੈਂਦਾ, ਪੰਜਾਬ ਦਾ ਏਦਾਂ ਦਾ ਤਜਰਬਾ ਪੀ ਕੇ ਵਾਸਤੇ ਕਿਸੇ ਹੋਰ ਰਾਜ ਵਿੱਚ ਚੋਣਾਂ ਦਾ ਰਾਜਸੀ ਟੈਂਡਰ ਭਰਨ ਵਾਸਤੇ ਉਸ ਦੇ ਕੰਮ ਆ ਜਾਵੇਗਾ। ਚੋਣਾਂ ਵਿੱਚ ਇੱਕ ਸਾਲ ਤੋਂ ਘੱਟ ਸਮਾਂ ਰਹਿੰਦਾ ਹੈ, ਇਸ ਦੀ ਕਾਂਗਰਸੀ ਆਗੂਆਂ ਨੂੰ ਪ੍ਰਵਾਹ ਨਹੀਂ ਤਾਂ ਸਮਾਂ ਵੀ ਆਪਣੇ ਆਪ ਨੂੰ ਫੰਨੇ ਖਾਂ ਸਮਝਣ ਵਾਲਿਆਂ ਦੀ ਪ੍ਰਵਾਹ ਨਹੀਂ ਕਰਦਾ ਹੁੰਦਾ।

ਜਿਹੜਾ ਕੁਝ ਅਗਲੀਆਂ ਚੋਣਾਂ ਤੋਂ ਇੱਕ ਸਾਲ ਪਹਿਲਾਂ ਦੇ ਸਾਡੇ ਪ੍ਰਭਾਵਾਂ ਬਾਰੇ ਅਸੀਂ ਲਿਖਿਆ ਹੈ, ਇਹ ਪੰਜਾਬ ਦੇ ਅਜੋਕੇ ਹਾਲਤ ਦੇ ਚੌਖਟੇ ਵਿੱਚੋਂ ਦਿੱਸਦਾ ਹੈ, ਕੱਲ੍ਹ ਨੂੰ ਸਮਾਂ ਕੀ ਕਰਵਟ ਲਵੇਗਾ, ਹਾਲ ਦੀ ਘੜੀ ਕਹਿਣਾ ਔਖਾ ਹੈ।

## ਅਪਰਾਧ ਬੋਧ

-ਸੁਧਾਕਰ ਮਿਸ਼ਰਾ 'ਸਰਸ'

ਸੀਨੀਅਰ ਆਈ ਏ ਐੱਸ ਅਧਿਕਾਰੀ ਪਰਵਾਰ ਸਮੇਤ ਛੁੱਟੀਆਂ ਬਿਤਾਉਣ ਲਈ ਮਸੂਰੀ ਜਾ ਰਹੇ ਸਨ। ਰਸਤੇ ਵਿੱਚ ਉਨ੍ਹਾਂ ਨੇ ਦੇਖਿਆ ਕਿ ਰੁੱਖਾਂ ਉੱਤੇ ਚਿੜੀਆਂ ਦੇ ਕਈ ਸੁੰਦਰ ਆਲ੍ਹਣੇ ਲਟਕੇ ਹੋਏ ਹਨ।

ਇਹ ਦੇਖਦੇ ਹੀ ਮੁਕੁਲ ਦੀ ਪਤਨੀ ਰੀਨਾ ਨੇ ਆਪਣੇ ਘਰ ਦੀਆਂ ਕੰਧਾਂ ਨੂੰ ਸਜਾਉਣ ਦੇ ਲਈ ਦੋ ਆਲ੍ਹਣੇ ਲੈਣ ਦੀ ਇੱਛਾ ਪ੍ਰਗਟਾਈ। ਉਨ੍ਹਾਂ ਨਾਲ ਚਲ ਰਹੇ ਪੁਲਸ ਮੁਲਾਜ਼ਮਾਂ ਨੇ ਤੁਰੰਤ ਇੱਕ ਛੋਟੇ ਲੜਕੇ ਨੂੰ ਬੁਲਾਇਆ, ਜੋ ਉਥੇ ਪਸ਼ੂ ਚਾਰ ਰਿਹਾ ਸੀ। ਉਸ ਨੂੰ ਰੁੱਖਾਂ ਤੋਂ ਤੋੜ ਕੇ ਚਿੜੀਆਂ ਦੇ ਆਲ੍ਹਣੇ ਲਿਆਉਣ ਲਈ ਕਿਹਾ। ਲੜਕੇ ਨੇ ਇਨਕਾਰ ਵਿੱਚ ਸਿਰ ਹਿਲਾ ਦਿੱਤਾ। ਮੁਕੁਲ ਨੇ ਇਸ ਦੇ ਲਈ ਲੜਕੇ ਨੂੰ ਰੁਪਏ ਦੇਣ ਦੀ ਪੇਸ਼ਕਸ਼ ਕੀਤੀ। ਫਿਰ ਵੀ ਲੜਕੇ ਨੇ ਇਨਕਾਰ ਕਰ ਦਿੱਤਾ। ਪੁਲਸ ਵਾਲਿਆਂ ਨੇ ਲੜਕੇ ਨੂੰ ਧਮਕੀ ਦਿੱਤੀ ਤੇ ਉਸ ਨੂੰ ਦੱਸਿਆ ਕਿ ਸਾਬ੍ਹ ਕੁਲੈਕਟਰ ਹਨ, ਤੈਨੂੰ ਜੇਲ੍ਹ ਭੇਜ ਸਕਦੇ ਹਨ। ਲੜਕਾ ਤਦ ਰੀਨਾ ਤੇ ਮੁਕੁਲ ਕੋਲ ਗਿਆ ਅਤੇ ਕਿਹਾ, ''ਸਾਬ੍ਹ ਮੈਂ ਅਜਿਹਾ ਨਹੀਂ ਕਰ ਸਕਦਾ। ਉਨ੍ਹਾਂ ਆਲ੍ਹਣਿਆਂ ਵਿੱਚ ਚਿੜੀਆਂ ਦੇ ਛੋਟੇ ਬੱਚੇ ਹਨ। ਚਿੜੀਆਂ ਆਪਣੇ ਬੱਚਿਆਂ ਲਈ ਭੋਜਨ ਦੀ ਤਲਾਸ਼ ਵਿੱਚ ਬਾਹਰ ਗਈਆਂ ਹਨ, ਜਦ ਉਹ ਵਾਪਸ ਆਈਆਂ ਤੇ ਬੱਚਿਆਂ ਨੂੰ ਨਹੀਂ ਦੇਖਣਗੀਆਂ ਤਾਂ ਦੁਖੀ ਹੋਣਗੀਆਂ, ਉਸ ਦਾ ਪਾਪ ਮੈਂ ਨਹੀਂ ਲੈ ਸਕਦਾ।''

ਇਹ ਸੁਣ ਕੇ ਮੁਕੁਲ ਹੈਰਾਨ ਰਹਿ ਗਏ, ਸੋਚਣ ਲੱਗੇ, ਮੇਰੇ ਰੁਤਬੇ, ਤਾਕਤ ਅਤੇ ਆਈ ਏ ਐੱਸ ਦੀ ਡਿਗਰੀ ਇੱਕ ਛੋਟੇ, ਅਨਪੜ੍ਹ, ਪਸ਼ੂ ਚਰਾਉਣ ਵਾਲੇ ਲੜਕੇ ਦੇ ਸਾਹਮਣੇ ਬੌਣੀ ਹੋ ਗਈ। ਇਸ ਘਟਨਾ ਦੇ ਬਾਅਦ ਮੁਕੁਲ ਦਾ ਮਨ ਡੂੰਘੇ ਅਪਰਾਧ ਬੋਧ ਨਾਲ ਭਰ ਗਿਆ।

## ਮਿੰਨੀ ਕਹਾਣੀਆਂ

## ਉਲ੍ਹਾਂਭਾ

-ਅਵੰਤੀ ਸ੍ਰੀਵਾਸਤਵ

''ਤੇਰੇ ਤੋਂ ਨਹੀਂ ਹੋਵੇਗਾ! ਛੱਡ ਦੇ, ਲਿਆ ਮੈਂ ਕਰ ਦਿਆਂ।'' ਨਿਰੰਜਨ ਜੀ ਨੇ ਸਰਲਾ ਜੀ ਨੂੰ ਵਿਅੰਗਆਤਮਕ ਲਹਿਜੇ ਵਿੱਚ ਕਿਹਾ।

ਸਰਲਾ ਜੀ ਹਲਕੀ ਜਿਹੀ ਮੁਸਕੁਰਾਈ ਅਤੇ ਫਿਰ ਲੱਗ ਗਈ ਸਾਈਕਲ ਦੇ ਬੋਲਟ ਕੱਸਣ।

50 ਸਾਲ ਦੀ ਸਰਲਾ ਨੇ ਬੱਚਿਆਂ ਨੂੰ ਕਾਬਿਲ ਬਣਾ ਕੇ ਆਪਣੇ ਸੁਫਨਿਆਂ ਦੀ ਸਾਰ ਲੈਣੀ ਸ਼ੁਰੂ ਕੀਤੀ ਸੀ ਅਤੇ ਸਾਈਕਲ ਚਲਾਉਣਾ ਉਨ੍ਹਾਂ ਦੇ ਸੁਫਨਿਆਂ ਦਾ ਇੱਕ ਹਿੱਸਾ ਸੀ, ਜਿਸ ਨੂੰ ਉਹ ਕੱਸ ਕੇ ਪਕੜਨ ਦੀ ਕੋਸ਼ਿਸ਼ ਕਰ ਰਹੀ ਸੀ। ਨਿਰੰਜਨ ਜੀ ਹਮੇਸ਼ਾ ਉਨ੍ਹਾਂ ਨੂੰ ਕਹਿੰਦੇ ਰਹਿੰਦੇ, ''ਤੇਰੇ ਤੋਂ ਨਹੀਂ ਹੋ ਸਕੇਗਾ, ਤੇਰੇ ਵੱਸ ਦਾ ਨਹੀਂ, ਬੇਵਕੂਫ ਏਂ? ਇੰਨਾ ਵੀ ਨਹੀਂ ਸਮਝਦੀ ਕਿ ਤੂੰ ਇਹ ਨਹੀਂ ਕਰ ਸਕੇਂਗੀ?'' ਕਾਫੀ ਦੇਰ ਤੱਕ ਜਦ ਸਰਲਾ ਜੀ ਤੋਂ ਉਨ੍ਹਾਂ ਨੂੰ ਕੋਈ ਉਤਰ ਨਾ ਮਿਲਿਆ ਤਾਂ ਨਿਰੰਜਨ ਜੀ ਨੇ ਪੁੱਛਿਆ, ''ਨਾਰਾਜ਼ ਹੋ ਗਈ ਏਂ?''

ਸਰਲਾ ਜੀ, ਨੇ ਮੁਸਕੁਰਾਉਂਦੇ ਹੋਏ ਕਿਹਾ, ''ਨਹੀਂ, ਨਹੀਂ, ਤੁਹਾਡੇ ਇਹ ਉਲਾਂਭੇ, ਤਾਅਨੇ, ਵਿਅੰਗਾਤਮਕ ਲਹਿਜ਼ੇ ਇਹ ਠਹਾਕੇ ਇਹੀ ਤਾਂ ਮੈਨੂੰ ਅੱਗੇ ਵਧਣ ਦੀ ਤਾਕਤ ਦਿੰਦੇ ਹਨ। ਮੈਨੂੰ ਇਹ ਹੋਰ ਮਿਹਨਤ ਕਰਨ ਦੇ ਲਈ ਪ੍ਰੇਰਿਤ ਕਰਦੇ ਹਨ। ਮੈਂ ਮਨ ਹੀ ਮਨ ਠਾਣ ਲੈਂਦੀ ਹਾਂ ਕਿ ਮੈਨੂੰ ਇਸ ਵਿਅਕਤੀ ਨੂੰ ਗਲਤ ਸਾਬਿਤ ਕਰਨਾ ਹੈ।'' ਇੰਨਾ ਕਹਿ ਕੇ ਉਹ ਪੈਡਲ ਮਾਰ, ਸਾਈਕਲ ਉੱਤੇ ਸਵਾਰ ਹੋ ਨਿਕਲ ਪਈ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
ਜਨ ਤੰਤ੍ਰ: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224





KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best



CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



EXCLUSIVE
JAMES C

CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

3+1 bdrms with finished Basement




Just listed for sale on MLS, 5 Sedgegrass way Brampton

KAMAL SANDHU RE/MAX GOLD REALTY INC BROKERAGE

# ਕੈਨੇਡਾ ਦੀਆਂ ਚੋਟੀ ਦੀਆਂ ਦਸ ਸਭ ਤੋਂ ਪ੍ਰਸਿੱਧ ਖੇਡਾਂ



ਡਾ. ਜਸਵਿੰਦਰ ਸਿੰਘ ਬਰਾੜ
ਖੇਡ ਲੇਖਕ

ਬਰਫ਼ ਦੀਆਂ ਖੇਡਾਂ ਹਰ ਪੱਧਰ ਤੇ ਕੈਨੇਡਾ ਵਿੱਚ ਖੇਡੀਆਂ ਜਾਣ ਵਾਲੀਆਂ ਸਾਲ ਭਰ ਦੀਆਂ ਖੇਡਾਂ ਹਨ ।ਇਸ ਦੇਸ਼ ਵਿਚ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ ਜੋ ਕੈਨੇਡਾ ਨੂੰ ਵਿਲੱਖਣ ਅਤੇ ਦਿਲਚਸਪ ਬਣਾਉਂਦੀਆਂ ਹਨ। ਦੇਸ਼ ਦਾ ਮਾਹੌਲ ਖੇਡਾਂ ਲਈ ਬਹੁਤ ਮਹਾਨ ਹੈ ਇੱਕ ਮਜ਼ਬੂਤ ਆਰਥਿਕਤਾ, ਘੱਟ ਅਪਰਾਧ ਦਰ ਅਤੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਨਾਲ ਨੇੜਤਾ ਇਸ ਨੂੰ ਵਿਲੱਖਣ ਅਤੇ ਰਹਿਣ ਲਈ ਉੱਤਮ ਸਥਾਨ ਬਣਾਉਂਦੀ ਹੈ ।

ਕੈਨੇਡੀਅਨ ਲੋਕ ਨਾ ਸਿਰਫ਼ ਮਨੋਰੰਜਨ ਲਈ ਬਲਕਿ ਦੇਸ਼ ਦੀ ਏਕਤਾ ਅਤੇ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਲਈ ਖੇਡ ਪ੍ਰਤੀਯੋਗਤਾਵਾਂ ਦੀ ਕਦਰ ਕਰਦੇ ਹਨ । ਕਈ ਤਰ੍ਹਾਂ ਦੀਆਂ ਖੇਡ ਗਤੀਵਿਧੀਆਂ ਕੈਨੇਡੀਅਨਾਂ ਨੂੰ ਆਪਣੀ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਅਤੇ ਅੰਤਰਰਾਸ਼ਟਰੀ ਪੱਧਰ ਤੇ ਬਾਕੀ ਦੇਸ਼ਾਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਮੁਕਾਬਲਾ ਕਰਨ ਲਈ ਸੰਪੂਰਨ ਅਵਸਰ ਪ੍ਰਦਾਨ ਕਰਦੀਆਂ ਹਨ ।

ਇਸ ਤਰ੍ਹਾਂ ਕੈਨੇਡਾ ਬਹੁਤ ਤਰ੍ਹਾਂ ਦੀਆਂ ਖੇਡਾਂ ਅਤੇ ਪ੍ਰਤੀਯੋਗਤਾਵਾਂ ਵਾਲਾ ਦੇਸ਼ ਬਣ ਗਿਆ ਹੈ ਕੈਨੇਡਾ ਨੇ ਅੰਤਰਰਾਸ਼ਟਰੀ ਖੇਡਾਂ ਦੇ ਨਾਲ ਨਾਲ ਓਲੰਪਿਕ ਖੇਡਾਂ ਵਿੱਚ ਵੀ ਆਪਣਾ ਦਬਦਬਾ ਦਿਖਾਇਆ ਹੈ। ਵਿਸ਼ਵ ਭਰ ਵਿੱਚ ਇਹ ਜਾਣਿਆ ਜਾਂਦਾ ਹੈ ਕਿ ਕੈਨੇਡਾ ਦੀਆਂ ਸਰਦੀ ਦੀਆਂ ਖੇਡਾਂ ਬਹੁਤ ਜ਼ਿਆਦਾ ਮਸ਼ਹੂਰ ਅਤੇ ਮਹੱਤਵਪੂਰਨ ਹਨ।

ਅੱਜ ਅਸੀਂ ਕੈਨੇਡਾ ਦੀਆਂ ਚੋਟੀ ਦੀਆਂ 10 ਖੇਡਾਂ ਬਾਰੇ ਚਰਚਾ ਕਰਾਂਗੇ ਅਤੇ ਸੂਚੀ ਅਨੁਸਾਰ ਜਾਣਾਂਗੇ ਕਿ ਕਿਹੜੀ ਖੇਡ ਸਭ ਤੋਂ ਵੱਧ ਮਸ਼ਹੂਰ ਹੈ।

ਨੰਬਰ 10.ਗੌਲਫ- ਗੌਲਫ ਪਹਿਲੀ ਵਾਰ ਸਕਾਟਲੈਂਡ ਵਿੱਚ ਪੰਦਰਵੀਂ ਸਦੀ ਦੇ ਆਖਰੀ ਅੱਧ ਵਿੱਚ ਖੇਡੀ ਗਈ ਸੀ। ਜਦੋਂ ਸਕਾਟਲੈਂਡ ਦੇ ਜੱਦੀ ਲੋਕ ਕੈਨੇਡਾ ਆਏ ਤਾਂ ਉਨ੍ਹਾਂ ਨੇ ਗੋਲਫ ਦੀ ਖੇਡ ਨੂੰ ਵੀ ਆਪਣੇ ਨਾਲ ਲਿਆਦਾ ਸੀ। ਗੌਲਫ ਨੂੰ "ਰਾਇਲ ਅਤੇ ਪ੍ਰਾਚੀਨ" ਖੇਡ ਵਜੋਂ ਜਾਣਿਆ ਜਾਂਦਾ ਸੀ ਪਹਿਲੇ ਕੈਨੇਡੀਅਨ ਗੌਲਫ਼ ਕਲੱਬ ਦੀ ਸਥਾਪਨਾ ਨਵੰਬਰ 1873 ਵਿੱਚ ਹੋਈ ਅਤੇ ਇਸ ਕਲੱਬ ਦਾ ਨਾਂ ਮਾਂਟਰੀਅਲ ਗੌਲਫ਼ ਕਲੱਬ ਰੱਖਿਆ ਗਿਆ। ਜੋ ਪਹਿਲੇ ਰਾਸ਼ਟਰਪਤੀ ਅਤੇ ਗੌਲਫ ਕਲੱਬ ਦੇ ਕਪਤਾਨ ਸਨ ਉਸ ਸਮੇਂ ਤੋਂ ਗੌਲਫ ਖੇਡ ਕੈਨੇਡਾ ਵਿਚ ਵਧਣ ਫੁੱਲਣ ਲੱਗੀ ਅਤੇ ਹੁਣ ਕੈਨੇਡਾ ਦੀ ਗੌਲਫ਼ ਖੇਡ ਅੰਤਰਰਾਸ਼ਟਰੀ ਮੁਕਾਮ ਹਾਸਲ ਕਰ ਚੁੱਕੀ ਹੈ ਅਤੇ ਕਨੇਡਾ ਅੰਤਰਰਾਸ਼ਟਰੀ ਪੱਧਰ ਤੇ ਗੌਲਫ ਵਿੱਚ ਵਿੱਚ ਚੰਗਾ ਨਾਮ ਰੱਖਦਾ ਹੈ। ਗੌਲਫ ਨੇ ਕੈਨੇਡਾ ਦੀਆਂ ਖੇਡਾਂ ਵਿੱਚ ਦਸਵਾਂ ਸਥਾਨ ਪ੍ਰਾਪਤ ਕੀਤਾ ਹੋਇਆ ਹੈ।

ਨੰਬਰ 9. ਕਰਲਿੰਗ -ਕਰਲਿੰਗ ਕੈਨੇਡਾ ਵਿਚ ਇਕ ਪ੍ਰਸਿੱਧ ਖੇਡ ਹੈ ਖ਼ਾਸਕਰ ਪੈਰੀਂ ਪ੍ਰੋਵਿੰਸ ਵਿਚ ਅਲਬਰਟਾ ਅਤੇ ਮੈਨੀਟੋਬਾ ਵਿਚ ਕਰਲਿੰਗ ਦੀਆਂ ਕਈ ਪ੍ਰਸਿੱਧ ਟੀਮਾਂ ਹਨ। ਕੈਨੇਡਾ ਵਿੱਚ ਕਰਲਿੰਗ ਹਮੇਸ਼ਾ ਫ਼ੌਜ ਨਾਲ ਜੁੜੀ ਰਹੀ ਹੈ ਅਤੇ ਸਕਾਟਲੈਂਡ ਤੋਂ ਇਸ ਨੂੰ ਕੈਨੇਡਾ ਵਿਚ ਲਿਆਂਦਾ ਗਿਆ ਸੀ। ਪੁਰਸ਼ਾਂ ਦੀ ਕਰਲਿੰਗ ਰਾਸ਼ਟਰੀ ਚੈਂਪੀਅਨਸ਼ਿਪ ਨੂੰ ਰੋਰਟਸ ਬਰੀਅਰ ਦੇ ਤੌਰ ਤੇ ਜਾਣਿਆ ਜਾਂਦਾ ਹੈ। ਜਦੋਂ ਕਿ ਔਰਤਾਂ ਦੀ ਚੈਂਪੀਅਨਸ਼ਿਪ ਨੂੰ ਦਿਲ ਦਾ ਸਕੋਟੀਜ ਟੂਰਨਾਮੈਂਟ ਕਿਹਾ ਜਾਂਦਾ ਹੈ ਔਰਤਾਂ ਕਰਲਿੰਗ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੀਆਂ ਹਨ ਅਤੇ ਇਹ ਖੇਡ ਸਭ ਤੋਂ ਜ਼ਿਆਦਾ ਟੈਲੀਵਿਜ਼ਨ ਤੇ ਦੇਖੀ ਜਾਣ ਵਾਲੀ ਖੇਡ ਹੈ । ਵਰਲਡ ਕਰਲਿੰਗ ਚੈਂਪੀਅਨਸ਼ਿਪ 1995 ਤੋਂ ਫੋਰਡ ਕੈਨੇਡਾ ਦੁਆਰਾ ਸਪਾਂਸਰ ਕੀਤੀ ਜਾ ਰਹੀ ਹੈ ਅਤੇ ਇਸ ਨੂੰ ਫੋਰਡ ਵਰਲਡ ਕਰਲਿੰਗ ਚੈਂਪੀਅਨਸ਼ਿਪ ਵਜੋਂ ਜਾਣਿਆ ਜਾਂਦਾ ਹੈ।

ਨੰਬਰ 8. ਬਾਸਕਿਟਬਾਲ - ਬਾਸਕਿਟਬਾਲ ਦੀ ਜੜ੍ਹ ਕੈਨੇਡਾ ਵਿੱਚ ਪੱਕੇ ਤੌਰ ਤੇ ਇੱਥੋਂ ਦੇ ਵਸਨੀਕਾਂ ਦੁਆਰਾ ਲਗਾਈ ਗਈ ਹੈ। ਆਧੁਨਿਕ ਬਾਸਕਿ-ਟਬਾਲ ਖੇਡ ਦੀ ਸਥਾਪਨਾ ਇੱਕ ਕਨੇਡੀਅਨ ਜੇਮਸ ਨੈਸਮਿਥ ਨੇ 1891 ਵਿੱਚ ਯੂਐਸ ਵਿੱਚ ਸਰੀਰਕ ਸਿੱਖਿਆ ਦੇ ਟੀਚਰ ਵਜੋਂ ਕੰਮ ਕਰਦਿਆਂ ਕੀਤੀ ਸੀ। ਪਹਿਲਾਂ ਖੇਡ ਵਿੱਚ ਹਿੱਸਾ ਲੈਣ ਵਾਲੇ ਖਿਡਾਰੀ ਕੈਨੇਡਾ ਤੋਂ ਬੁਲਵਾਏ ਜਾਂਦੇ ਸਨ।

ਬਾਸਕਟਬਾਲ ਦੀ ਖੇਡ ਖ਼ਾਸ ਕਰਕੇ ਕੈਨੇਡਾ ਦੇ ਨੋਵਾ ਸਕੋਸ਼ੀਆ ਵਿੱਚ ਹਾਈ



ਸਕੂਲਾਂ ਅਤੇ ਕਾਲਜਾਂ ਵਿੱਚ ਕਾਫੀ ਪ੍ਰਸਿੱਧ ਹੈ। ਦੇਸ਼ ਵਿਚ ਪੇਸ਼ੇਵਰ ਬਾਸਕਿਟਬਾਲ ਦੀ ਸ਼ੁਰੂਆਤ 1946 ਵਿੱਚ ਹੋਈ। ਪਰ ਇਸ ਨੂੰ ਪ੍ਰਸਿੱਧੀ 1994 ਵਿਚ ਮਿਲੀ ਜਦੋਂ ਐੱਨ ਬੀ ਏ ਨੇ ਟੋਰਾਂਟੋ ਰੈਪਟਰਜ਼ ਅਤੇ ਵੈਨਕੂਵਰ ਗਰਿੱਡ ਲਾਇਨਜ਼ ਨੂੰ ਫਰੈਂਚਾਈਜ਼ ਦਿੱਤੀ। ਇਸ ਸਮੇਂ ਕੈਨੇਡਾ ਵਿੱਚ ਬਾਸਕਟਬਾਲ ਦੀ ਕੌਮੀ ਚੈਂਪੀਅਨਸ਼ਿਪ ਵਿੱਚ 30 ਟੀਮਾਂ ਭਾਗ ਲੈਂਦੀਆਂ ਹਨ ਕੈਨੇਡਾ ਦੀਆਂ ਦਸ ਮਸ਼ਹੂਰ ਖੇਡਾਂ ਵਿੱਚ ਬਾਸਕਿਟ ਬਾਲ ਅੱਠਵੇਂ ਸਥਾਨ ਤੇ ਬਣਿਆ ਹੋਇਆ ਹੈ।

ਨੰਬਰ 7. ਰਗਬੀ - ਰਗਬੀ ਖੇਡ ਨੇਵੀ ਦੁਆਰਾ 1823 ਵਿਚ ਕੈਨੇਡਾ ਵਿਚ ਲਿਆਂਦੀ ਗਈ ਸੀ। ਰਗਬੀ ਖੇਡ ਨੇ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿਚ ਆਪਣਾ ਨਾਮ ਬਹੁਤ ਜਲਦ ਬਣਾਇਆ ਇਕ ਸਮੇਂ ਰਗਬੀ ਦੇਸ਼ ਵਿੱਚੋਂ ਅਲੋਪ ਹੀ ਹੋ ਗਈ ਸੀ ਪਰ ਇਸ ਨੂੰ ਰਾਸ਼ਟਰੀ ਟੀਮਾਂ ਦੇ ਗਠਨ ਅਤੇ ਘਰੇਲੂ ਮੁਕਾਬਲਿਆਂ ਦੁਆਰਾ ਦੁਬਾਰਾ ਹੋਂਦ ਵਿੱਚ ਲਿਆਂਦਾ ਗਿਆ। ਕੈਨੇਡੀਅਨ ਰਗਬੀ ਲੀਗ ਵਿੱਚ ਘਰੇਲੂ ਅਤੇ ਪੇਸ਼ੇਵਰ ਮੁਕਾਬਲੇ ਕਰਵਾਏ ਜਾਂਦੇ ਹਨ। ਰਗਬੀ ਯੂਨੀਅਨ ਚੈਂਪੀਅਨਸ਼ਿਪ ਵਿੱਚ ਚਾਰ ਖੇਤਰੀ ਟੀਮਾਂ ਭਾਗ ਲੈਂਦੀਆਂ ਹਨ ਰਗਬੀ ਯੂਨੀਅਨ ਨੇ ਦੇਸ਼ ਭਰ ਵਿੱਚ 13 ਹਜਾਰ ਤੋਂ ਵੱਧ ਸੀਨੀਅਰ ਖਿਡਾਰੀਆਂ ਅਤੇ ਬਹੁਤ ਸਾਰੇ ਜੂਨੀਅਰ ਖਿਡਾਰੀਆਂ ਨੂੰ ਤਿਆਰ ਕੀਤਾ ਖਾਸ ਕਰਕੇ ਵਿੱਚ ਇਨ੍ਹਾਂ ਖਿਡਾਰੀਆਂ ਦੀ ਗਿਣਤੀ ਜ਼ਿਆਦਾ ਹੈ।

ਨੰਬਰ 6. ਟੈਨਿਸ- ਟੈਨਿਸ ਕੈਨੇਡਾ ਦੀ ਇਕ ਹੋਰ ਪ੍ਰਸਿੱਧ ਖੇਡ ਹੈ ਕੈਨੇਡੀਅਨ ਟੈਨਿਸ ਦੀ ਪ੍ਰਬੰਧਕ ਸਭਾ ਨੂੰ ਟੈਨਿਸ ਕੈਨੇਡਾ ਵਜੋਂ ਜਾਣਿਆ ਜਾਂਦਾ ਹੈ। ਇਸ ਸੰਸਥਾ ਦੁਆਰਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿਚ ਭਾਗ ਲੈਣ ਲਈ ਖਿਡਾਰੀਆਂ ਨੂੰ ਉਤਸ਼ਾਹਤ ਕੀਤਾ ਜਾਂਦਾ ਹੈ ਅਤੇ ਸਮੇਂ ਸਮੇਂ ਤੇ ਟੈਨਿਸ



ਪ੍ਰਤੀਯੋਗਤਾਵਾਂ ਕਰਵਾਈਆਂ ਜਾਂਦੀਆਂ ਹਨ। ਇੱਥੇ ਇਹ ਦੱਸਣਾ ਦਿਲਚਸਪ ਹੈ ਕਿ ਹਰ ਸਾਲ ਕੈਨੇਡਾ ਵਿੱਚ ਟੈਨਿਸ ਖਿਡਾਰੀਆਂ ਦੀ ਸੰਖਿਆ ਵਧ ਰਹੀ ਹੈ। 1998 ਵਿੱਚ ਖਿਡਾਰੀਆਂ ਦੀ ਗਿਣਤੀ 1.2 ਮਿਲੀਅਨ ਤੋਂ ਵਧ ਕੇ 2001 ਵਿੱਚ ਤਕਰੀਬਨ 1.7 ਮਿਲੀਅਨ ਹੋ ਗਈ ਹੈ। ਇਨ੍ਹਾਂ ਖਿਡਾਰੀਆਂ ਵਿਚੋਂ 50% 25 ਸਾਲ ਤੋਂ ਘੱਟ ਉਮਰ ਦੇ ਹਨ ਟੈਨਿਸ ਕੈਨੇਡਾ ਵਿੱਚ ਇਕ ਚੰਗੀ ਤਰ੍ਹਾਂ ਜਾਣੀ ਪਹਿਚਾਣੀ ਮਸ਼ਹੂਰ ਖੇਡ ਹੈ ਅਤੇ ਕੈਨੇਡਾ ਦੀਆਂ ਦਸ ਖੇਡਾਂ ਵਿੱਚੋਂ ਛੇਵੇਂ ਸਥਾਨ ਹੈ ।

ਨੰਬਰ 5. ਕ੍ਰਿਕਟ- ਕ੍ਰਿਕਟ ਵਿਚ ਹਾਲਾਂਕਿ ਕੈਨੇਡਾ ਨੂੰ ਟੈਸਟ ਮੈਚਾਂ ਵਿਚ ਹਿੱਸਾ ਲੈਣ ਲਈ ਮਨਜ਼ੂਰੀ ਨਹੀਂ ਮਿਲੀ ਪਰ ਵਨ ਡੇ ਅੰਤਰਰਾਸ਼ਟਰੀ ਮੈਚਾਂ ਵਿੱਚ ਹਿੱਸਾ ਲੈਣ ਦੀ ਆਗਿਆ ਹੈ। ਕੈਨੇਡਾ ਦੀ ਬਹੁਤ ਹੀ ਚਰਚਿਤ ਮਹਿਲਾ ਕ੍ਰਿਕਟ ਟੀਮ ਅਤੇ ਅੰਡਰ 19 ਮਹਿਲਾ ਟੀਮ ਜਿਸ ਨੇ ਤਿੰਨ ਅੰਡਰ 19 ਵਿਸ਼ਵ ਕੱਪ ਮੁਕਾਬਲਿਆਂ ਵਿੱਚ ਹਿੱਸਾ ਲਿਆ ਹੈ। ਕੈਨੇਡਾ ਵਿਚ ਕ੍ਰਿਕਟ ਦਾ ਨਿਰਦੇਸ਼ਨ ਕ੍ਰਿਕਟ ਕੈਨੇਡਾ ਦੁਆਰਾ ਕੀਤਾ ਜਾਂਦਾ ਹੈ ਜਿਸ ਦੀ ਸਥਾਪਨਾ 1892 ਵਿਚ ਹੋਈ ਸੀ। ਇਹ ਸੰਸਥਾ ਘਰੇਲੂ ਅਤੇ ਅੰਤਰ ਸੂਬਾਈ ਖੇਡਾਂ ਦਾ ਆਯੋਜਨ ਕਰਦੀ ਹੈ ਅਤੇ ਸਕੋਸ਼ੀਆ ਸ਼ੀਲਡ ਅੰਡਰ 19 ਅਤੇ ਰਾਸ਼ਟਰੀ ਟੀ 20 ਚੈਂਪੀਅਨਸ਼ਿਪ ਦੇ ਘਰੇਲੂ ਮੁਕਾਬਲੇ ਵੀ ਕਰਵਾਉਂਦੀ ਹੈ। ਇਸ ਤਰ੍ਹਾਂ ਕ੍ਰਿਕਟ ਕੈਨੇਡਾ ਦੀਆਂ ਖੇਡਾਂ ਵਿੱਚ ਆਪਣਾ ਪੰਜਵਾਂ ਸਥਾਨ ਰੱਖਦੀ ਹੈ।

ਨੰਬਰ 4. ਬੇਸਬਾਲ -ਬੇਸਬਾਲ ਸ਼ੁਰੂ ਤੋਂ ਹੀ ਕੈਨੇਡਾ ਵਿੱਚ ਖੇਡੀ ਜਾਣ ਵਾਲੀ ਖੇਡ ਹੈ। ਇਹ ਦੇਸ਼ ਦੀਆਂ ਸਭ ਤੋਂ ਮਸ਼ਹੂਰ ਖੇਡਾਂ ਵਿੱਚੋਂ ਇੱਕ ਹੈ ਉਂਟਾਰੀਓ ਦਾ ਲੈਬਟ ਪਾਰਕ ਅੱਜ ਵੀ ਵਿਸ਼ਵ ਦਾ ਸਭ ਤੋਂ ਪੁਰ-ਾਣਾ ਬੇਸਬਾਲ ਪਾਰਕ ਹੈ।ਦੇਸ਼ ਵਿੱਚ ਇੱਕ ਮੇਜਰ ਲੀਗ ਕਰਵਾਈ ਜਾਂਦੀ ਹੈ ਜਿਸ ਦਾ ਨਾਮ ਟੋਰੰਟੋ ਬਲਿਊ ਜੇਸ ਹੈ। ਦੇਸ਼ ਵਿੱਚ ਕਈ ਸੁਤੰਤਰ ਲੀਗ ਟੀਮਾਂ ਵੀ ਹਨ ਅਤੇ ਕੈਨ ਐਮ ਲੀਗ ਅਤੇ ਅਮਰੀਕਨ ਐਸੋਸੀਏਸ਼ਨ ਲੀਗ ਵੀ ਕਰਵਾਈਆਂ ਜਾਂਦੀਆਂ ਹਨ। ਕੈਨੇਡਾ ਵਿੱਚ ਬੇਸਬਾਲ ਓਟਾਵਾ ਵਿਚ ਆਧਾਰਤ ਬੇਸਬਾਲ ਕੈਨੇਡਾ ਐਸੋਸੀਏਸ਼ਨ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ।

ਨੰਬਰ 3. ਫੁੱਟਬਾਲ- ਫੁੱਟਬਾਲ ਨੇ ਪਿਛਲੇ ਕਈ ਸਾਲਾਂ ਤੋਂ ਕੈਨੇਡਾ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਹਾਲਾਂਕਿ ਫੁੱਟਬਾਲ ਕਨੇਡਾ ਵਿਚ ਕਈ ਨਿਯਮਾਂ ਤਹਿਤ ਖੇਡਿਆ ਜਾਂਦਾ ਹੈ ਪਰ ਫੁਟਬਾਲ ਦੀ ਖੇਡ ਭਾਵਨਾ ਉਹੀ ਹੈ। ਕੈਨੇਡਾ ਵਿੱਚ ਪਹਿਲਾਂ ਫੁੱਟਬਾਲ ਮੁਕਾਬਲਾ ਦੋ ਕਲੱਬਾਂ ਵਿਚਾਲੇ ਅਕਤੂਬਰ 1876 ਵਿੱਚ ਟੋਰਾਂਟੋ ਵਿੱਚ ਹੋਇਆ ਸੀ। ਕੈਨੇਡੀਅਨ ਮਹਿਲਾ ਫੁੱਟਬਾਲ ਟੀਮ ਅੰਤਰਰਾਸ਼ਟਰੀ ਪੱਧਰ ਤੇ ਕਾਫੀ ਵਾਰ ਸਫਲ ਰਹੀ ਹੈ। ਕੈਨੇਡਾ ਦੀ ਮਹਿਲਾ ਟੀਮ ਨੇ 2012 ਦੇ ਲੰਡਨ ਓਲੰਪਿਕ ਵਿਚ ਕੁਆਲੀਫਾਈ ਕੀਤਾ ਅਤੇ ਪੂਰੇ ਟੂਰਨਾਮੈਂਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਟੂਰਨਾਮੈਂਟ ਵਿਚ ਖਾਸ ਗੱਲ ਇਹ ਰਹੀ ਕਿ ਕੈਨੇਡਾ ਦੀ ਟੀਮ ਸੈਮੀਫਾਈਨਲ ਮੈਚ ਵਿੱਚ ਸੰਯੁਕਤ ਰਾਜ ਨਾਲ ਖੇਡੀ ਅਤੇ ਖਿਡਾਰੀਆਂ ਦਾ ਮੰਨਣਾ ਹੈ ਕਿ ਵਿਵਾਦਪੂਰਨ ਫ਼ੈਸਲਿਆਂ ਦੁਆਰਾ ਇਹ ਮੈਚ 4-3 ਨਾਲ ਕੈਨੇਡਾ ਨੂੰ ਹਾਰਨਾ ਪਿਆ ਪਰ ਉਨ੍ਹਾਂ ਦੀ ਖੇਡ ਨੇ ਵਿਸ਼ਵ ਵਿੱਚ ਨਾਮਣਾ ਖੱਟਿਆ। ਹਾਲਾਂਕਿ ਇਸ ਟੀਮ ਨੇ ਫਰਾਂਸ ਦੀ ਮਜ਼ਬੂਤ ਟੀਮ ਨੂੰ 1-0 ਦੇ ਮੁਕਾਬਲੇ ਨਾਲ ਹਰਾਇਆ ਸੀ। ਕੈਨੇਡਾ ਨੇ ਪਹਿਲੀ ਵਾਰ 2015 ਵਿੱਚ ਫੀਫਾ ਮਹਿਲਾ ਵਰਲਡ ਕੱਪ ਦਾ ਆਯੋਜਨ ਕਰਵਾਇਆ ਜੋ ਲਗਪਗ ਇੱਕ ਮਹੀਨਾ ਚੱਲਿਆ ਫੁਟਬਾਲ ਕਨੇਡਾ ਦੀਆਂ ਖੇਡਾਂ ਵਿਚ ਤੀਸਰਾ ਸਥਾਨ ਰੱਖਦਾ ਹੈ ।

ਨੰਬਰ 2. ਲੈਕਰੋਸ -ਲੈਕਰੋਸ ਨੂੰ 1859 ਵਿੱਚ ਕੈਨੇਡਾ ਦੀ ਰਾਸ਼ਟਰੀ ਖੇਡ ਅਤੇ 1994 ਵਿੱਚ ਗਰਮੀ ਦੀਆਂ ਖੇਡਾਂ ਘੋਸ਼ਿਤ ਕੀਤਾ ਗਿਆ। ਇਸ ਖੇਡ ਨੂੰ ਕੈਨੇਡਾ ਵਿੱਚ ਹਜ਼ਾਰਾਂ ਲੋਕ ਖੇਡਦੇ ਹਨ ਲੈਕਰੋਸ 1925 ਵਿੱਚ ਬਣੀ ਲੈਕਰੋਸ ਐਸੋਸੀਏਸ਼ਨ ਦੁਆਰਾ ਆਯੋਜਿਤ ਕਰਵਾਈ ਜਾਂਦੀ ਹੈ ਦੇਸ਼ ਵਿਚ ਦੋ ਪੇਸ਼ੇਵਰ ਲੀਗ ਹੁੰਦੀਆਂ ਹਨ। ਬਾਕਸ ਲੈਕਰੇਸ ਲੀਗ ਲਈ ਨੈਸ਼ਨਲ ਅਤੇ ਫੀਲਡ ਲੈਕਰੇਸ ਲਈ ਮੇਜਰ ਲੀਗ ਲੋਕਰੇਸ ਹੁੰਦੀ ਹੈ। 2006 ਦੀ ਵਰਲਡ ਲੈਕਰੇਸ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਕੈਨੇਡਾ ਨੇ ਯੂਐਸ ਨੂੰ 15-10 ਦੇ ਅੰਤਰ ਨਾਲ ਹਰਾਇਆ।

ਨੰਬਰ 1. ਆਈਸ ਹਾਕੀ -ਆਈਸ ਹਾਕੀ ਨੂੰ ਕੈਨੇਡਾ ਵਿਚ ਸਭ ਤੋਂ ਮਸ਼ਹੂਰ ਅਤੇ ਲੋਕਪ੍ਰਿਆ ਖੇਡ ਮੰਨਿਆ ਜਾਂਦਾ ਹੈ। ਕਿਉਂਕਿ ਇਸ ਖੇਡ ਨੂੰ ਕੈਨੇਡਾ ਵਿੱਚ ਅਧਿਕਾਰਤ ਰਾਸ਼ਟਰੀ ਖੇਡ ਦਾ ਦਰਜਾ ਪ੍ਰਾਪਤ ਹੈ । ਕੈਨੇਡੀਅਨ ਆਈਸ ਹਾਕੀ ਲੀਗ ਅਤੇ ਨੈਸ਼ਨਲ ਹਾਕੀ ਲੀਗ ਦੀ ਸਥਾਪਨਾ ਕੈਨੇਡਾ ਅਤੇ ਅਮਰੀਕਾ ਦੋਵੇਂ ਦੇਸ਼ਾਂ ਵਿੱਚ ਕੀਤੀ ਗਈ। ਕੈਨੇਡਾ ਕੋਲ ਇਸ ਸਮੇਂ ਐਨ ਐਚ ਐਲ ਵਿਚ ਖੇਡਣ ਵਾਲੀਆਂ ਸੱਤ ਟੀਮਾਂ ਹਨ। ਜਿਵੇਂ ਕੈਲਗਿਰੀ, ਐਡਮਿੰਟਨ, ਮਾਂਟਰੀਅਲ, ਟੋਰਾਂਟੋ। ਅਟਾਵਾ ਅਤੇ ਵਿਨੀਪੈੱਗ ਵਿੱਚ ਕੈਨੇਡਾ ਕੁਝ ਮਜ਼ਬੂਤ ਅਰਧ ਪੇਸ਼ੇਵਰ ਅਤੇ ਮਨੋਰੰਜਨ ਲਈ ਆਈਸ ਹਾਕੀ ਲੀਗ ਦਾ ਪ੍ਰਬੰਧ ਵੀ ਕਰਦਾ ਹੈ। ਆਈਸ ਹਾਕੀ ਨੂੰ 'ਹਾਕੀ ਕੈਨੇਡਾ' ਦੁਆਰਾ ਚਲਾਇਆ ਜਾਂਦਾ ਹੈ ਆਈਸ ਹਾਕੀ ਕੈਨੇਡਾ ਦੀਆਂ ਦਸ ਖੇਡਾਂ ਵਿੱਚੋਂ ਪਹਿਲਾ ਸਥਾਨ ਰੱਖਦੀ ਹੈ।

ਅੱਜ ਭਾਵੇਂ ਕੈਨੇਡਾ ਅੰਤਰਰਾਸ਼ਟਰੀ ਬਹੁਤ ਸਾਰੀਆਂ ਖੇਡਾਂ ਵਿੱਚ ਕੋਈ ਨਾਮ ਨਹੀਂ ਰੱਖਦਾ ਪਰ ਸਮੇਂ ਦੇ ਨਾਲ ਨਾਲ ਇਹ ਆਪਣੀਆਂ ਖੇਡਾਂ ਵਿੱਚ ਸੁਧਾਰ ਕਰਕੇ ਮਜ਼ਬੂਤ ਧਿਰ ਬਣਦਾ ਜਾ ਰਿਹਾ ਹੈ। ਜੋ ਆਉਣ ਵਾਲੇ ਸਮੇਂ ਵਿਚ ਅੰਤਰਰਾਸ਼ਟਰੀ ਖੇਡਾਂ ਵਿਚ ਚੰਗਾ ਮੁਕਾਮ ਹਾਸਲ ਕਰੇਗਾ।

## ਵਿਅੰਗ: ਰਪਟਧਰ ਲਾਲ ਦੀ ਖਾਸ ਰਪਟ

-ਸੁਸ਼ੀਲ ਦੀਕਸ਼ਿਤ-

ਉਹ ਆਦਮੀ ਪਤਾ ਨਹੀਂ ਕਿਸ ਧੁਨ ਵਿੱਚ ਸੀ ਕਿ ਅਚਾਨਕ ਨਦੀ ਵਿੱਚ ਜਾ ਡਿੱਗਾ। ਜੋ ਆਦਮੀ ਪਲ ਭਰ ਪਹਿਲਾਂ ਪੁਲ ਉੱਤੇ ਸੀ, ਉਹੀ ਨਦੀ ਵਿੱਚ ਸੀ। ਉਸ ਦੇ ਡਿੱਗਣ ਦੀ ਆਵਾਜ਼ ਸੁਣ ਕੇ ਪੁਲ ਉੱਤੇ ਭੀੜ ਲੱਗ ਗਈ। ਉਹ ਬਚਾਓ-ਬਚਾਓ ਚੀਕ ਰਿਹਾ ਸੀ, ਪਰ ਤਮਾਸ਼ਬੀਨ ਤਮਾਸ਼ੇ ਦੀ ਬੀਨ ਵਜਾ ਰਹੇ ਸਨ। ਲੋਕਾਂ ਦੀ ਦਿਲਚਸਪੀ ਕੇਵਲ ਡੁੱਬਦੇ ਆਦਮੀ ਨੂੰ ਦੇਖਣ ਵਿੱਚ ਸੀ ਜਾਂ ਅਲੱਗ-ਅਲੱਗ ਐਂਗਲ ਤੋਂ ਉਸ ਦੇ ਵੀਡੀਓ ਬਣਾਉਣ ਵਿੱਚ। ਕੁਝ ਸੈਲਫੀ ਲੈਣ ਦੀ ਕੋਸ਼ਿਸ਼ ਵਿੱਚ ਵੀ ਸਨ। ਇਸੇ ਦੌਰਾਨ ਇੱਕ ਛੋਟੀ ਮੋਟਰ ਬੋਟ ਪੁਲ ਦੇ ਹੇਠੋਂ ਨਿਕਲ ਕੇ ਡੁੱਬਦੇ ਬੰਦੇ ਵੱਲ ਵਧੀ। ਕੁਝ ਲੋਕ ਕੈਮਰਾ ਲੈ ਕੇ ਕਿਨਾਰੇ ਉੱਤੇ ਤੇਜ਼ੀ ਨਾਲ ਫੈਲਦੇ ਦੇਖੇ ਗਏ। ਬੋਟ ਨੇ ਡੁੱਬਦੇ ਬੰਦੇ ਦੇ ਦੋ-ਤਿੰਨ ਚੱਕਰ ਲਾਏ। ਉਸ ਵਿੱਚ ਸਵਾਰ ਇੱਕ ਨੌਜਵਾਨ ਨੇ ਕੈਮਰਾ ਆਨ ਕਰ ਕੇ ਡੁੱਬਦੇ ਆਦਮੀ ਵੱਲ ਕੀਤਾ। ਦੂਸਰੇ ਨੌਜਵਾਨ ਨੇ ਇੱਕ ਮਾਈਕ ਕੱਢਿਆ ਤੇ ਜ਼ੋਰ-ਜ਼ੋਰ ਨਾਲ ਬੋਲਣਾ ਸ਼ੁਰੂ ਕਰ ਦਿੱਤਾ, 'ਇਹ ਜੋ ਤਸਵੀਰ ਤੁਸੀਂ ਸਾਡੇ ਛਿਦਰਾਨਵੇਸ਼ੀ ਚੈਨਲ ਉੱਤੇ ਦੇਖ ਰਹੋ ਹੋ, ਇਹ ਡੁਬਦੇ ਹੋਏ ਇੱਕ ਆਦਮੀ ਦੀ ਹੈ। ਇਸ ਸਮੇਂ ਮੈਂ ਰਪਟਧਰ ਲਾਲ ਨਦੀ ਵਿੱਚ ਉਸ ਡੁਬਦੇ ਆਦਮੀ ਕੋਲ ਬੋਟ ਉੱਤੇ ਹਾਂ, ਜਿੱਥੋਂ ਮੈਂ ਆਪਣੇ ਚੈਨਲ ਉੱਤੇ ਇਹ ਐਕਸਕਲੂਸਿਵ ਲਾਈਵ ਟੈਲੀਕਾਸਟ ਕਰ ਰਿਹਾ ਹਾਂ।' ਚੈਨਲ ਉੱਤੇ ਐਂਕਰ ਨੇ ਖਬਰ ਦੀ ਹੈੱਡਲਾਈਨ ਛੇਤੀ-ਛੇਤੀ ਪੜ੍ਹਨ ਮਗਰੋਂ ਕਿਹਾ, 'ਅਸੀਂ ਸਿੱਧੇ ਤੁਹਾਨੂੰ ਰਿਪੋਰਟਰ ਰਪਟਧਰ ਲਾਲ ਜੀ ਦੇ ਕੋਲ ਤੁਹਾਨੂੰ ਲੈ ਚਲਦੇ ਹਾਂ, ਜੋ ਨਦੀ ਵਿੱਚ ਉਸ ਆਦਮੀ ਕੋਲ ਹਨ।' ਫਿਰ ਉਹ ਬੋਲੀ, 'ਰਪਟਧਰ ਲਾਲ ਜੀ, ਦਰਸ਼ਕਾਂ ਨੂੰ ਦੱਸੋ ਕਿ ਉਥੇ ਕੀ ਹੋ ਰਿਹਾ ਹੈ?' ਇਸ ਦੇ ਬਾਅਦ ਪਰਦੇ ਉੱਤੇ ਰਪਟਧਰ, ਨਦੀ ਅਤੇ ਡੁੱਬਦਾ ਆਦਮੀ ਦਿਖਾਇਆ ਜਾਣ ਲੱਗਾ।

ਰਪਟਧਰ ਨੇ ਦੱਸਿਆ, 'ਦੇਖੋ ਇਸ ਸਮੇਂ ਮੈਂ ਨਦੀ ਵਿੱਚ ਡੁੱਬਦੇ ਆਦਮੀ ਕੋਲ ਹਾਂ।' ਕੈਮਰਾ ਗੋਤੇ ਖਾਂਦੇ ਆਦਮੀ ਵੱਲ ਘੁੰਮ ਗਿਆ। ਰਪਟਧਰ ਬੋਲਦਾ ਰਿਹਾ, 'ਇਹ ਆਦਮੀ ਵਾਰ-ਵਾਰ ਗੋਤੇ ਖਾ ਰਿਹਾ ਹੈ। ਕਈ ਲੋਕ ਦੇਖ ਰਹੇ ਹਨ, ਪਰ ਕੋਈ ਬਚਾਉਣ ਲਈ ਅੱਗੇ ਨਹੀਂ ਆ ਰਿਹਾ।' ਕੈਮਰਾ ਪੁਲ ਅਤੇ ਦੋਵਾਂ ਕਿਨਾਰਿਆਂ ਦੀ ਭੀੜ ਤੋਂ ਫਿਰ ਉਸੇ ਡੁੱਬਦੇ ਆਦਮੀ ਉੱਤੇ ਆਣ ਟਿਕਿਆ। ਰਪਟਧਰ ਬੋਲਦੇ-ਬੋਲਦੇ ਹੱਫਣ ਲੱਗਾ ਸੀ, 'ਦੇਖੋ, ਤੁਹਾਨੂੰ ਇਹ ਆਦਮੀ ਬਚਾਉਣ ਦੀ ਗੁਹਾਰ ਲਾ ਰਿਹਾ ਹੈ, ਪਰ ਕੋਈ ਸੁਣ ਨਹੀਂ ਰਿਹਾ।' ਫਿਰ ਉਸ ਨੇ ਡੁਬਦੇ ਆਦਮੀ ਵੱਲ ਮਾਈਕ ਕਰ ਕੇ ਪੁੱਛਿਆ, 'ਤੁਸੀਂ ਡੁੱਬ ਰਹੇ ਹੋ?' ਉਹ ਆਦਮੀ ਕਿਸੇ ਤਰ੍ਹਾਂ ਬੋਲਿਆ ਕਿ ਉਹ ਡੁੱਬਣਾ ਨਹੀਂ ਚਾਹੁੰਦਾ। ਰਪਟਧਰ ਫਿਰ ਬੋਲਿਆ, 'ਦੇਖੋ ਇਹ ਆਦਮੀ ਮਰਨਾ ਨਹੀਂ ਚਾਹੁੰਦਾ, ਪਰ ਇਸ ਨੂੰ ਕੋਈ ਬਚਾ ਨਹੀਂ ਰਿਹਾ।' ਫਿਰ ਉਸ ਨੇ ਡੁਬਦੇ ਆਦਮੀ ਤੋਂ ਪੁੱਛਿਆ, 'ਚੰਗਾ ਦੱਸੋ, ਤੁਹਾਨੂੰ ਡੁੱਬਦੇ ਹੋਏ ਕਿੱਦਾਂ ਦਾ ਲੱਗ ਰਿਹਾ ਹੈ?' 'ਓ ਬਾਊ ਜੀ, ਜਾਨ ਨਿਕਲ ਰਹੀ ਹੈ। ਬਚਾਓ।' ਰਪਟਧਰ ਫਿਰ ਚੀਕਿਆ, 'ਇਸ ਦੇ ਪ੍ਰਾਣ ਨਿਕਲ ਰਹੇ ਹਨ ਡੁੱਬਣ ਕਾਰਨ। ਇਹ ਬਹੁਤ ਗੰਭੀਰ ਮਾਮਲਾ ਹੈ।' ਰਪਟਧਰ ਨੇ ਫਿਰ ਉਸ ਨੂੰ ਸਵਾਲ ਕੀਤਾ, 'ਤੈਨੂੰ ਇਸ ਤਰ੍ਹਾਂ ਕਿੰਨਾ ਸਮਾਂ ਹੋ ਗਿਆ?' 'ਬਾਊ ਜੀ ਬਹੁਤ ਦੇਰ ਹੋ ਗਈ। ਛੇਤੀ ਕੁਝ ਕਰੋ।' ਰਪਟਧਰ ਫਿਰ ਚੀਕਣ ਲੱਗਾ, 'ਇਹ ਆਦਮੀ ਬਹੁਤ ਦੇਰ ਤੋਂ ਡੁੱਬ ਰਿਹਾ ਹੈ, ਪਰ ਅਜੇ ਨਾ ਪ੍ਰਸ਼ਾਸਨ ਦਾ ਕੋਈ ਆਦਮੀ ਆਇਆ ਤੇ ਨਾ ਸੱਤਾ ਦਲ ਦਾ। ਕਿਸੇ ਨੇ ਇਸ ਦੀ ਸਾਰ ਨਹੀਂ ਲਈ।" ਮਾਈਕ ਅਤੇ ਕੈਮਰਾ ਫਿਰ ਡੁੱਬਦੇ ਹੋਏ ਆਦਮੀ ਵੱਲ ਘੁੰਮਿਆ ਅਤੇ ਰਪਟਧਰ ਨੇ ਪੁੱਛਿਆ, 'ਚੰਗਾ ਇਹ ਦੱਸੋ ਕਿ ਤੁਸੀਂ ਕੀ ਕਹਿਣਾ ਚਾਹੁੰਦੇ ਹੋ?।' 'ਓ ਇਹੀ ਕਹਿਣਾ ਹੈ ਕਿ ਮੈਨੂੰ ਬਚਾਓ। ਜਲਦੀ ਕਰੋ। ਕੁਝ ਕਰੋ।' ਇਸ ਉੱਤੇ ਉਸ ਦੇ ਕੋਲ ਇੱਕ ਹੋਰ ਸਵਾਲ ਆਇਆ, 'ਇਸ ਦੇ ਇਲਾਵਾ?' ਉਹ ਆਦਮੀ ਥੋੜ੍ਹਾ ਗੁੱਸੇ ਵਿੱਚ ਬੋਲਿਆ, 'ਤੂੰ ਬਚਾਉਣ ਦੀ ਜਗ੍ਹਾ ਮੇਰੇ ਤੋਂ ਬੇਕਾਰ ਸਵਾਲ ਪੁੱਛੀ ਜਾਨੈ।' ਇੰਨਾ ਕਹਿ ਕੇ ਉਸ ਨੇ ਰਿਪੋਰਟਰ ਉੱਤੇ ਆਪਣੀ ਮੂੰਹ ਦਾ ਭਰਿਆ ਪਾਣੀ ਸੁੱਟਿਆ। ਰਪਟਧਰ ਫਿਰ ਚੀਕਿਆ, 'ਇਹ ਆਦਮੀ ਮੀਡੀਆ ਨਾਲ ਸਹਿਯੋਗ ਨਹੀਂ ਕਰ ਰਿਹਾ, ਫਿਰ ਵੀ ਮੈਂ ਉਸ ਤੋਂ ਕੁਝ ਸਵਾਲ ਪੁੱਛਦਾ ਹਾਂ? ਕਿਉਂ ਭਾਈ, ਖੇਤੀ ਕਾਨੂੰਨ ਵਿਰੋਧੀ ਅੰਦੋਲਨ ਦੇ ਬਾਰੇ ਤੁਹਾਨੂੰ ਕੀ ਮੱਤ ਹੈ?' ਡੁੱਬਣ ਵਾਲੇ ਨੇ ਅੱਖਾਂ ਪਾੜ ਕੇ ਦੇਖਿਆ।

ਰਪਟਧਰ ਨੇ ਹਾਰ ਨਹੀਂ ਮੰਨੀ ਅਤੇ ਡੁਬਦੇ ਹੋਏ ਆਦਮੀ ਤੋਂ ਪੁੱਛਿਆ, 'ਚੰਗਾ, ਇਹ ਦੱਸੋ ਕਿ ਵਧਦੇ ਪੈਟਰੋਲ ਦੀ ਕੀਮਤ ਉੱਤੇ ਕੀ ਕਹਿਣਾ ਚਾਹੁੰਦੇ ਹੋ? ਕੀ ਤੁਸੀਂ ਦੇਸ਼ ਦੀ ਅਰਥ ਵਿਵਸਥਾ ਤੋਂ ਖੁਸ਼ ਹੋ?'

'ਓ, ਢੱਠੇ ਖੂਹ ਵਿੱਚ ਜਾਓ, ਉਹ ਆਦਮੀ ਚੀਕਿਆ।'

ਫਿਰ ਭੀੜ ਵੱਲ ਹੱਥ ਲਿਆ ਕੇ ਬੋਲਿਆ, 'ਭਗਵਾਨ ਲਈ ਬਚਾਓ। ਛੇਤੀ ਕਰੋ।' ਤਦ ਚਾਰ ਨੌਜਵਾਨ ਨਦੀ ਵਿੱਚ ਛਾਲ ਮਾਰ ਕੇ ਡੁਬਦੇ ਆਦਮੀ ਕੋਲ ਪਹੁੰਚੇ। ਚਾਰਾਂ ਨੇ ਉਸ ਨੂੰ ਆਪਣੀ ਗ੍ਰਿਫਤ ਵਿੱਚ ਲਿਆ ਤੇ ਦੇਖਦੇ ਹੀ ਦੇਖਦੇ ਕਿਨਾਰੇ ਉੱਤੇ ਲਿਆ ਰੱਖਿਆ। ਰਪਟਧਰ ਨੇ ਉਨ੍ਹਾਂ ਵੱਲ ਮੁਖਾਤਿਬ ਹੋ ਕੇ ਉਨ੍ਹਾਂ ਤੋਂ ਕੁਝ ਪੁੱਛਿਆ ਚਾਹਿਆ, ਪਰ ਉਹ ਬਿਨਾਂ ਕੁਝ ਕਹੇ-ਸੁਣੇ ਅੱਗੇ ਵਧ ਗਏ। ਡੁੱਬਣ ਵਾਲਾ ਆਦਮੀ ਵੀ ਜਲਦੀ ਨਾਲ ਉਨ੍ਹਾਂ ਦੇ ਪਿੱਛੇ ਤੁਰ ਪਿਆ।

# ਰੋਡਵੇਜ ਬਨਾਮ ਜਨਾਨੀਆਂ ਦੇ ਫ੍ਰੀ ਝੂਟੇ ਮਾਟੇ

ਸਵਾਮੀ ਸਰਬਜੀਤ



ਪੰਜਾਬ ਸਰਕਾਰ ਨੇ ਐਲਾਨ ਤਾਂ ਖਾਸਾ ਟੈਮ ਪਹਿਲਾਂ ਈ ਕਰਤਾ ਸੀ ਬਈ 'ਬੀਬੀਆਂ ਨੂੰ ਪੰਜਾਬ ਸਰਕਾਰੂ ਲੋਹੇ ਦੇ ਘੋੜੇ ਰੋਡਵੇਜ 'ਤੇ ਮੁਫ਼ਤ ਝੂਟੇ ਮਾਟੇ ਦਿੱਤੇ ਜਾਣਗੇ।' ਐਲਾਨ ਸੁਣ ਕੇ ਬੀਬੀਆਂ ਤਾਂ ਫੂਕ ਛਕਗੀਆਂ ਪਰ ਛੇਤੀ ਹੀ ਇਸ ਸਰਕਾਰੀ ਦਾਅਵੇ ਦੀ ਫੂਕ ਨਿੱਕਲ਼ ਗਈ ਤਾਂ ਬੀਬੀਆਂ ਦੀ ਹਾਲਤ 'ਨ੍ਹਾਤੀ ਧੋਤੀ ਰਹਿ ਗਈ ਤੇ ਮੂੰਹ 'ਤੇ ਮੱਖੀ ਬਹਿ ਗਈ' ਆਲ਼ੀ ਹੋ ਗਈ।

ਹੁਣ ਦੁਬਾਰਾ ਜਦੋਂ ਪੰਜਾਬ ਸਰਕਾਰ ਨੇ ਫੇਰ ਐਲਾਨ ਕਰਿਆ ਬਈ '1 ਅਪ੍ਰੈਲ ਤੋਂ ਬੀਬੀਆਂ ਨੂੰ ਮੁਫ਼ਤ ਝੂਟੇ ਮਾਟੇ ਦਵਾਵਾਂਗੇ' ਤਾਂ ਬੀਬੀਆਂਭੈਣਾਂ ਨੇ 'ਅਪ੍ਰੈਲ ਫੂਲ ਬਣਾ ਰਹੇ ਹੋਣਗੇ !' ਸੋਚ ਕੇ ਬਹੁਤ ਉਤਸ਼ਾਹ ਜਿਹਾ ਨਾ ਦਖਾਇਆ ਪਰ ਸਾਡੇ ਮਹੱਲੇ ਆਲ਼ੀ ਹੈਪੀ ਦੀ ਮੰਮੀ ਮੈਦਾਨ ਵਿੱਚ ਨਿੱਤਰ ਆਈ ਇਹ ਦੇਖਣਪਾਖਣ ਲਈ ਬਈ ਇਹ 'ਸਰਕਾਰੂ ਬਿਆਨ ਕਿਤੇ ਸਮਾਰਟ ਫ਼ੋਨ ਤੇ 15 ਲੱਖ ਅਕਾਊਂਟਾਂ 'ਚ ਪਾਉਣ ਆਲ਼ੇ ਅਰਗਾ ਤਾਂ ਨ੍ਹੀਂ ਹੈਗਾ !!'

ਹੈਪੀ ਦੀ ਮੰਮੀ ਊਂਅ ਵੀ ਵਿਹਲੀ ਓ ਹੁੰਦੀ, ਸੋ ਉਹਨੇ ਸੋਚਿਆ ਬਈ 'ਵਿਹਲ ਦਾ ਫੈਦਾ ਲਈਏ ਤੇ ਸਭ ਤੋਂ ਪਹਿਲਾਂ ਖਬਰ ਦੀ ਸੱਚਾਈ ਦੱਸ ਕੇ ਮਹੱਲੇ ਨੂੰ ਹਰਾਨਪਰੇਸ਼ਾਨ ਕਰਨ ਦਾ ਲੁਤਫ਼ ਉਠਾਈਏ !!'

ਲਓ ਜੀ ਇਹ ਮਨ ਵਿੱਚ ਧਾਰ, ਹੈਪੀ ਦੀ ਮੰਮੀ ਨੇ ਘਰੋਂ ਚੱਕਿਆ ਆਧਾਰ ਕਾਰਡ, ਆਪਣਾ ਨਾਲ਼ੇ ਹੈਪੀ ਦੇ ਭਾਪੇ ਦਾ ਤੇ ਪਾਤੇ ਚਾਲੇ ਬੱਸ ਸਟੈਂਡ ਕੰਨੀਂ ਨੂੰ। ਮਨ 'ਚ ਧਾਰ ਕੇ ਗਈ ਬਈ 'ਬੱਸ ਚੜ੍ਹਨ ਤੋਂ ਪਹਿਲਾਂ ਈ ਪੁੱਛਲੂੰ... ਜੇ ਕਰਾਇਆ ਮਾਫ ਹੋਇਆ ਤਾਂ ਝੂਟੇ ਮਾਟੇ ਲੈ ਆਊਂ, ਨਹੀਂ ਸਰਕਾਰ ਨੂੰ ਲੱਖ ਲਾਹਨਤਾਂ ਪਾ ਆਊਂ।'

ਬੱਸ ਸਟੈਂਡ ਪਹੁੰਚ ਕੇ ਹੈਪੀ ਦੀ ਮੰਮੀ ਨੇ 'ਅੱਕੜਬੱਕੜ, ਭੰਬਾ ਭੋ, ਅੱਸੀ ਨੱਬੇ ਪੂਰਾ ਸੌ ਕਰ ਕੇ' ਇੱਕ ਲੋਕਲ ਜੀ ਸਰਕਾਰੀ ਬੱਸ ਦੀ ਬਾਰੀ ਨੂੰ ਹੱਥ ਜਾ ਪਾਇਆ। ਕੰਡਕਟਰ ਪਿਛਲੀ ਬਾਰੀ ਕੋਲ਼ ਕੰਡਕਟਰ ਸੀਟ 'ਤੇ ਬੈਠਾ ਜਰਦਾ ਮਲਣ ਦੀ ਰਾਇ ਜੀ ਬਣਾ ਰਿਹਾ ਸੀ।

ਹੈਪੀ ਦੀ ਮੰਮੀ ਨੇ ਪੈਂਦੀ ਸੱਟੇ ਈ ਪੁੱਛ ਲਿਆ, "ਬੀਰ ਜੀ, ਜਨਾਨੀਆਂ ਮੁਫ਼ਤ ਕਰਤੀਆਂ ਕ ਨਹੀਂ ?"

"ਭਲਾਂ ਜਨਾਨੀਆਂ ਪਹਿਲਾਂ ਮੁੱਲ ਮਿਲਦੀਆਂ ਤੀ ਬੀਬੀ ??" ਕੰਡਕਟਰ ਨੇ ਪੁੜੀ ਵਿੱਚੋਂ ਸੁੱਕਾ ਜਰਦਾ ਆਪਣੀ ਤਲ਼ੀ 'ਤੇ ਉਲਟਾਂਦਿਆਂ ਪੈਂਦੀ ਸੱਟੇ ਸੁਆਲ ਹੈਪੀ ਦੀ ਮੰਮੀ ਦੇ ਗਿੱਟਿਆਂ 'ਚ ਦੇ ਮਾਰਿਆ।

"ਓ ਮੇਰਾ ਮਤਬਲ ਭਾਈ, ਜਨਾਨੀਆਂ ਦਾ ਕਰਾਇਆ ਮਾਫ ਕਰਤਾ ਸਰਕਾਰ ਨੇ ਕਿ ਨਹੀਂ ?"

"ਕਿਉਂ ਜਨਾਨੀਆਂ ਕੀ ਡੀ.ਸੀ. ਲੱਗੀਆਂ ਹੋਈਆਂ ਨੇ ?" ਕੰਡਕਟਰ ਨੇ ਫੇਰ ਗੇਂਦ ਹੈਪੀ ਦੀ ਮੰਮੀ ਦੇ ਪਾਲ਼ੇ ਵਿੱਚ ਦੇ ਮਾਰੀ।

"ਵੇ ਭਾਈ, ਤੂੰ ਡੀ.ਸੀ. ਨੂੰ ਦੇਖਿਐ ਕਦੇ ਸਰਕਾਰੂ ਬੱਸ ਚੜ੍ਹਦੇ ?? ਉਨ੍ਹਾਂ ਨੂੰ ਕਿਰਾਇਆ ਭਾਮੇ ਮਾਫ ਹੋਵੇ, ਭਾਮੇ ਦੁੱਗਣਾ ਦੇਣਾ ਪਵੇ, ਜਦ ਉਨ੍ਹਾਂ ਬੱਸ 'ਚ ਚੜ੍ਹਨਾ ਈ ਨਾ ਹੋਇਆ...।"

ਆਪਣੀ ਜਾਚੇ ਹੈਪੀ ਦੀ ਮੰਮੀ ਨੇ ਕਰਾਰਾ ਜਿਹਾ ਤਰਕ ਦੇ ਕੇ ਕੰਡਕਟਰ ਨੂੰ ਅੱਗੋਂ ਵਾਧੂ ਭਕਾਈ ਬੰਦ ਕਰਨ ਤੋਂ ਰੋਕਿਆ।

ਪਰ ਕੰਡਕਟਰ ਨੇ ਵੀ ਜਰਦਾ ਮਲਣ ਦੀ ਮੌਜ ਵਿੱਚੋਂ ਆਖਿਆ, "ਐਂ ਤਾਂ ਟੂਲ ਬੈਰੀਅਰ ਤੋਂ ਕਿਹੜਾ ਕਦੇ ਪ੍ਰਧਾਨ ਮੰਤਰੀ, ਰਾਸ਼ਟਰਪਤੀ ਨੇ ਲੰਘਣਾ ਹੁੰਦੈ.... ਉਨ੍ਹਾਂ ਨੂੰ ਵੀ ਤਾਂ ਟੂਲ ਫ੍ਰੀ ਓ ਹੁੰਦੈ ?"

ਕੇਰਾਂ ਤਾਂ ਕੰਡਕਟਰ ਦੀਆਂ ਗੱਲਾਂ ਨਾਲ਼ ਹੈਪੀ ਦੀ ਮੰਮੀ ਬੌਂਦਲ਼ ਜੇ ਗਈ ਬਈ 'ਇਹ ਤਾਂ ਪੈਰਾਂ 'ਤੇ ਪਾਣੀ ਓ ਨਈਂ ਪੈਣ ਦਿੰਦਾ...।' ਫੇਰ ਹੈਪੀ ਦੀ ਮੰਮੀ ਵੀ ਆਗੀ ਆਪਣੇ ਰੰਗ 'ਚ ਕਹਿੰਦੀ, "ਬੰਦੇ ਦਾ ਪੁੱਤ ਬਣ ਕੇ ਦੱਸ, ਬਈ ਪੰਜਾਬ ਸਰਕਾਰ ਨੇ ਜਿਹੜਾ ਆਹ ਗੱਲ ਕਹੀ ਐ ਬਈ 1 'ਪ੍ਰੈਲ ਤੋਂ ਜਨਾਨੀਆਂ ਦੀ ਟਿਕਟ ਨ੍ਹੀਂ ਲੱਗਣੀ ਸਰਕਾਰੀ ਬੱਸਾਂ 'ਚ, ਉਹ ਫੈਸਲਾ ਅੱਜ ਤੋਂ ਲਾਗੂ ਹੋ ਗਿਆ ਕ ਨਾ !!"

ਹੈਪੀ ਦੀ ਮੰਮੀ ਦਾ ਬਦਲਿਆ ਸੁਰ ਸੁਣ ਕੇ, ਸੁੱਕੇ ਜਰਦੇ ਵਿੱਚ ਚੂਨਾ ਮਿਲਾਉਣ ਦੀ ਤਿਆਰੀ ਕਰਦਾ ਕੰਡਕਟਰ ਜ਼ਰਾ ਕੁ ਜਰਕਿਆ ਤੇ ਬਾਹਲ਼ਾ ਬੋਚ ਜੇ ਕੇ ਕਹਿੰਦਾ, "ਸਾਨੂੰ ਨ੍ਹੀਂ ਕੋਈ ਲਿਖਤੀ ਨੋਟਸ ਆਇਆ... ਸੋ ਜਨਾਨੀਆਂ ਦੀ ਵੀ ਟਿਕਟ ਲੱਗੂਗੀ।"

ਕੰਡਕਟਰ ਨੂੰ ਜਰਦੇ ਵਿੱਚ ਚੂਨਾ ਪਾ ਕੇ ਤੇ ਜਰਦੇ ਦੀ ਰਗੜਾਈ ਸ਼ੁਰੂ ਕਰਦਿਆਂ ਦੇਖ ਕੇ ਹੈਪੀ ਦੀ ਮੰਮੀ ਥੋੜ੍ਹੀ ਹੋਰ ਤਿੱਖੀ ਹੋ ਗਈ ਤੇ ਕਹਿੰਦੀ, "ਵੇ ਭਾਈ, ਮੈਨੂੰ ਚੂਨਾ ਲਾਉਣ ਦੀ ਕੋਸ਼ਿਸ਼ ਨਾ ਕਰੀਂ। ਅੱਧਾ ਮਹੱਲਾ ਡਰਦੈ ਮੈਥੋਂ। ਜੇ ਸਰਕਾਰ ਨੇ ਖਬਾਰਾਂ 'ਚ ਈ ਕੱਢਤਾ... ਫੇਰ ਹੋਰ ਥੋਨੂੰ ਲਿਖਤੀ ਨੋਟਸ ਦੇਣ 'ਚ ਕੀ ਗੋਡੇ ਰਹਿਗੇ.... ਖਬਾਰਖਬੂਰ ਵੀ ਪੜ੍ਹ ਲਿਆ ਕਰੋ ਕਦੇ.... ਕਿ ਪੜ੍ਹਨ ਲਿਖਣ ਆਲ਼ਾ ਵਰਕਾ ਈ ਪਾੜਿਆ ਪਿਐ ??"

"ਅੱਜ ਆਲ਼ੇ 'ਖਬਾਰ ਤੇ ਹਜੇ ਤਾਂ ਡਰੈਵਰ ਕਬਜਾ ਕਰੀਂ ਪਿਐ, ਜੇ ਉਹਦੇ ਕੋਲ਼ੋਂ ਸੁੱਖੀਸਾਂਦੀ ਮੁੜਆਇਆ ਤਾਂ ਮੈਂ ਵੀ ਪੜ੍ਹਲੂੰ...।"

ਹੈਪੀ ਦੀ ਮੰਮੀ ਨੇ ਤੁਰੰਤ ਧੌਣ ਘੁਮਾ ਕੇ ਦੇਖਿਆ ਤਾਂ ਡਰੈਵਰ ਮੌਜ ਨਾਲ਼ ਬੋਨਟ ਉੱਤੇ ਅਧਟੇਢਾ ਜਿਹਾ ਹੋਇਆ, ਅਖ਼ਬਾਰ ਦੀਆਂ ਖ਼ਬਰਾਂ ਨੂੰ ਛਕੀ ਜਾ ਰਿਹਾ ਸੀ। ਹੈਪੀ ਦੀ ਮੰਮੀ ਜਾ ਕੇ ਉਹਦੇ ਦੁਆਲ਼ੇ ਹੋਗੀ, "ਬੀਰ ਜੀ, ਜਨਾਨੀਆਂ ਆਲ਼ੀ ਖਬਰ ਪੜ੍ਹਲੀ ਕ ਨਹੀਂ ?"

ਡਰੈਵਰ ਬੌਂਦਲਿਆ ਜਿਹਾ ਉੱਠਿਆ। ਉਹਦੇ ਲਈ ਤਾਂ ਜਿਵੇਂ ਹੈਪੀ ਦੀ ਮੰਮੀ ਪਰਗਟ ਏ ਹੋਈ ਸੀ। ਉਹਨੂੰ ਸਮਝ ਨਾ ਆਵੇ ਬਈ ਆਹ ਜਨਾਨੀ ਕੌਣ ਐ ਤੇ ਜਨਾਨੀਆਂ ਬਾਰੇ ਕੀ ਪੁੱਛੀ ਜਾਂਦੀ ਐ !! ਮਾੜੀ ਜਿਹੀ ਸੁਰਤ ਟਿਕਾਣੇ ਜਿਹੀ ਕਰ ਕੇ, ਸਥਿਤੀ ਤੇ ਸੰਦਰਭ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਤੇ ਫੇਰ ਬੋਲਿਆ, "ਹੈਂਅ ਜੀ !! ਕੀ ਕਿਹਾ ਜੀ ?"

"ਮੈਂ ਪੁੱਛਿਐ ਬੀਰ ਜੀ, ਬਈ ਜਨਾਨੀਆਂ ਆਲ਼ੀ ਖਬਰ ਪੜ੍ਹਲੀ ਕ ਨਹੀਂ ?"

ਡਰੈਵਰ ਨੂੰ ਲੱਗਿਆ ਜਿਵੇਂ ਉਹ ਸੰਨ੍ਹ ਲਾਉਂਦੇ ਚੋਰ ਆਂਗੂੰ ਰੰਗੇ ਹੱਥੀਂ ਫੜਿਆ ਗਿਆ ਹੋਵੇ ਕਿਉਂਕਿ ਹੈਪੀ ਦੀ ਮੰਮੀ ਦੇ ਬੁਲਾਉਣ ਤੋਂ ਪਹਿਲਾਂ ਉਹ ਮਦਹੋਸ਼ ਜਿਹਾ ਹੋਇਆ, ਅਖ਼ਬਾਰ ਦੇ ਰੰਗੀਨ ਪੰਨੇ ਉੱਤੇ ਛਪੀਆਂ ਫ਼ਿਲਮ ਐਕਟਰਨੀਆਂ ਦੀਆਂ ਫੋਟੋਆਂ ਨੂੰ ਦੇਖ ਦੇਖ ਕੇ ਅਨੰਦ ਵਿਭੋਰ ਹੋ ਰਿਹਾ ਸੀ। ਉਹਨੂੰ ਪਤਾ ਨਾ ਲੱਗੇ ਕੀ ਜਵਾਬ ਦੇਵੇ !!, ਅਖ਼ੀਰ ਬੋਚ ਜੇ ਕੇ ਕਹਿੰਦਾ, "ਨਾ ਜੀ, ਹਜੇ ਖਬਰ ਤਾਂ ਨ੍ਹੀਂ ਪੜ੍ਹੀ, ਬੱਸ ਫੋਟੋਆਂ ਈ ਦੇਖੀਆਂ ਨੇ।"

"ਤੇ ਫੋਟੋਆਂ ਕੀ ਕਹਿੰਦੀਆਂ ?"

"ਫੋਟੋਆਂ ਨੇ ਤਾਂ ਕੀ ਕਹਿਣੈ... ਜੇ ਥੋਨੂੰ ਕੁਛ ਦੱਸ ਦੇਣਗੀਆਂ ਤਾਂ ਪੁੱਛਲੋ ਭਾਮੇਂ !!"

ਡਰੈਵਰ ਨੇ ਨੀਵੀਂ ਜਿਹੀ ਪਾ ਕੇ ਐਕਟਰਨੀਆਂ ਦੀਆਂ ਫੋਟੋਆਂ ਵਾਲ਼ਾ ਸਫਾ ਹੈਪੀ ਦੀ ਮੰਮੀ ਵੱਲ ਵਧਾ ਦਿੱਤਾ। ਹੈਪੀ ਦੀ ਮੰਮੀ ਨੇ ਤਰਦੀ ਜਿਹੀ ਨਿਗ੍ਹਾ ਫੋਟੋਆਂ ਉੱਤੇ ਮਾਰੀ ਤੇ ਮੁੜ ਡਰੈਵਰ ਨੂੰ ਸਿੱਧੀ ਹੋ ਗਈ, "ਵੇ ਭਾਈ, ਮੈਂ ਕੀ ਇਨ੍ਹਾਂ ਫੋਟੂਆਂ ਦਾ 'ਚਾਰ ਪਾਉਣੈ... ਜਨਾਨੀਆਂ ਆਲ਼ੀਆਂ ਖਬਰਾਂ ਦੱਸ ਕੀ ਕਹਿੰਦੀ ਨੇ ?"

"ਹੁਣ ਮੈਨੂੰ ਕੀ ਪਤਾ ਬਈ ਜਨਾਨੀਆਂ ਆਲ਼ੀਆਂ ਖਬਰਾਂ ਕੀ ਕਹਿੰਦੀਆਂ, ਜਦ ਮੈਂ ਹਲੇ ਪੜ੍ਹੀਆਂ ਈ ਨ੍ਹੀਂ !!" ਡਰੈਵਰ ਭਾਈ ਸਾਹਬ ਤਾਂ ਪੂਰਾ ਬੌਂਦਲਿਆ ਪਿਆ ਸੀ। ਉਹਦੇ ਖਾਨੇ ਹੀ ਨਹੀਂ ਸੀ ਪੈ ਰਹੀ ਇਹ ਗੱਲ ਕਿ 'ਹੈਪੀ ਦੀ ਮੰਮੀ ਪੁੱਛ ਕੀ ਰਹੀ ਏ ਤੇ ਦੱਸ ਕੀ ਰਹੀ ਏ !!'

ਡਰੈਵਰ ਨੂੰ ਇੰਞ ਬੌਂਦਲਿਆ ਜਿਹਾ ਦੇਖ ਕੇ, ਕੰਡਕਟਰ ਨੇ ਰਗੜਰਗੜ ਕੇ ਪੰਜੀਰੀ ਬਣਾਇਆ ਜਰਦਾ ਮੂੰਹ ਵਿੱਚ ਪਾਇਆ, ਤਾਕੀ ਥਾਣੀ ਥੁੱਕ ਦੀ ਇੱਕ ਤਿੱਖੀ ਜਿਹੀ ਤਰੀਰੀ ਬੱਸ ਤੋਂ ਬਾਹਰ ਮਾਰੀ ਤੇ ਡਰੈਵਰ ਵੱਲ ਨੂੰ ਤੁਰਦਾ ਹੋਇਆ ਬੋਲਿਆ, "ਓ ਆਹ ਬੀਬੀ ਤਾਂ ਉਹ ਜਨਾਨੀਆਂ ਦੀ ਟਿਕਟ ਨਾ ਲੱਗਣ ਆਲ਼ੇ ਫੈਸਲੇ ਆਲ਼ਾ ਕਜੀਆ ਪਾਈ ਬੈਠੀ ਐ.... ਸਰਕਾਰ ਅੱਡ ਸਾਡੇ ਲਈ ਨਿੱਤ ਟੋਏ ਪੱਟੀ ਰੱਖਦੀ ਐ।"

"ਨਾ ਮੈਂ ਕਾਹਦਾ ਕਜੀਆ ਪਾ ਲਿਆ ਹੈਂ !! ਸਿੱਧੇ ਮੂੰਹ ਨਾ ਪੁੱਛਿਐ, ਸਿੱਧੇ ਮੂੰਹ ਨਾ ਦੱਸਦੋ... ਤੁਸੀਂ ਤਾਂ ਐਂ ਸੂਈ ਕੁੱਤੀ ਆਂਗੂੰ ਪੈਗੇ ਜਿਮੇਂ ਥੋਡੀਆਂ ਜੇਬਾਂ 'ਤੇ ਡਾਕਾ ਵੱਜਣਾ ਹੁੰਦੈ।"

ਕੰਡਕਟਰ ਨੇ ਹੈਪੀ ਦੀ ਮੰਮੀ ਦਾ ਚੜ੍ਹਿਆ ਸੁਰ ਪਛਾਣ ਕੇ, ਉਸ ਨੂੰ ਰਤਾ ਠੰਢਾ ਕਰਨ ਦੀ ਮਨਸ਼ਾ ਨਾਲ਼ ਕਿਹਾ, "ਓ ਭਾਈ ਬੀਬੀ, ਪੜ੍ਹੀਲਿਖੀ ਲਗਦੀ ਐਂ ਤੇ ਸਿਆਣੀ ਬੀ.... ਪਰ ਕਮਾਲ ਐ ਬਈ ਅਜੇ ਬੀ ਸਰਕਾਰੂ ਲੱਛਿਆਂ 'ਚ ਉਲ਼ਝੀ ਜਾਨੀ ਐਂ।"

"ਲੈ ਲੱਛੇ ਕਾਹਦੇ, ਜਦ ਮੁੱਖ ਮੰਤਰੀ ਨੇ ਐਲਾਨ ਕਰਿਐ..."

"ਐਲਾਨ ਤਾਂ ਆਹ ਬੀ ਹੋਏ ਤੀ ਬੀ ਪਟਰੋਲਡੀਜਲ, ਸਲੰਡਰ ਸਸਤਾ ਹੋਊ, ਹੋ ਗਿਆ ? ਕਿਹਾ ਤਾਂ ਐ ਬੀ ਤੀ ਬਈ ਨਸ਼ਾਪੱਤਾ ਖਤਮ ਕਰਦੂੰ, ਹੋ ਗਿਆ ? ਕਹਿੰਦੇ ਤਾਂ ਸਮਾਰਟ ਫੋਨਾਂ ਨੂੰ ਬੀ ਤੀ, ਬਿਜਲੀ ਦੇ ਰੇਟ ਘਟਾਉਣ ਨੂੰ ਬੀ.... ਹੋ ਗਿਆ ਸਾਰਾ ਕੁਛ !!" ਕੰਡਕਟਰ ਵੀ ਕੋਈ ਬੱਗੇ ਕਾਂ ਵੇਲ਼ਿਆਂ ਦਾ ਕਾਮ-ਰੇਡ ਲਗਦਾ ਸੀ ਜਿਹੜਾ ਹੈਪੀ ਦੀ ਮੰਮੀ ਨੂੰ ਇਹ ਗੱਲ ਦਸਦਾ ਦਸਦਾ, ਢਾਕ 'ਤੇ ਹੱਥ ਧਰ ਕੇ ਖੜ੍ਹ ਗਿਆ।

ਕੰਡਕਟਰ ਦੀ ਧੂੰਆਂਧਾਰ ਤਕਰੀਰ ਨੇ ਹੈਪੀ ਦੀ ਮੰਮੀ ਦੀ ਬੋਲਤੀ ਨੂੰ ਇੱਕ ਵਾਰ ਤਾਂ ਬਰੇਕ ਲਾ ਦਿੱਤੀ। ਇਸੇ ਦੌਰਾਨ ਡਰੈਵਰ ਦੇ ਵੀ 'ਸਾਬ ਜੇ 'ਚ ਆਗੀ ਗੱਲ ਬਈ 'ਗੱਲ ਕੀ ਐ ?' ਉਹ ਵੀ ਤੱਤਾ ਜਾ ਹੋ ਕੇ ਕਹਿੰਦਾ, "ਦੇਖ ਬੀਬੀ, ਹੁਣ ਆਪਣੀ ਆਹ ਕਟਰੀਨਾ ਲਾਲਾ ਫਿਲਮਾਂ ਆਲ਼ੀ, ਆਹ ਕਦੇ ਤਾਂ ਫਿਲਮਾਂ 'ਚ ਇਹਦੇ 'ਤੇ ਸਲਮਾਨ ਖਾਨ ਡੋਰੇ ਪਾਈ ਜਾਊ, ਕਦੇ ਇਹਨੂੰ ਅਕਸ਼ੈ ਕਮਾਰ ਘੇਰੀ ਖੜ੍ਹਾ ਹੁੰਦੈ, ਕਦੇ ਉਹਦੇ ਨਾਲ਼ ਆਹ ਰਿਸੀ ਕਪੂਰ ਦਾ ਮੁੰਡਾ ਪੀਂਘਾਂ ਝੂਟੀ ਜਾਂਦੈ..... ਹੁਣ ਤੈਨੂੰ ਕੀ ਲਗਦੈ ਬੀ ਇਹਦਾ ਸਾਰਿਆਂ ਨਾਲ਼ ਚੱਕਰ ਹੋਊ ??" ਡਰੈਵਰ ਇੰਨਾ ਆਖ ਹੈਪੀ ਦੀ ਮੰਮੀ ਦੇ ਮੂੰਹ ਵੱਲ ਝਾਕਿਆ, ਬਈ ਸ਼ਾਇਦ ਇਹ ਕੋਈ ਜਵਾਬ ਦੇਊ ਪਰ ਉਹ ਨਾ ਬੋਲੀ ਤਾਂ ਫੇਰ ਸ਼ੁਰੂ ਹੋ ਗਿਆ, "ਓ ਨਹੀਂ, ਇਹ ਤਾਂ ਸਭ ਫਿਲਮੀ ਡਰਾਮੇ ਪਰ ਆਪਾਂ ਨੂੰ ਤਾਂ ਲਗਦੈ ਬਈ ਜਿਮੇਂ ਹੀਰ ਰਾਂਝੇ ਦਾ ਪਰੇਮ ਹੋਵੇ.... ਬੱਸ ਐਈਂ ਲਾਲਾ ਬੀ ਜਿਮੇ ਤੂੰ ਹੋਮੇਂ ਕਟਰੀਨਾ ਆਹ ਸਲਮਾਨ ਹੋ ਗਿਆ ਤੇਰਾ ਭਾਈ ਮੋਦੀ, ਅਕਸੈ ਕਮਾਰ ਹੋ ਗਿਆ ਮਰਿੰਦਰ ਰਾਜਾ.... ਤੇ ਰਿਸੀ ਕਪੂਰ ਦਾ ਮੁੰਡਾ ਹੋ ਗਿਆ ਆਹ ਦਿੱਲੀ ਆਲ਼ਾ ਖੇਜਰੀਆਲ਼.... ਬੱਸ ਓਕਣੇ ਜੇ ਡਰਾਮਾ ਕਰ ਕੇ ਕਟਰੀਨਾ ਨੂੰ ਰਿਝਾਈ ਜਾਂਦੈ ਆ....!"

"ਬਾਕੀ ਬੀਬੀ, ਰੋਡਵੇਜ ਦਾ ਤਾਂ ਪਹਿਲਾਂ ਈ ਮਾੜਾ ਹਾਲ ਐ। ਅਖੇ ਆਗੀ ਰੋਡਵੇਜ ਦੀ ਲਾਰੀ, ਨਾ ਕੋਈ ਸ਼ੀਸ਼ਾ ਨਾ ਕੋਈ ਬਾਰੀ। ਰੋਡਵੇਜ ਦੇ ਤਾਂ ਆਪਣੇ ਗੋਡਿਆਂ ਦਾ ਗਰੀਸ ਮੁੱਕਿਆ ਪਿਐ। ਸਰਕਾਰ ਨੇ ਇਹਦੇ ਗੋਡੇ ਤਾਂ ਕੀ ਬਦਲਾਉਣੇ ਆ, ਪੁੱਠਾ ਹੋਰ ਜੂੜ ਪਾਉਣ ਨੂੰ ਫਿਰਦੇ ਆ ਇਹਦੇ ਪੈਰਾਂ 'ਚ, ਮੇਰਾ ਮਤਬਲ ਟੈਰਾਂ 'ਚ....।"

"ਓ ਬੀਬੀ ਕਾਹਨੂੰ ਐਂ ਹਰੇਕ ਆਰੀ ਓ ਸਰਕਾਰ ਦੇ ਮੂਹਰੇ ਝੋਲ਼ੀ ਚੱਕ ਕੇ ਖੜ੍ਹ ਜਾਨੇ ਓਂ...!! ਥੋਡੇ ਕੋਲ਼ ਦੇਣ ਨੂੰ ਕਰਾਇਆ ਹੈ ਨ੍ਹੀ ? ਜੇ ਹੈਗਾ ਤਾਂ ਫੇਰ ਕਾਹਤੋਂ ਸਰਕਾਰ ਦੇ ਮੂੰਹ ਕੰਨ੍ਹੀਂ ਝਾਕਦੇ ਓਂ...! ਜੇ ਕਰਾਇਆ ਨਹੀਂ ਹੈਗਾ ਤਾਂ ਫੇਰ ਸਰਕਾਰ ਤੋਂ ਕੰਮ ਮੰਗੋ, ਜਿਹਦੇ ਨਾਲ਼ ਤੁਸੀਂ ਹੱਕਹਲਾਲ ਕਮਾਈ ਕਰ ਸਕੋਂ। ਕਹਿੰਦੇ ਜਿਹਦੀ ਕੋਠੀ ਦਾਣੇ, ਉਹਦੇ ਕਮਲ਼ੇ ਵੀ ਸਿਆਣੇ। ਜਦ ਜੇਬ 'ਚ ਕਰਾਇਆ ਹੋਇਆ ਫੇਰ ਭਾਵੇਂ ਰੋਡਵੇਜ ਚੜ੍ਹੋ, ਭਾਮੇਂ ਪ੍ਰਾਈਵੇਟ 'ਚ ਚੜ੍ਹੋ, ਰੇਲ ਗੱਡੀ 'ਚ ਜਾਓ ਭਾਮੇਂ ਆਪਣੀ ਗੱਡੀ 'ਚ ਜਾਓ...। ਆਹ ਐਕਟਰਨੀਆਂ ਦੇਖ ਲਾ, ਕਦੇ ਦੇਖੀਆਂ ਬੱਸਾਂ 'ਚ ਚੜ੍ਹਦੀਆਂ ? ਨਹੀਂ ਦੇਖੀਆਂ ਨਾ। ਬੀਬੀ ਐਕਟਰਨੀ ਬਣ, ਭਰੂਪਣ ਨਾ ਬਣ।"

ਡਰੈਵਰ, ਕੰਡਕਟਰ ਦੇ ਅਜੀਬ ਜਿਹੇ ਤਰਕ ਸੁਣ ਕੇ ਹੈਪੀ ਦੀ ਮੰਮੀ ਦਾ ਤਾਂ ਮੂੰਹ ਈ ਉੱਤਰ ਗਿਆ। ਉਹ ਉੱਤਰੇ ਮੂੰਹ ਨਾਲ਼ ਬੱਸ ਵਿੱਚੋਂ ਉਤਰਨ ਏ ਲੱਗੀ ਸੀ ਕਿ ਡਰੈਵਰ ਨੇ ਵਾਜ ਮਾਰ ਕੇ ਕਿਹਾ, "ਊਂਅ ਬੀਬੀ ਤੂੰ ਜਾਣਾ ਕਿੱਥੇ ਸੀ ?"

"ਮੈਂ ਤਾਂ ਕਿੱਥੇ ਵਲੈਤ ਜਾਣੈ.... ਸੋਚਿਆ ਸੀ ਬਈ ਕਰਾਇਆ ਮਾਫ ਕਰਤਾ, ਚੱਲ ਬੱਸ ਦੀ ਮੁਫਤ ਝੂਟੀ ਓ ਲੈ ਆਵਾਂ.... ਹੰਅਅਅਅ.... ਚੜ੍ਹਜੋ ਸਰਕਾਰ ਦੇ ਡੋਲੇ... !!"

"ਅੱਛਾ ਮਤਬਲ ਕੰਮ ਕੋਈ ਨ੍ਹੀ, ਜਾਣਾ ਵੀ ਕਿਤੇ ਨ੍ਹੀ, ਬੱਸ ਊਈਂ ਸਰਕਾਰ ਦੇ ਟੈਸਟਰ ਲਾ ਲਾ ਚੈੱਕ ਕਰਦੀ ਫਿਰਦੀ ਐਂ ਬਈ ਤਾਰਾਂ 'ਚ ਕਰੰਟ ਹੈਗਾ ਬੀ ਕਿ ਨਹੀਂ !!" ਕੰਡਕਟਰ ਨੇ ਆਹ ਗੱਲ ਕਹਿ ਤਾਂ ਦਿੱਤੀ ਹੈਪੀ ਦੀ ਮੰਮੀ ਦਾ ਲਾਲ ਹੋਇਆ ਚਿਹਰਾ ਦੇਖ ਕੇ ਉਹਦੇ ਮੂੰਹ ਦਾ ਰੰਗ ਇਉਂ ਉੱਡ ਗਿਆ ਜਿਵੇਂ ਉਹਨੇ ਟਰਾਂਸਫਾਰਮਰ ਦੀਆਂ ਨੰਗੀਆਂ ਤਾਰਾਂ ਨੂੰ ਪੁੱਠਾ ਹੱਥ ਲਾ ਕੇ ਕਰੰਟ ਚੈੱਕ ਕਰ ਲਿਆ ਹੁੰਦੈ।

ਤੁਰਤ ਹੀ ਡਰੈਵਰ ਨੇ ਗੱਲ ਸਾਂਭੀ, "ਆਜਾ ਬੀਬੀ ਬਹਿਜਾ, ਚੱਲ ਵੜ ਜਿੱਥੇ ਵੀ ਜਾਣੈ, ਨਹੀਂ ਲੈਂਦੇ ਤੈਥੋਂ ਕਰਾਇਆ।" ਡਰੈਵਰ ਨੇ ਰਾਜਿਆਂ ਵਾਲ਼ੀ ਫ਼ੀਲਿੰਗ ਜਿਹੀ ਲੈਂਦਿਆਂ ਤੇ ਦਿੰਦਿਆਂ ਕਿਹਾ ਜਿਹਨੂੰ ਸੁਣ ਕੇ ਹੈਪੀ ਦੀ ਮੰਮੀ ਉਤਰਿਆ ਚੇਹਰਾ ਮੁੜ ਖਿੜ ਗਈ ਤੇ ਉਹ ਤਿੰਨਾਂ ਵਾਲ਼ੀ ਸੀਟ 'ਤੇ ਜਾ ਕੇ ਮਹਾਰਾਜਿਆਂ ਆਂਗੂੰ ਵਿਛ ਗਈ।

ਕੰਡਕਟਰ ਡਰੈਵਰ 'ਤੇ ਚੜ੍ਹ ਗਿਆ, ਦਬਵੀਂ ਜਿਹੀ ਸੁਰ ਵਿੱਚ ਆਂਹਦਾ, "ਲੈ ਆਹ ਕੀ ਗੱਲ ਬਣੀ ? ਬਿਨਾਂ ਕਰਾਏ ਤੋਂ ਕਿਮੇ ਲੈਜੀਏ ? ਜੇ ਚੈਕਿੰਗ ਹੋਗੀ ਰਾਹ 'ਚ ਫੇਰ ?"


ਡਰੈਵਰ ਨੇ ਵੀ ਦੱਬਵੀਂ ਆਵਾਜ਼ ਵਿੱਚ ਕਿਹਾ, "ਫੇਰ ਆਪਾਂ ਨੂੰ ਕੀ ? ਕਹਿਦਾਂਗੇ ਬਈ ਬਥੇਰਾ ਕਿਹਾ ਟਿਕਟ ਕਟਾਈ ਓ ਨ੍ਹੀਂ, ਕਹਿੰਦੀ ਬਈ ਸਰਕਾਰ ਨੇ ਕਿਹੈ ਜਨਾਨੀਆਂ ਦੀ ਟਿਕਟ ਲਗਦੀ ਓ ਨਹੀਂ..... ਉਹ ਮੁੜਕੇ ਆਪੇ ਨਿੱਬੜ ਲੈਣਗੇ। ਬਾਕੀ ਇਹਨੂੰ ਜਿੱਥੇ ਤਾਰਾਂਗੇ, ਓਥੋਂ ਜਦੋਂ ਮੁੜਦੀ ਬੱਸ ਕਰਾਇਆ ਲਾ ਕੇ ਆਉਣਾ ਪਊ.... ਇਹਨੂੰ ਆਪੇ ਪਤਾ ਲੱਗੂ ਪੰਜਾਬ ਸਰਕਾਰ ਦਾ, ਨਾਲ਼ੇ ਸਰਕਾਰੂ ਲਾਰਿਆਂ ਦਾ।"

ਇੰਨਾ ਆਖ ਕੇ ਡਰੈਵਰ ਨੇ ਖਚਰਾ ਜਿਹਾ ਹਸਦਿਆਂ ਬੱਸ ਦੀ ਸੈਲਫ ਮਾਰ ਦਿੱਤੀ ਤੇ ਕੰਡਕਟਰ ਨੇ ਵੀ ਲੰਮੀ ਸੀਟੀ ਮਾਰ ਕੇ ਸਰਕਾਰੂ ਲੋਹੇ ਦਾ ਜਹਾਜ ਦਰਿਆ ਵਿੱਚ ਰੋੜ੍ਹਨ ਲਈ ਹਰੀ ਝੰਡੀ ਦੇ ਦਿੱਤੀ। ਸਰਕਾਰੀ ਰੋਡਵੇਜ ਵਿੱਚ ਹੈਪੀ ਦੀ ਮੰਮੀ ਫ੍ਰੀ ਝੂਟੀ ਦਾ ਮਜ਼ਾ ਲੈਂਦਿਆਂ ਇਉਂ ਲੋਟ ਜਿਹੇ ਹੋ ਕੇ ਬਹਿ ਗਈ ਜਿਵੇਂ ਉਹ ਰੋਡਵੇਜ ਵਿੱਚ ਨਹੀਂ, ਟਾਈਟੈਨਿਕ ਜਹਾਜ਼ ਵਿੱਚ ਬਹਿ ਕੇ ਲੰਡਨ ਨੂੰ ਚੱਲੀ ਹੋਵੇ।

ਸਵਾਮੀ ਸਰਬਜੀਤ
ਪਟਿਆਲ਼ਾ
9888403128



# ਅੰਮ੍ਰਿਤਸਰ ਹੈਂਡ ਗ੍ਰੇਨੇਡ ਕੇਸ ਵਿੱਚ ਲੁਧਿਆਣੇ ਦੀ ਔਰਤ ਸਣੇ 7 ਜਣੇ ਨਾਮਜਦ




ਲੁਧਿਆਣਾ, 1 ਅਪ੍ਰੈਲ (ਪੋਸਟ ਬਿਊਰੋ)- ਕਰੀਬ ਦੋ ਸਾਲ ਪਹਿਲਾਂ ਅੰਮ੍ਰਿਤਸਰ ਦਿਹਾਤੀ ਦੇ ਬੱਸ ਸਟੈਂਡ ਦੇ ਨੇੜੇ ਹੈਂਡਗ੍ਰੇਨੇਡ ਅਤੇ ਮੋਬਾਈਲ ਫੋਨ ਦਾ ਬੈਗ ਸੁੱਟ ਕੇ ਭੱਜਣ ਬਾਰੇ ਜਾਂਚ ਵਿੱਚ ਤਰਨ ਤਾਰਨ ਦੇ ਡਰੱਗ ਤਸਕਰ ਜਜਬੀਰ ਸਿੰਘ ਉਰਫ ਸਮਰਾ ਉਰਫ ਜੈਜ, ਅੰਮ੍ਰਿਤਸਰ ਦੇ ਵਰਿੰਦਰ ਸ਼ਰਮਾ ਚਾਹਲ, ਕੁਲਬੀਰ ਸਿੰਘ ਵਾਸੀ ਨਵਾਂ ਸ਼ਹਿਰ, ਮਨਜੀਤ ਕੌਰ ਵਾਸੀ ਲੁਧਿਆਣਾ, ਤਰਨਬੀਰ ਸਿੰਘ ਖਾਨਪੁਰੀਆ, ਕੁਲਵਿੰਦਰਜੀਤ ਸਿੰਘ ਉਰਫ ਖਾਨਪੁਰੀਆ (ਜਿਹੜਾ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸੰਬੰਧਤ ਹੈ ਅਤੇ ਇਸ ਸਮੇਂ ਮਲੇਸ਼ੀਆ ਵਿੱਚ ਹੈ) ਅਤੇ ਹਰਮੀਤ ਸਿੰਘ ਪੀ ਐਚ ਡੀ (ਜਿਸ ਦੀ ਮੌਤ ਹੋ ਚੁੱਕੀ ਹੈ ਅਤੇ ਉਹ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮੁਖੀ ਸੀ) ਦੇ ਖਿਲਾਫ ਐਨ ਆਈ ਏ ਨੇ ਜਾਂਚ ਦੇ ਇੱਕ ਸਾਲ ਬਾਅਦ ਮੋਹਾਲੀ ਕੋਰਟ ਵਿੱਚ ਚਾਰਜਸ਼ੀਟ ਫਾਈਲ ਕੀਤੀ ਹੈ। ਐਨ ਆਈ ਏ ਦੀ ਟੀਮ ਨੇ ਇਸ ਸਾਰੇ ਕੇਸ ਦਾ ਲਿੰਕ ਪਾਕਿਸਤਾਨ ਨਾਲ ਦੱਸਦੇ ਹੋਏ ਕਾਰੋਬਾਰੀਆਂ ਦਾ ਦੋਬਾਰਾ ਰਿਕਾਰਡ ਫੋਲਣਾ ਸ਼ੁਰੂ ਕੀਤਾ ਹੈ। ਸਾਰੀ ਜਾਂਚ ਵਿੱਚ ਪਤਾ ਲੱਗਾ ਹੈ ਕਿ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਨੂੰ ਮਲੇਸ਼ੀਆ ਭੱਜਣ ਵਿੱਚ ਮਨਜੀਤ ਕੌਰ ਤੇ ਤਰਨਬੀਰ ਸਿੰਘ ਉਰਫ ਖਾਨਪੁਰੀਆ ਅਤੇ ਕੁਲਬੀਰ ਸਿੰਘ ਨੇ ਮਦਦ ਕੀਤੀ ਸੀ। ਉਸ ਨੂੰ ਰਹਿਣ ਦੀ ਜਗ੍ਹਾ, ਪੈਸੇ ਅਤੇ ਵੀਜ਼ਾ ਦਿਵਾਇਆ ਸੀ। ਖਾਨਪੁਰੀਆ ਪਾਕਿਸਤਾਨ ਵਿੱਚ ਬੈਠੇ ਹਰਮੀਤ ਪੀ ਐਚ ਡੀ ਨਾਲ ਮਿਲ ਕੇ ਪਾਕਿਸਤਾਨ ਤੋਂ ਪੰਜਾਬ ਅਤੇ ਦੂਸਰੇ ਰਾਜਾਂ ਨੂੰ ਹੈਰੋਇਨ ਸਪਲਾਈ ਕਰਦਾ ਸੀ। ਇਸ ਕੰਮ ਵਿੱਚ ਤਰਨ ਤਾਰਨ ਦੇ ਡਰੱਗ ਸਮੱਗਲਰ ਜਜਬੀਰ ਸਿੰਘ ਅਤੇ ਵਰਿੰਦਰ ਸਿੰਘ ਚਾਹਲ ਮਦਦ ਕਰਦੇ ਸਨ। ਹਰਮੀਤ ਪੀ ਐਚ ਡੀ ਦਾ ਪਿਛਲੇ ਸਾਲ ਪਾਕਿਸਤਾਨ ਵਿੱਚ ਅਣਪਛਾਤੇ ਲੋਕਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਦੂਸਰਾ ਦੋਸ਼ੀ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਐਨ ਆਈ ਏ ਲਈ ਮੋਸਟ ਵਾਂਟਿਡ ਹੈ। ਵਰਨਣ ਯੋਗ ਹੈ ਕਿ ਦੋ ਜੂਨ 2019 ਵਿੱਚ ਅਪਰੇਸ਼ਨ ਬਲੂ ਸਟਾਰ ਦੀ ਬਰਸੀ ਤੋਂ ਪਹਿਲਾਂ ਅੰਮ੍ਰਿਤਸਰ ਦਿਹਾਤੀ ਦੇ ਪਿੰਡ ਕੁੱਕੜਾਂਵਾਲਾ ਦੇ ਬੱਸ ਸਟੈਂਡ ਨੇੜੇ ਤੜਕਸਾਰ ਨਾਕੇ ਉੱਤੇ ਇੱਕ ਬਿਨਾਂ ਨੰਬਰ ਪਲੇਟ ਉੱਤੇ ਬਾਈਕ ਸਵਾਰ ਦੋ ਸਿੱਖ ਨੌਜਵਾਨਾਂ ਨੂੰ ਪੁਲਸ ਨੇ ਰੋਕਿਆ ਸੀ, ਜੋ ਬੈਗ ਛੱਡ ਕੇ ਭੱਜ ਗਏ ਸਨ। ਉਸ ਬੈਗ ਵਿੱਚੋਂ ਦੋ ਹੈਂਡਗ੍ਰੇਨੇਡ ਅਤੇ ਇੱਕ ਮੋਬਾਈਲ ਫੋਨ ਮਿਲਿਆ ਸੀ, ਜੋ ਪਾਕਿਸਤਾਨ ਤੋਂ ਭੇਜੇ ਗਏ ਸਨ।

## ਨਸ਼ੀਲੀਆਂ ਗੋਲੀਆਂ ਅਤੇ 99.30 ਲੱਖ ਦੀ ਨਕਦੀ ਸਮੇਤ ਤਿੰਨ ਕਾਬੂ

ਫ਼ਰੀਦਕੋਟ, 1 ਅਪ੍ਰੈਲ (ਪੋਸਟ ਬਿਊਰੋ)- ਭੁਪਿੰਦਰ ਸਿੰਘ ਐਸ ਪੀ ਆਪ੍ਰੇਸ਼ਨ ਨੇ ਪ੍ਰੈਸ ਨੂੰ ਦੱਸਿਆ ਕਿ ਜ਼ਿਲ੍ਹਾ ਪੁਲਸ ਨੇ ਦੋ ਜਣਿਆਂ ਨੂੰਨਸ਼ੀਲੇ ਪਦਾਰਥਾਂ ਸਮੇਤ ਅਤ ਤੀਸਰੇ ਵਿਅਕਤੀ ਨੂੰ ਭਾਰੀ ਨਕਦੀ ਸਮੇਤ ਕੀਤਾ ਹੈ।

ਇਸ ਸੰਬੰਧ ਵਿੱਚ ਐਸ ਪੀ ਆਪ੍ਰੇਸ਼ਨ ਭੁਪਿੰਦਰ ਸਿੰਘ ਨੇ ਦੱਸਿਆ ਕਿ ਸੀ ਆਈ ਏ ਸਟਾਫ ਫ਼ਰੀਦਕੋਟ ਦੇ ਮੁੱਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਭਾਟੀ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਸਥਾਨਕ ਬੱਸ ਅੱਡੇ ਤੇ ਸਿਵਲ ਹਸਪਤਾਲ ਬਠਿੰਡਾ ਵਿੱਚੋਂ ਪੁਲਸ ਦੀ ਹਿਰਾਸਤ ਵਿੱਚੋਂ ਫਰਾਰ ਹੋਏ ਅਵਤਾਰ ਸਿੰਘ ਉਰਫ਼ ਤਾਰੀ ਪੁੱਤਰ ਸੁਰਜੀਤ ਸਿੰਘ ਪਿੰਡ ਰਾਏ ਖਾਨਾ ਥਾਣਾ ਕੋਟਫ਼ੱਤਾ ਜ਼ਿਲ੍ਹਾ ਬਠਿੰਡਾ ਤੇ ਇਸ ਦੇ ਸਾਥੀ ਇੰਦਰਜੀਤ ਸਿੰਘ ਉਰਫ ਜੀਤ ਪੁੱਤਰ ਕੌਰ ਸਿੰਘ ਪਿੰਡ ਚਾਉਂਕੇ ਥਾਣਾ ਸਦਰ ਰਾਮਪੁਰਾ ਜ਼ਿਲ੍ਹਾ ਬਠਿੰਡਾ ਨੂੰ 100 ਨਸ਼ੇ ਵਾਲੀਆਂ ਗੋਲੀਆਂ ਨਾਲ ਗ੍ਰਿਫ਼ਤਾਰ ਕੀਤਾ ਸੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਖ਼ਿਲਾਫ਼ ਦਰਜ ਕੇਸ ਦੀ ਪੁੱਛਗਿੱਛ ਦੌਰਾਨ ਇਨ੍ਹਾਂ ਦੇ ਤੀਸਰੇ ਸਾਥੀ ਮਾਲਮ ਸਿੰਘ ਪੁੱਤਰ ਵਿਕਰਮ ਸਿੰਘ ਵਾਸੀ ਸੇਦਰੀਆ ਉਮੇਦਪੁਰ ਤਹਿਸੀਲ ਅਬੋਹਰ ਮੌਜੂਦਾ ਵਾਸੀ ਸੰਜੇ ਗਾਂਧੀ ਕਾਲੋਨੀ ਤਾਜਪੁਰ ਰੋਡ ਲੁਧਿਆਣਾ ਨੂੰ 99 ਲੱਖ 30 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਬਰਾਮਦ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਹੈ।

# ਕੋਰੋਨਾ ਦੀ ਟੈਸਟਿੰਗ ਬਾਰੇ ਕੈਪਟਨ ਅਮਰਿੰਦਰ ਨੇ ਕੇਂਦਰ ਨੂੰ ਮੋੜਵਾਂ ਜਵਾਬ ਸੁਣਾਇਆ



ਚੰਡੀਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਪ੍ਰਤੀ 10 ਲੱਖ ਦੇ ਹਿਸਾਬ ਨਾਲ ਕੌਮੀ ਔਸਤ ਤੋਂ ਵੱਧ ਲੋਕਾਂ ਦੀ ਕੋਵਿਡ-19 ਦੀ ਟੈਸਟਿੰਗ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨੇ 45 ਸਾਲ ਤੋਂ ਵੱਧ ਉਮਰ ਵਰਗ ਦੇ ਲੋਕਾਂ ਲਈ ਕੋਵਿਡ ਟੀਕਾਕਰਨ ਦਾ ਘੇਰਾ ਵਧਾਉਣ ਵਿੱਚ ਕੇਂਦਰ ਸਰਕਾਰ ਨੇ ਦੇਰੀ ਨਾ ਕੀਤੀ ਹੁੰਦੀ ਤਾਂਹਾਲਾਤ ਹੋਰ ਵੀ ਬਿਹਤਰ ਹੁੰਦੇ,

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਕੇਂਦਰ ਸਰਕਾਰ ਨੇ 45 ਸਾਲ ਤੋਂ ਵੱਧ ਉਮਰ ਦੇ ਲੋਕਾਂ ਨੂੰ ਟੀਕਾਕਰਨ ਹੇਠ ਲਿਆਉਣ ਵਿੱਚ ਦੋ ਮਹੀਨੇ ਦੀ ਦੇਰੀ ਕਰਨ ਦੀ ਥਾਂ 50 ਸਾਲ ਤੋਂ ਵੱਧ ਲੋਕਾਂ ਲਈ ਪਹਿਲਾਂ ਟੀਕਾਕਰਨ ਦੀ ਸੂਬੇ ਦੀ ਮੰਗ ਮੰਨ ਲਈ ਹੁੰਦੀ ਤਾਂ ਹਾਲਾਤ ਸ਼ਾਇਦ ਅੱਜਤੋਂ ਬਿਹਤਰ ਹੋ ਸਕਦੇ ਸਨ। ਉਹ ਕੇਂਦਰ ਸਰਕਾਰ ਦੇ ਉਸ ਦੋਸ਼ ਦਾ ਜਵਾਬ ਦੇ ਰਹੇ ਸਨ, ਜਿਸ ਵਿੱਚ ਕਿਹਾ ਗਿਆ ਸੀ ਕਿ ਪੰਜਾਬ ਸਰਕਾਰ ਨੇ ਕੋਵਿਡ ਦੀ ਟੈਸਟਿੰਗ ਤੇ ਇਸ ਦੇ ਪੀੜਤ ਦੇ ਕੁਆਰੰਟੀਨਲਈ ਢੁਕਵੇਂ ਕਦਮ ਨਹੀਂ ਚੁੱਕੇ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜਕ ਇਕੱਠਾਂ ਉੱਤੇ ਸਖਤ ਪਾਬੰਦੀ ਲਾਈ ਗਈ ਹੈ ਅਤੇ ਸਾਰੀਆਂ ਸਿੱਖਿਆ ਸੰਸਥਾਵਾਂ ਬੰਦ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਕੋਵਿਡ ਤੋਂ ਬੁਰੀ ਤਰ੍ਹਾਂ ਪ੍ਰਭਾਵਤ 11 ਜ਼ਿਲ੍ਹਿਆਂ ਵਿੱਚ ਰਾਤ ਨੌਂ ਵਜੇ ਤੋਂ ਸਵੇਰੇ ਪੰਜ ਵਜੇ ਤੱਕ ਕਰਫਿਊ ਲਾਇਆ ਗਿਆ ਹੈ।ਮੁੱਖ ਮੰਤਰੀ ਨੇ ਕੇਂਦਰ ਨੂੰ ਅਪੀਲ ਕੀਤੀ ਕਿ ਯੂ ਕੇ ਵਾਇਰਸ ਦੀ ਮੌਜੂਦਗੀ ਉੱਤੇ ਧਿਆਨ ਦੇਣ ਦੀ ਲੋੜ ਹੈ ਅਤੇ ਇਸ ਸਬੰਧੀ ਸੂਬੇ ਨਾਲ ਲੋੜੀਂਦੀ ਜਾਣਕਾਰੀ ਅਤੇ ਸਲਾਹ ਸਾਂਝੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਤੰਬਰ 2020 ਵਿੱਚ ਪਹਿਲੇ ਉਭਾਰ ਦੌਰਾਨ ਵੇਖਣ ਵਿੱਚ ਆਇਆ ਸੀ ਕਿ ਪਾਜ਼ੀਟਿਵਿਟੀ ਦਰ 10 ਦੇ ਕਰੀਬ ਸੀ ਤੇ ਪੰਜਾਬ ਸਰਕਾਰ ਵੱਲੋਂ ਰੋਜ਼ 30,000 ਕੋਵਿਡ ਨਮੂਨਿਆਂ ਦੀ ਜਾਂਚ ਕੀਤੀ ਜਾ ਰਹੀ ਸੀ। ਅੱਜਕੱਲ੍ਹ ਜਦੋਂ ਇਹ ਦਰ ਸੱਤ ਫੀਸਦੀ ਤੋਂ ਵੱਧ ਹੋ ਗਈ ਤਾਂ ਪੰਜਾਬ ਸਰਕਾਰ ਵੱਲੋਂ 40,000 ਕੋਵਿਡ ਨਮੂਨਿਆਂ ਦੀ ਪ੍ਰਤੀ ਦਿਨ ਟੈਸਟਿੰਗ ਕੀਤੀ ਜਾ ਰਹੀ ਹੈ।

ਪੰਜਾਬੀ ਯੂਨੀਵਰਸਿਟੀ ਵਿੱਚ ਘਮਸਾਨ :

# 28 ਪ੍ਰੋਫੈਸਰਾਂ ਪਿੱਛੋਂ 14 ਹੋਰ ਸੀਨੀਅਰ ਪ੍ਰੋਫੈਸਰਾਂ ਵੱਲੋਂ ਅਸਤੀਫੇ



ਪਟਿਆਲਾ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਅੰਦਰੂਨੀ ਝਗੜਾ ਹੋਰ ਵੀ ਵਧ ਗਿਆ ਹੈ। ਕੁਝ ਦਿਨ ਪਹਿਲਾਂ 28 ਪ੍ਰੋਫੈਸਰਾਂ ਨੇ ਪ੍ਰਸ਼ਾਸਨਿਕ ਅਹਦਿਆਂ ਤੋਂ ਅਸਤੀਫੇ ਦੇ ਦਿੱਤੇ ਸਨ। ਕੱਲ੍ਹ 14 ਹੋਰ ਪ੍ਰੋਫੈਸਰਾਂ ਨੇ ਵਾਧੂ ਪ੍ਰਸ਼ਾਸਨਿਕ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਹਨ, ਜਿਸ ਨਾਲ ਪੰਜਾਬੀ ਯੂਨੀਵਰਸਿਟੀ ਪੂਰੀ ਤਰ੍ਹਾਂ ਬੰਦ ਹੋਣ ਕੰਢੇ ਪੁੱਜ ਗਈ ਹੈ। ਇਸ ਤੋਂ ਪਹਿਲਾਂ ਰਜਿਸਟਰਾਰ, ਡੀਨ ਅਕੈਡਮੀ ਤੇ ਕੰਟਰੋਲਰ ਵੱਲੋਂ ਅਸਤੀਫੇ ਦੇਣ ਕਾਰਨ ਯੂਨੀਵਰਸਿਟੀ ਦੇ ਤਿੰਨ ਮੁੱਖ ਵਿਭਾਗਾਂ ਦਾ ਕੰਮ ਪੂਰੀ ਤਰ੍ਹਾਂ ਠੱਪ ਹੋਇਆ ਪਿਆ ਹੈ।

ਪੰਜਾਬੀ ਯੂਨੀਵਰਸਿਟੀ ਟੀਚਰਜ਼ ਯੂਨੀਅਨ (ਪੂਟਾ), ਏ ਕਲਾਸ ਆਫੀਸਰਜ਼ ਐਸੋਸੀਏਸ਼ਨ ਅਤੇ ਬੀ ਅਤੇ ਸੀ ਕਲਾਸ ਐਸੋਸੀਏਸ਼ਨ ਵੱਲੋਂ ਅਧਿਆਪਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਮੰਗਾਂ ਲਈ ਲੜੀਵਾਰ ਭੁੱਖ ਹੜਤਾਲ ਵਿੱਚ ਕੱਲ੍ਹ ਫਿਰ ਪੰਜ ਜਣਿਆਂ ਨੇ ਹਿੱਸਾ ਲਿਆ, ਜਿਨ੍ਹਾਂ ਦਫ਼ਤਰ ਮੂਹਰੇ ਵਾਈਸ ਚਾਂਸਲਰ ਦਾ ਜਨਾਜਾ ਕੱਢ ਕੇ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ।ਇਸ ਮੌਕੇ ਇਕੱਠੇ ਹੋਏ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਨਿਸ਼ਾਨ ਸਿੰਘ ਦਿਓਲ (ਪ੍ਰਧਾਨ ਪੂਟਾ) ਨੇ ਕਾਰਜਕਾਰੀ ਵਾਈਸ-ਚਾਂਸਲਰ ਵੱਲੋਂ ਅਧਿਆਪਕਾਂ ਦੀਆਂ ਤਰੱਕੀਆਂਬਾਰੇਬੀਤੇ ਦਿਨੀਂ ਦਿੱਤੇ ਬਿਆਨ ਦੀ ਨਿੰਦਾ ਕੀਤੀ ਅਤੇ ਕਿਹਾ ਕਿ 105 ਅਧਿਆਪਕਾਂ ਦੀ ਤਰੱਕੀ ਵਾਲੇ ਕੇਸ ਯੂ ਜੀ ਸੀ (ਯੂਨੀਵਰਸਿਟੀ ਗਰਾਂਟਸ ਕਮਿਸ਼ਨ) ਅਤੇ ਯੂਨੀਵਰਸਿਟੀ ਨਿਯਮਾਂ ਮੁਤਾ-ਬਕ ਸਬੰਧਤ ਚੋਣ ਕਮੇਟੀਆਂ ਵੱਲੋਂ ਵਿਚਾਰੇ ਗਏ ਸਨ। ਇਨ੍ਹਾਂ ਨੇ ਹੀ ਉਪਰੋਕਤ ਅਧਿਆਪਕਾਂ ਨੂੰ ਤਰੱਕੀ ਦਿੱਤੀ ਸੀ। ਮੌਜੂਦਾ ਵਾਈਸ-ਚਾਂਸਲਰ ਨੇ ਸਮੁੱਚੀ ਪ੍ਰਕਿਰਿਆ ਮੁਕੰਮਲ ਹੋਣ ਪਿੱਛੋਂ 20 ਨੁਕਤਿਆਂ ਵਾਲੀ ਚੈਕ ਲਿਸਟ ਲਾ ਕੇ ਇਨ੍ਹਾਂ ਨਿਯਮਾਂ ਅਤੇ ਕਮੇਟੀਆਂ ਦੀ ਹੋਂਦ ਨੂੰ ਨੀਵਾਂ ਦਿਖਾਇਆ ਹੈ।

# ਸੁਮੇਧ ਸੈਣੀ ਕੇਸ ਵਿੱਚ ਹਾਈ ਕੋਰਟ ਨੇ ਕੈਪਟਨ ਅਮਰਿੰਦਰ ਤੇ ਬਾਦਲ ਦੇ ਕੇਸਾਂ ਦੀ ਸਥਿਤੀ ਪੁੱਛੀ




ਚੰਡੀਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਪੁਲਸ ਮੁਖੀ ਸੁਮੇਧ ਸਿੰਘ ਸੈਣੀ ਵੱਲੋਂ ਉਨ੍ਹਾਂ ਦੇ ਸਮੁੱਚੇ ਸੇਵਾਕਾਲ ਦੌਰਾਨ ਦਰਜ ਕਿਸੇ ਵੀ ਕੇਸ ਵਿੱਚ ਕਾਰਵਾਈ ਤੋਂ ਸੱਤ ਦਿਨ ਪਹਿਲਾਂ ਨੋਟਿਸ ਦੇਣ ਦੇ ਅੰਤਰਿਮ ਹੁਕਮ ਨੂੰ ਜਾਰੀ ਰੱਖ ਕੇ ਪੰਜਾਬ ਹਰਿਆਣਾਹਾਈਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਦਰਜ ਕੇਸਾਂਅਤੇ ਉਨ੍ਹਾਂ ਦੀ ਸਥਿਤੀ ਅਤੇ ਉਨ੍ਹਾਂ ਬਾਰੇ ਹਾਈਕੋਰਟ ਦੇ ਕੀ ਆਦੇਸ਼ ਸਨ, ਇਸ ਬਾਰੇ ਪੰਜਾਬ ਸਰਕਾਰ ਨੂੰ ਅਗਲੀ ਸੁਣਵਾਈਮੌਕੇ ਛੇ ਅਪ੍ਰੈਲ ਨੂੰ ਦੱਸਣ ਦੀ ਹਦਾਇਤ ਕੀਤੀ ਹੈ।

ਜਸਟਿਸ ਅਰੁਣ ਕੁਮਾਰ ਤਿਆਗੀ ਨੇ ਇਸ ਦੌਰਾਨ ਸੁਮੇਧ ਸੈਣੀ ਦੀ ਕਿਸੇ ਮਾਮਲੇ ਵਿੱਚ ਸ਼ਮੂਲੀਅਤ ਵਾਲੇ ਸਾਰੇ ਕੇਸਾਂ ਦੀ ਪੂਰੀ ਡਿਟੇਲ ਵੀ ਐਫੀਡੇਵਿਟ ਰਾਹੀਂ ਦੱਸਣ ਨੂੰ ਕਿਹਾ ਹੈ। ਸੁਮੇਧ ਸੈਣੀ ਦੇ ਵਕੀਲ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਵਿਰੁੱਧ ਲੁਧਿਆਣਾ ਸਿਟੀ ਘਪਲੇ ਬਾਰੇ ਦਰਜ ਕੇਸ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਅਤੇ ਉਨ੍ਹਾਂ ਦਾ ਇਸ ਵੇਲੇ ਕੀ ਸਥਿਤੀ ਹੈ ਅਤੇ ਉਨ੍ਹਾਂ ਕੇਸਾਂ ਵਿੱਚ ਹਾਈ ਕੋਰਟ ਨੇ ਕੀ ਆਦੇਸ਼ ਦਿੱਤੇ ਸਨ, ਇਸ ਦੀ ਜਾਣਕਾਰੀ ਪੰਜਾਬ ਸਰਕਾਰ ਤੋਂ ਮੰਗੀ ਹੈ। ਜਸਟਿਸ ਤਿਆਗੀ ਨੇ ਕਿਹਾ ਹੈ ਕਿ ਸੁਮੇਧ ਸੈਣੀ ਦੀ ਇਸ ਮੰਗ ਉਤੇ ਸਹੀ ਫ਼ੈਸਲਾ ਲੈਣ ਤੋਂ ਪਹਿਲਾਂ ਇਹ ਸਾਰੇ ਕੇਸ ਵੇਖਣੇ ਜ਼ਰੂਰੀ ਹਨ।

# ਕਿਸਾਨਾਂ ਨੂੰ ਕਣਕ ਦੀ ਸਿੱਧੀ ਅਦਾਇਗੀ ’ਚ ਛੋਟ ਬਾਰੇ ਪੰਜਾਬ ਭਾਜਪਾ ਕੇਂਦਰੀ ਮੰਤਰੀ ਨੂੰ ਮਿਲੇਗੀ



ਚੰਡੀਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀ ਭਾਜਪਾ ਦੇ ਆਗੂਆਂ ਦਾ ਇੱਕ ਵਫਦ ਜਲਦੀ ਹੀ ਕੇਂਦਰ ਸਰਕਾਰ ਦੇ ਰੇਲਵੇ ਅਤੇ ਵਪਾਰ ਮੰਤਰੀ ਪਿਊਸ਼ ਗੋਇਲ ਨੂੰ ਮਿਲੇਗਾ ਤੇ ਕਿਸਾਨਾਂ ਨੂੰ ਕਣਕ ਵੇਚਣ ਬਦਲੇ ਸਿੱਧੀ ਅਦਾਇਗੀ ਤੋਂ ਛੋਟ ਦੇਣ ਦੇ ਲਈ ਕਹੇਗਾ, ਤਾਂ ਕਿ ਆੜ੍ਹਤੀ ਭਾਈਚਾਰੇ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ।

ਕੱਲ੍ਹੇ ਏਥੇ ਮੀਡੀਆ ਨਾਲ ਗੱਲਬਾਤ ਦੌਰਾਨਪੰਜਾਬ ਦੇ ਸਾਬਕਾ ਭਾਜਪਾ ਮੰਤਰੀ ਸੁਰਜੀਤ ਜਿਆਣੀ ਨੇ ਦੱਸਿਆ ਕਿ ਉਹ ਭਾਜਪਾ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨਾਲ ਇਸ ਬਾਰੇ ਗੱਲ ਕਰਨਗੇ ਅਤੇ ਕੇਂਦਰੀ ਮੰਤਰੀ ਪਿਊਸ਼ ਗੋਇਲ ਤੋਂ ਮੁਲਾਕ-ਾਤ ਦਾ ਸਮਾਂ ਵੀ ਮੰਗਣਗੇ। ਜਿਆਣੀ ਨੇ ਕਿਹਾ ਕਿ ਉਹ ਗੋਇਲ ਨਾਲ ਗੱਲ ਕਰ ਕੇ ਪੰਜਾਬ ਸਰਕਾਰ ਨੂੰ ਕਿਸਾਨਾਂ ਨੂੰ ਸਿੱਧੀ ਪੇਮੈਂਟ ਦੀ ਤਿਆਰੀ ਲਈ ਕੁਝ ਸਮਾਂ ਦੇਣ ਦੀ ਗੱਲ ਕਰਨਗੇ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਨਾਲ ਭਾਜਪਾ ਦੇ ਨੇਤਾ ਹਰਜੀਤ ਸਿੰਘ ਗਰੇਵਾਲ ਵੀ ਜਾਣਗੇ। ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਕਹਿੰਦੀ ਹੈ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਨੂੰ ਸਿੱਧੀ ਪੇਮੈਂਟ ਕਰਨ ਲਈ ਜ਼ਮੀਨਾਂ ਦੀ ਫਰਦ ਕੇਂਦਰ ਸਰਕਾਰ ਦੇਬਣਾਏ ਪੋਰਟਲ ਉੱਤੇ ਅਪਲੋਡ ਕਰਨੀ ਹੋਵੇਗੀ। ਕੇਂਦਰ ਸਰਕਾਰ ਪੰਜਾਬ ਸਰਕਾਰ ਨੂੰ ਸਿੱਧੀ ਪੇਮੈਂਟ ਲਈ ਹਰਿਆਣਾ ਸਰਕਾਰ ਦਾ ਪੈਟਰਨ ਵਰਤਣ ਨੂੰ ਕਹਿ ਰਹੀ ਹੈ।

ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਦੇ ਮੰਤਰੀ ਪਿਊਸ਼ ਗੋਇਲ ਨੂੰ ਸਿੱਧੀ ਪੇਮੈਂਟ ਤੋਂ ਛੋ ਦੇਣ ਲਈ ਕਿਹਾ ਤਾਂ ਜਵਾਬ ਵਿੱਚ ਗੋਇਲ ਨੇ ਲਿਖਿਆ ਹੈ ਕਿ ਛੋਟ ਨਹੀਂ ਦਿੱਤੀ ਜਾ ਸਕਦੀ ਅਤੇ ਪੰਜਾਬ ਸਰਕਾਰ ਨੂੰ ਸਿੱਧੀ ਪੇਮੈਂਟ ਦਾ ਸਿਸਟਮ ਸੈਟ ਕਰਨਾ ਚਾਹੀਦਾ ਹੈ।

# ਬੈਂਕ ਦੀ ਕੰਧ ਨੂੰ ਸੰਨ੍ਹ ਲਾ ਕੇ ਲਾਕਰਾਂ ਵਿੱਚ ਪਿਆ ਸੋਨਾ ਚੋਰੀ ਕੀਤਾ

ਨੂਰਪੁਰ ਬੇਦੀ, 1 ਅਪ੍ਰੈਲ (ਪੋਸਟ ਬਿਊਰੋ)- ਨੂਰਪੁਰ ਬੇਦੀ-ਨੰਗਲ ਮੁੱਖ ਮਾਰਗ ਉੱਤੇ ਭਾਰਤੀ ਸਟੇਟ ਬੈਂਕ (ਐਸ ਬੀ ਆਈ) ਨੂਰਪੁਰ ਬੇਦੀ ਦੀ ਮੁੱਖ ਬ੍ਰਾਂਚ ਵਿੱਚੋਂ ਸੋਨਾ ਚੋਰੀ ਹੋ ਗਿਆ ਹੈ। ਇਸ ਬਾਰੇ ਬੈਂਕ ਪ੍ਰਬੰਧਕਾਂ ਨੂੰ ਦੋ ਦਿਨ ਪਿੱਛੋਂ ਕੱਲ੍ਹ ਪਤਾ ਲੱਗਾ, ਕਿਉਂਕਿ ਐਤਵਾਰ ਤੋਂ ਬਾਅਦ ਸੋਮਵਾਰ ਨੂੰ ਹੋਲੀ ਦੀ ਛੁੱਟੀ ਸੀ।

ਮਿਲੀ ਜਾਣਕਾਰੀ ਅਨੁਸਾਰ ਚੋਰ ਬੈਂਕ ਦੇ ਪਿਛਲੇ ਪਾਸੇ ਬਣੀਆਂ ਦੁਕਾਨਾਂ ਉੱਤੇ ਚੜ੍ਹ ਕੇ ਬੈਂਕ ਦੇ ਨਾਲ ਲੱਗਦੀ ਕੰਧ ਪਾੜ ਕੇ ਬੈਂਕ ਵਿੱਚ ਵੜੇ ਤੇ ਬੈਂਕ ਵਿੱਚ ਲਾਕਰਾਂ ਨੂੰ ਕਟਰ ਨਾਲ ਕੱਟ ਕੇ ਉਨ੍ਹਾਂ ਵਿਚਲੇ ਸੋਨੇ ਦੇ ਗਹਿਣੇ ਚੋਰੀ ਕਰ ਕੇ ਲੈ ਗਏ। ਬੈਂਕ ਮੈਨੇਜਰ ਵਿਜੇਪਾਲ ਮੱਕੜ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਚੋਰੀ ਦਾ ਕੱਲ੍ਹ ਉਸ ਸਮੇਂ ਪਤਾ ਲੱਗਾ, ਜਦੋਂ ਬੈਂਕ ਦਾ ਸੇਵਾਦਾਰ ਬੈਂਕ ਵਿੱਚ ਸਫਾਈ ਕਰਨ ਆਇਆ। ਉਨ੍ਹਾਂ ਮੁਤਾਬਕ ਚੋਰਾਂ ਨੇ 28 ਮਾਰਚ ਸ਼ਾਮ ਨੂੰ ਬੈਂਕ ਦੀ ਕੰਧ ਪਾੜ ਕੇ ਚੋਰੀ ਕੀਤੀ। ਬੈਂਕ ਵਿੱਚੋਂ ਕਿੰਨਾ ਸੋਨਾ ਚੋਰੀ ਹੋਇਆ, ਇਸ ਬਾਰੇ ਮੈਨੇਜਰ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾ ਕਿਹਾ ਕਿ ਚੋਰੀ ਹੋਏ ਸੋਨੇ ਦੀ ਜਾਂਚਚੱਲ ਰਹੀ ਹੈ। ਬੈਂਕ ਮੈਨੇਜਰ ਨੇ ਕਿਹਾ ਕਿ ਲਾਕਰਾਂ ਵਿਚਲੇ ਸੋਨੇ ਦਾ ਬੀਮਾ ਕਰਾਇਆ ਜਾਂਦਾ ਹੈ, ਇਸ ਲਈ ਕਿਸੇ ਵੀ ਗਾਹਕ ਨੂੰ ਘਬਰਾਉਣ ਦੀ ਲੋੜ ਨਹੀਂ, ਚੋਰੀ ਹੋਏ ਸੋਨੇ ਦੀ ਭਰਪਾਈ ਬੀਮਾ ਕੰਪਨੀ ਵੱਲੋਂ ਕੀਤੀ ਜਾਵੇਗੀ। ਇਸ ਘਟਨਾ ਦੀ ਸੂਚਨਾ ਮਿਲਦੇ ਸਾਰ ਥਾਣਾ ਮੁਖੀ ਬਿਕਰਮਜੀਤ ਸਿੰਘ ਘੁੰਮਣ ਨੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਬੈਂਕ ਅਧਿਕਾਰੀਆਂ ਦੀ ਸ਼ਿਕਾਇਤ ਉੱਤੇ ਅਣਪਛਾਤੇ ਚੋਰਾਂ ਉੱਤੇ ਕੇਸ ਦਰਜ ਕੀਤਾ ਹੈ।

ਅਕਾਲ ਤਖਤ ਦੇ ਜਥੇਦਾਰ ਨੇ ਕਿਹਾ:

# ਧਰੁਵੀਕਰਨ ਹੀ ਤਾਂ ਭਾਜਪਾ ਦਾ ਧਰਮ ਹੈ

* ਜਥੇਦਾਰ ਨੇ ਲੋਕਤੰਤਰੀ ਸੰਸਥਾਵਾਂ ਨੂੰ ਖਤਰਾ ਦੱਸਿਆ



ਆਨੰਦਪੁਰ ਸਾਹਿਬ, 1 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੋਲਾ ਮਹੱਲਾ ਦੇ ਮੌਕੇ ਕੱਲ੍ਹ ਇੱਥੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦਾ ਮੁੱਖ ਧਰਮ ਧਰੁਵੀਕਰਨ ਕਰਨਾ ਹੀ ਹੈ ਅਤੇ ਉਹ ਆਪਣਾ ਧਰਮ ਪੱਛਮੀ ਬੰਗਾਲ ਵਿੱਚ ਜਿਵੇਂ ਨਿਭਾ ਰਹੀ ਹੈ, ਇਸੇ ਤਰ੍ਹਾਂ ਪੰਜਾਬ ਵਿੱਚ ਕਰਨ ਦੀ ਕੋਸ਼ਿਸ਼ ਕਰੇਗੀ, ਜਿਸ ਤੋਂਸਮੂਹ ਸਿੱਖਾਂ ਨੂੰ ਇਹ ਮੁੱਦਾ ਸੰਜੀਦਗੀ ਨਾਲ ਲੈਣ ਅਤੇ ਸੁਚੇਤ ਹੋ ਕੇ ਵਿਚਾਰ ਕਰਨ ਦੀ ਲੋੜ ਹੈ।


ਪੰਜਾਬ ਵਿੱਚ ਹਿੰਦੂਆਂ ਦੇ ਧਰੁਵੀਕਰਨ ਬਾਰੇ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਭਾਜਪਾ ਦਾ ਇਹੀ ਧਰਮ ਹੈ ਤੇ ਉਹ ਸਾਰੇ ਦੇਸ਼ ਵਿੱਚ ਇਹੀ ਕਰ ਰਹੀ ਹੈ। ਪੰਜਾਬ ਤੇ ਕੇਂਦਰ ਵਿਚਾਲੇ ਟਕਰਾਅ ਵਾਲੀ ਸਥਿਤੀ ਬਾਰੇ ਜਥੇਦਾਰ ਨੇ ਕਿਹਾ ਕਿ ਆਰਥਿਕ ਉੱਤੇ ਸਮਾਜਕ ਤੌਰ ਉੱਤੇਪੰਜਾਬ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਚੁੱਕਾ ਹੈ ਤੇ ਹੋਰ ਵੀ ਹੋਣ ਦਾ ਡਰ ਹੈ। ਇਸੇ ਲਈਕਿਸਾਨ ਅੰਦੋਲਨ ਨੂੰ ਬਹੁਤ ਸਮਝਦਾਰੀ ਨਾਲ ਚਲਾਉਣ ਦੀ ਲੋੜ ਹੈ ਤਾਂ ਕਿ ਭਾਈਚਾਰਕ ਸਾਂਝ ਕਾਇਮ ਰਹੇ।

ਇਸ ਦੌਰਾਨ ਤਖਤ ਕੇਸਗੜ੍ਹ ਸਾਹਿਬ ਦੀ ਫਸੀਲ ਤੋਂ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦੇ ਹੋਏ ਜਥੇਦਾਰ ਗਿਆਨੀਹਰਪ੍ਰੀਤ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਘੱਟ ਗਿਣਤੀਆਂ ਨਾਲ ਵਧੀਕੀਆਂ ਕਰ ਰਹੀ ਹੈ ਅਤੇ ਦੇਸ਼ ਦੀਆਂ ਸਾਰੀਆਂ ਸੰਸਥਾਵਾਂ,ਉਹ ਨਿਆਂਪਾਲਿਕਾ, ਕਾਰਜਪਾਲਿਕਾ, ਚੋਣ ਕਮਿਸ਼ਨ, ਮੀਡੀਆ ਕਿਉਂ ਨਾ ਹੋਵੇ, ਉੱਤੇ ਰਾਜਨੀਤੀ ਭਾਰੂ ਹੋ ਚੁੱਕੀ ਹੈ ਅਤੇ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਜਦੋਂ ਏਦਾਂ ਹਕੂਮਤ ਜ਼ਾਲਮ ਬਣ ਜਾਵੇ ਤਾਂ ਧਰਮ ਦਾ ਪੱਲਾ ਫੜਨ ਦੀ ਲੋੜ ਪੈਂਦੀ ਹੈ। ਉਨ੍ਹਾਂ ਕਿਹਾ ਕਿ ਲਾਲ ਕਿਲ੍ਹੇ ਉੱਤੇ ਕੇਸਰੀ ਨਿਸ਼ਾਨ ਝੁਲਾਉਣ ਵਾਲਿਆਂ ਉੱਤੇ ਸਰਕਾਰ ਨੇ ਕੇਸ ਦਰਜ ਕੀਤੇ ਤਾਂ ਕਿਸੇ ਨੇ ਬਾਂਹ ਨਹੀਂ ਫੜੀ, ਸੈਂਕੜੇ ਨੌਜਵਾਨ ਜੇਲ੍ਹਾਂ ਵਿੱਚ ਪਾ ਦਿੱਤੇ ਗਏ। ਸਿਰਫ ਦਿੱਲੀ ਗੁਰਦੁਆਰਾ ਕਮੇਟੀ ਨੇ ਗ੍ਰਿਫਤਾਰ ਕੀਤੇ ਵਿਅਤੀਆਂ ਦੀ ਬਾਂਹ ਫੜੀ। ਜਥੇਦਾਰ ਨੇ ਕਿਹਾ ਕਿ ਸਿੱਖਾਂ ਨੂੰ ਸੰਸਥਾਵਾਂ ਦੀ ਪਹਿਰੇਦਾਰੀ ਕਰਨ ਦੀ ਲੋੜ ਹੈ, ਤਾਂ ਜੋ ਸੰਸਥਾਵਾਂ ਉਨ੍ਹਾਂ ਦੀ ਪਹਿਰੇਦਾਰੀ ਕਰ ਸਕਣ।

ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੌਮ ਦੇ ਨਾਂਅ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਦੇਸ਼ ਦਾ ਅੰਨ-ਦਾਤਾ ਸੜਕਾਂ ਉੱਤੇ ਰੁਲ ਰਿਹਾ ਹੈ, ਹਾਕਮ ਕਿਸਾਨਾਂ ਦੀ ਆਵਾਜ ਸੁਣਨ ਦੀ ਥਾਂ ਟੱਸ ਤੋਂ ਮੱਸ ਨਹੀਂ ਹੋ ਰਹੇ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲੈਣ ਲਈ ਸਿੱਖਾਂ ਨੇ ਨੱਬੇ ਫੀਸਦੀ ਕੁਰਬਾਨੀਆਂ ਦਿੱਤੀਆਂ ਹਨ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੇ ਸਬਰ ਨੂੰ ਹੋਰ ਨਾ ਪਰਖੇ।

# ਅਪਾਹਜ ਲੜਕੀ ਨਾਲ ਦੋਸਤੀ ਕਰ ਕੇ ਸੰਬੰਧ ਬਣਾਉਣ ਪਿਛੋਂ ਵਿਆਹ ਕਰਨ ਤੋਂ ਮੁੱਕਰਿਆ

* ਪਟਿਆਲਾ ਪੁਲਸ ਨੇ ਜ਼ੀਰੋ ਕੇਸ ਦਰਜ ਕਰ ਕੇ ਜਲੰਧਰ ਭੇਜਿਆ



ਜਲੰਧਰ, 1 ਅਪ੍ਰੈਲ (ਪੋਸਟ ਬਿਊਰੋ)- ਸੋਸ਼ਲ ਮੀਡੀਆ ਉੱਤੇ ਇਕ ਅਪਾਹਜ ਲੜਕੀ ਨਾਲ ਦੋਸਤੀ ਕਰ ਕੇ ਖੁਦ ਨੂੰ ਆਰਥਿਕ ਪੱਖੋਂ ਕਮਜ਼ੋਰ ਦੱਸ ਕੇ ਪਹਿਲਾਂ ਦੋਸ਼ੀ ਨੇ ਦੋ ਲੱਖ ਰੁਪਏ ਤੱਕ ਮਦਦ ਲਈ। ਫਿਰ ਵਿਆਹ ਦੀ ਪੇਸ਼ਕਸ਼ ਕਰ ਕੇ ਉਸ ਲੜਕੀ ਨਾਲ ਨੌਜਵਾਨ ਨੇ ਤਿੰਨ ਵਾਰ ਇੱਕ ਹੋਟਲ ਵਿੱਚ ਸਰੀਰਕ ਸੰਬੰਧ ਬਣਾਏ। ਇਸ ਬਾਰੇਪਟਿਆਲਾ ਦੇ ਥਾਣਾ ਸਦਰ ਦੀ ਪੁਲਸ ਨੇ ਪੀੜਤਾ ਦੀ ਸ਼ਿਕਾਇਤ ਉੱਤੇ ਬਸਤੀ ਦਾਨਿਸ਼ਮੰਦਾ, ਜਲੰਧਰ ਦੇ ਵਸਨੀਕ ਗੌਰਵ ਪ੍ਰਤਾਪ ਦੇ ਖਿਲਾਫ ਜ਼ੀਰੋ ਐਫ ਆਈ ਆਰ ਦਰਜ ਕਰ ਕੇ ਜਾਂਚ ਦੇ ਲਈ ਕੇਸਜਲੰਧਰ ਦੇ ਥਾਣਾ-ਚਾਰ ਵਿੱਚ ਭੇਜ ਦਿੱਤਾ ਹੈ, ਕਿਉਂਕਿ ਹੋਟਲ ਸ਼ਹਿਰੀ ਪੁਲਸ ਦੀ ਹੱਦ ਵਿੱਚ ਆਉਂਦਾ ਸੀ। ਇਸ ਸ਼ਿਕਾਇਤ ਵਿੱਚ ਪੀੜਤਾ ਨੇ ਗੌਰਵ ਦੀ ਮਾਂ ਤੇ ਭਰਾ ਦੀ ਭੂਮਿਕਾ ਉੱਤੇਵੀ ਉਂਗਲੀ ਉਠਾਈ ਗਈ ਹੈ, ਜਿਸ ਬਾਰੇ ਜਲੰਧਰ ਪੁਲਸ ਜਾਂਚ ਕਰ ਰਹੀ ਹੈ।

ਪਟਿਆਲਾ ਦੇ ਇੱਕ ਪਿੰਡ ਦੀ ਵਸਨੀਕ ਲੜਕੀ ਨੇ 25 ਨਵੰਬਰ ਨੂੰ ਐਸ ਐਸ ਪੀ (ਰੂਰਲ) ਪਟਿਆਲਾ ਨੂੰ ਇੱਕ ਸ਼ਿਕਾਇਤ ਦੇ ਕੇ ਕਿਹਾ ਕਿ ਉਹ ਸੱਜੇ ਹੱਥ ਤੋਂ ਅਪਾਹਜ ਹੈ। ਚਾਰ ਸਾਲ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਉਸ ਦੀ ਦੋਸਤੀ ਬਸਤੀ ਦਾਨਿਸ਼ਮੰਦਾਂ, ਜਲੰਧਰ ਦੇ ਗੌਰਵ ਨਾਲ ਹੋਈ ਤਾਂ ਉਸ ਨੇ ਆਰਥਿਕ ਹਾਲਤ ਠੀਕ ਨਾ ਹੋਣ ਦਾ ਕਹਿ ਕੇ ਥੋੜ੍ਹੇ-ਥੋੜ੍ਹੇ ਕਰ ਕੇ ਦੋ ਲੱਖ ਰੁਪਏ ਲਏ। ਫਿਰ ਉਸ ਨੇ ਆਪਣੀ ਮਾਂ ਅਤੇ ਭਰਾ ਨੂੰ ਮਿਲਣ ਦੀ ਗੱਲ ਕਹਿ ਕੇ ਉਸ ਨੂੰ ਫੁੱਟਬਾਲ ਚੌਕ ਦੇ ਨੇੜੇ ਇੱਕ ਹੋਟਲ ਵਿੱਚ ਸੱਦਿਆ, ਪਰ ਉਨ੍ਹਾਂ ਨਾਲ ਮਿਲਵਾਇਆ ਨਹੀਂ। ਹੋਟਲ ਵਿੱਚ ਉਸ ਨਾਲ ਸੰਬੰਧ ਬਣਾਏ ਅਤੇ ਕਿਹਾ ਕਿ ਉਹ ਜਲਦੀ ਵਿਆਹ ਕਰ ਲਏਗਾ। ਫਿਰ ਉਸ ਦੀ ਫਗਵਾੜਾ ਦੀ ਅਦਾਲਤ ਵਿੱਚ ਸਰਕਾਰੀ ਨੌਕਰੀ ਲੱਗ ਗਈ ਤਾਂ ਉਸ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਅਤੇ ਮਾਂ ਅਤੇ ਭਰਾ ਵੀ ਬਦਲ ਗਏ। ਫੋਨ ਕੀਤਾ ਤਾਂ ਗੌਰਵ ਨੇ ਕਿਹਾ ਕਿ ਮੇਰੀ ਜੱਜ ਤੋਂ ਲੈ ਕੇ ਸੀਨੀਅਰ ਅਧਿਕਾਰੀ ਤੱਕ ਸਿੱਧੀ ਗੱਲ ਹੈ ਅਤੇ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਲੜਕੀ ਦੀ ਸ਼ਿਕਾਇਤ ਉੱਤੇ ਥਾਣਾ ਸਦਰ (ਪਟਿਆਲਾ) ਦੇ ਐਸ ਐਚ ਓ ਕਰਮਜੀਤ ਸਿੰਘ ਨੇ ਜਾਂਚ ਲਈ ਹੋਟਲ ਪਹੁੰਚ ਕੀਤੀ ਤਾਂ ਹੋਟਲ ਮੈਨੇਜਰ ਦਲੀਪ ਕੁਮਾਰ ਨੇ ਗੌਰਵ ਅਤੇ ਲੜਕੀ ਦੇ ਹੋਟਲ ਵਿੱਚ ਆਉਣ ਦਾ ਰਿਕਾਰਡ ਦੇ ਦਿੱਤਾ।

## ਬਾਈਕ ਬੇਕਾਬੂ ਹੋਣ ਕਾਰਨ ਚਾਲਕ ਦੀ ਮੌਤ

ਹੁਸ਼ਿਆਰਪੁਰ, 1 ਅਪ੍ਰੈਲ (ਪੋਸਟ ਬਿਊਰੋ)- ਹੁਸ਼ਿਆਰਪੁਰ-ਫਗਵਾੜਾ ਰੋਡ ਉੱਤੇ ਪਿੰਡ ਬੱਸੀ ਦੌਲਤ ਖਾਂ ਨੇੜੇ ਮੋਟਰ ਸਾਈਕਲ ਸਵਾਰ ਪਤੀ-ਪਤਨੀ ਬੇਕਾਬੂ ਹੋਏ ਮੋਟਰ ਸਾਈਕਲ ਸਮੇਤ ਸੜਕ ਉੱਤੇ ਡਿੱਗ ਗਏ, ਜਿਸ ਨਾਲ ਪਤੀ ਦੀ ਮੌਕੇ ਉੱਤੇਮੌਤ ਹੋ ਗਈ ਅਤੇ ਉਸ ਦੀ ਪਤਨੀ ਗੰਭੀਰ ਜ਼ਖਮੀ ਹੋ ਗਈ। ਮਿਲੀ ਸੂਚਨਾ ਅਨੁਸਾਰ ਗੁਰਮੁਖ ਸਿੰਘ ਆਪਣੀ ਪਤਨੀ ਰੀਨਾ ਨਾਲ ਬਾਬਾ ਬਾਲਕ ਨਾਥ ਮੰਦਰ ਹਿਮ-ਾਚਲ ਵਿਖੇ ਮੱਥਾ ਟੇਕਣ ਮੋਟਰ ਸਾਈਕਲ ਉੱਤੇ ਜਾ ਰਿਹਾ ਸੀ। ਜਦੋਂ ਉਹ ਹੁਸ਼ਿਆਰਪੁਰ-ਫਗਵਾੜਾ ਰੋਡ ਉੱਤੇ ਬੱਸੀ ਦੌਲਤ ਖਾਂ ਲਾਗੇ ਪਹੁੰਚੇ ਤਾਂ ਗੁਰਮੁਖ ਸਿੰਘ ਦੀਆਂ ਅੱਖਾਂ ਵਿੱਚ ਕੁਝ ਪੈਣ ਕਾਰਨ ਉਹਦੇ ਮੋਟਰ ਸਾਈਕਲ ਦਾ ਸੰਤੁਲਨ ਵਿਗੜ ਗਿਆ ਅਤੇ ਦੋਵੇਂ ਪਤੀ-ਪਤਨੀ ਸੜਕ ਉੱਤੇ ਡਿੱਗ ਪਏ। ਗੁਰਮੁਖ ਸਿੰਘ ਦੇ ਸਿਰ ਵਿੱਚ ਸੱਟਾਂ ਲੱਗਣ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ ਅਤੇ ਰੀਨਾ ਗੰਭੀਰ ਜ਼ਖਮੀ ਹੋ ਗਈ। ਦੋਵਾਂ ਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਗੁਰਮੁਖ ਸਿੰਘ ਨੂੰ ਮ੍ਰਿਤਕ ਐਲਾਨ ਦਿੱਤਾ।



# ਬੰਬੇ ਹਾਈ ਕੋਰਟ ਨੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਦੀ ਖਿਚਾਈ ਕੀਤੀ

ਮੁੰਬਈ, 1 ਅਪ੍ਰੈਲ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਮੁੰਬਈ ਪੁਲਸ ਦੇ ਸਾਬਕਾ ਕਮਿਸ਼ਨਰ ਪਰਮਬੀਰ ਸਿੰਘ ਨੂੰ ਸਵਾਲ ਕੀਤਾ ਕਿ ਜੇ ਉਨ੍ਹਾਂ ਨੂੰ ਪਤਾ ਸੀ ਕਿ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਕੁਝ ਗਲਤ ਕਰ ਰਹੇ ਹਨ ਤਾਂ ਉਨ੍ਹਾਂ ਮੰਤਰੀ ਦੇ ਖਿਲਾਫ ਪੁਲਸ ਨੂੰ ਸ਼ਿਕਾਇਤ ਕਿਉਂ ਨਹੀਂ ਸੀ ਦਿੱਤੀ।

ਵਰਨਣ ਯੋਗ ਹੈ ਕਿ ਇਸ ਅਧਿਕਾਰੀ ਨੇ ਦਾਅਵਾ ਕੀਤਾ ਸੀ ਕਿ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਪੁਲਸ ਇੰਸਪੈਕਟਰ ਸਚਿਨ ਵਜ਼ੇ ਨੂੰ ਬਾਰਾਂ ਤੇ ਰੈਸਟੋਰੈਂਟਾਂ ਤੋਂ 100 ਕਰੋੜ ਰੁਪਏ ਇਕੱਠੇ ਕਰਨ ਨੂੰ ਕਿਹਾ ਸੀ, ਪਰ ਮੰਤਰੀ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਸੀ। ਚੀਫ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਜੀ ਐਸ ਕੁਲਕਰਨੀ ਦੇ ਡਿਵੀਜ਼ਨ ਬੈਂਚ ਨੇ ਪਰਮਬੀਰ ਨੂੰ ਕਿਹਾ ਕਿ ਕੇਸ ਦਰਜ ਹੋਣ ਤੋਂ ਬਿਨਾਂ ਹਾਈ ਕੋਰਟ ਦਖਲ ਨਹੀਂ ਦੇ ਸਕਦੀਅਤੇ ਨਾ ਸੀ ਬੀ ਆਈ ਵਰਗੀ ਕਿਸੇ ਆਜ਼ਾਦ ਏਜੰਸੀ ਨੂੰ ਜਾਂਚ ਲਈ ਕਹੀ ਸਕਦੀ ਹੈ। ਚੀਫ ਜਸਟਿਸ ਦੀਪਾਂਕਰ ਦੱਤਾ ਨੇ ਪਰਮਬੀਰ ਸਿੰਘ ਨੂੰ ਕਿਹਾ, 'ਤੁਸੀਂ ਸੀਨੀਅਰ



ਪੁਲਸ ਅਧਿਕਾਰੀ ਹੋ, ਸਾਧਾਰਨ ਵਿਅਕਤੀ ਨਹੀਂ, ਤੁਹਾਨੂੰ ਕਿਸੇ ਗਲਤ ਕੰਮ ਖਿਲਾਫ ਸ਼ਿਕਾਇਤ ਦਰਜ ਕਰਾਉਣੀ ਚਾਹੀਦੀ ਸੀ। ਇਹ ਜਾਣਕਾਰੀ ਹੋਣ ਉੱਤੇ ਵੀ ਕਿ ਤੁਹਾਡਾ ਬੌਸ ਗਲਤ ਕਰ ਰਿਹਾ ਹੈ, ਤੁਸੀਂ ਚੁੱਪ ਰਹੇ।' ਪਰਮਬੀਰ ਸਿੰਘ ਨੇ 25 ਮਾਰਚ ਨੂੰ ਹਾਈ ਕੋਰਟ ਵਿੱਚ ਅਪਰਾਧਕ ਲੋਕ ਹਿੱਤ ਪਟੀਸ਼ਨ ਦਾਇਰ ਕਰ ਕੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਦੇ ਖਿਲਾਫ ਸੀ ਬੀ ਆਈ ਜਾਂਚ ਦੀ ਮੰਗ ਕੀਤੀ ਸੀ। ਅਦਾਲਤ ਨੇ ਕਿਹਾ ਕਿ ਪੁਲਸ ਅਧਿਕਾਰੀ ਹਾਈ ਕੋਰਟ ਨੂੰ ਮੈਜਿਸਟਰੇਟ ਕੋਰਟ ਨਹੀਂ ਬਣਾ ਸਕਦਾ। ਉਨ੍ਹਾਂ ਕਿਹਾ 'ਢੁਕਵਾਂ ਅਤੇ ਸਹੀ ਤਰੀਕਾ ਇਹ ਹੈ ਕਿ ਪਹਿਲਾਂ ਤੁਸੀਂ ਪੁਲਸ ਨੂੰ ਸ਼ਿਕਾਇਤ ਦਿਓ। ਜੇ ਪੁਲਸ ਕੇਸ ਦਰਜ ਨਹੀਂ ਕਰਦੀ ਤਾਂ ਤੁਹਾਡੇ ਕੋਲ ਮੈਜਿਸਟਰੇਟ ਨੂੰ ਅਰਜ਼ੀ ਦੇਣ ਦਾ ਬਦਲ ਹੈ। ਪਰਮਬੀਰ ਦੇ ਵਕੀਲ ਵਿਕਰਮ ਨਨਕਾਨੀ ਨੇ ਕਿਹਾ ਕਿ ਉਸ ਦਾ ਕਲਾਈਂਟ ਇਸ ਚੱਕਰਵਿਊ ਤੋਂ ਬਚਣਾ ਚਾਹੁੰਦਾ ਸੀ। ਅਦਾਲਤ ਨੇ ਵਕੀਲ ਨਨਕਾਨੀ ਨੂੰ ਪੁਛਿਆ ਕਿ 'ਕੀ ਦੇਸ਼ਮੁਖ ਨੇ ਜਦ ਪੈਸਾ ਇਕੱਠਾ ਕਰਨ ਲਈ ਕਿਹਾ ਸੀ ਤਾਂ ਪਰਮਬੀਰ ਮੌਕੇ ਉੱਤੇ ਹਾਜ਼ਰ ਸੀ? ਅਜਿਹਾ ਨਹੀਂ ਤਾਂ ਇਹ ਨਿਰੀ ਕਹਿਣ ਦੀ ਗੱਲ ਹੈ।' ਹਾਈ ਕੋਰਟ ਨੇ ਕਿਹਾ ਕਿ ਜਿਨ੍ਹਾਂ ਪੁਲਸ ਅਫਸਰਾਂ ਨੂੰ ਦੇਸ਼ਮੁਖ ਵੱਲੋਂ ਆਪਣੀ ਰਿਹਾਇਸ਼ ਉੱਤੇ ਸੱਦਣ ਬਾਰੇ ਕਿਹਾ ਗਿਆ ਹੈ, ਉਨ੍ਹਾਂ ਵਿੱਚੋਂ ਕਿਸੇ ਨੇ ਵੀ ਐਫੀਡੇਵਿਟ ਨਹੀਂ ਦਿੱਤਾ। ਮਹਾਰਾਸ਼ਟਰ ਸਰਕਾਰ ਵੱਲੋਂ ਪੇਸ਼ ਐਡਵੋਕੇਟ ਜਨਰਲ ਆਸ਼ੂਤੋਸ਼ ਕੁੰਭਕੋਨੀ ਨੇ ਪਟੀਸ਼ਨ ਰੱਦ ਕਰਨ ਦੀ ਮੰਗ ਕੀਤੀ ਤੇ ਕਿਹਾ ਕਿ ਇਹ ਨਿੱਜੀ ਰੰਜਿਸ਼ ਕਾਰਨ ਦਾਇਰ ਕੀਤੀ ਗਈ ਹੈ, ਲੋਕ ਹਿੱਤ ਦਾ ਇਸ ਵਿੱਚ ਕੁਝ ਨਹੀਂ ਹੈ। ਬੰਬੇ ਹਾਈ ਕੋਰਟ ਨੇ ਪਟੀਸ਼ਨ ਕਾਇਮ ਰੱਖਣ ਜਾਂ ਨਾ ਰੱਖਣ ਬਾਰੇ ਫੈਸਲਾ ਰਾਖਵਾਂ ਰੱਖ ਲਿਆ ਹੈ।

# ਪਾਕਿਸਤਾਨੀ ਅੱਤਵਾਦੀ ਨੂੰ ਭਾਰਤ ਵਿੱਚ ਹੋਏ ਹਮਲਿਆਂ ਦੀ ਸਾਜ਼ਿਸ਼ ਦੇ ਲਈ 10 ਸਾਲ ਕੈਦ

ਨਵੀਂ ਦਿੱਲੀ, 1 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੀ ਇੱਕ ਵਿਸ਼ੇਸ਼ ਐਨ ਆਈ ਏ ਅਦਾਲਤ ਨੇ ਦਿੱਲੀ ਸਮੇਤ ਭਾਰਤ ਦੇ ਕਈ ਹਿੱਸਿਆਂ ਵਿੱਚ ਅਤਿਵਾਦੀ ਹਮਲੇ ਕਰਨ ਦੀ ਸਾਜ਼ਿਸ਼ ਲਈ ਪਾਕਿਸਤਾਨ ਵਿਚਾਲੇ ਲਸ਼ਕਰੇ ਤੋਇਬਾ ਦੇ ਇੱਕ ਵੱਡੇ ਅਤਿਵਾਦੀ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ।

ਅਤਿਵਾਦੀ ਸੈਫਉਲਾ ਮਨਸੂਰ ਉਰਫ਼ ਬਹਾਦੁਰ ਅਲੀ ਨੇ ਦਿੱਲੀ ਸਮੇਤ ਭਾਰਤ ਦੇ ਵੱਖ-ਵੱਖ ਥਾਂਵਾਂ ਉੱਤੇ ਹਮਲੇ ਕਰਨ ਲਈ ਜੰਮੂ-ਕਸ਼ਮੀਰ ਤੋਂ ਦੋ ਹੋਰ ਅਤਿਵਾਦੀਆਂ ਅਬੂ ਸਾਦ ਅਤੇ ਕਾਬੂ ਦਰਦਾ ਨਾਲ ਘੁਸਪੈਠ ਕੀਤੀ ਸੀ। ਇਸ ਦੇ ਬਾਅਦ ਸੁਰੱਖਿਆ ਬਲਾਂ ਨੇ ਮਨਸੂਰ ਉਰਫ਼ ਬਹਾਦੁਰ ਅਲੀ ਨੂੰ ਜੰਮੂ-ਕਸ਼ਮੀਰ ਵਿੱਚ ਕੁਪਵਾੜਾ ਜ਼ਿਲ੍ਹੇ ਦੇ ਯਾਹਮਾ ਪਿੰਡ ਤੋਂ 25 ਜੁਲਾਈ 2016 ਨੂੰ



ਗ੍ਰਿਫਤਾਰ ਕੀਤਾ ਸੀ। ਅਤਿਵਾਦੀ ਮਨਸੂਰ ਕੋਲੋਂ ਮਿਲੇ ਹਥਿਆਰਾਂ ਵਿੱਚ ਏ ਕੇ-47 ਰਾਈਫਲ, ਹੈਂਡ ਗ੍ਰਨੇਡ, ਅੰਡਰ ਬੈਰਲ ਗ੍ਰਨੇਡ ਲਾਂਚਰ, ਗੋਲਾ-ਬਾਰੂਦ, ਫੌਜੀ ਨਕਸ਼ਾ, ਵਾਇਰਲੈਸ ਸੈਟ, ਜੀ ਪੀ ਐਸ, ਕੰਪਾਸ, ਭਾਰਤੀ ਰੁਪਏ ਅਤੇ ਨਕਲੀ ਭਾਰਤੀ ਸ਼ਾਮਲ ਸਨ। ਐਨ ਆਈ ਏ ਨੇ ਮਨਸੂਰ ਦੇ ਖ਼ਿਲਾਫ਼ 27 ਜੁਲਾਈ 2016 ਨੂੰ ਇਹ ਕੇਸ ਦਰਜ ਕੀਤਾ ਸੀ, ਜਿਸ ਦੀ ਜਾਂਚ ਦੌਰਾਨ ਮਨਸੂਰ ਨੇ ਲਸ਼ਕਰ ਦੇ ਵੱਖ-ਵੱਖ ਟੈਸਟਾਂ ਦੀ ਸੂਹ ਦਿੱਤੀ ਸੀ। ਮਨਸੂਰ ਨੇ ਏਜੰਸੀ ਨੂੰ ਲਸ਼ਕਰ ਅਤਿਵਾਦੀਆਂ ਲਈ ਹਥਿਆਰ, ਵਿਸਫੋਟਕ, ਵਾਇਰਲੈਸ ਸੈਟ, ਨਾਈਟ ਵਿਜ਼ਨ ਡਿਵਾਈਸ, ਜੀ ਪੀ ਐਸ ਪੁਚਾਉਣ ਅਤੇ ਗਰਿੱਡਾ ਰੈਫਰੈਂਸ ਨਾਲ ਉਨ੍ਹਾਂ ਦੇ ਕੰਮ ਕਰਨ ਦੇ ਢੰਗਾਂ ਬਾਰੇ ਦੱਸਿਆ। ਜਾਂਚ ਤੋਂ ਬਾਅਦ ਐਨ ਆਈ ਏ ਨੇ 6 ਜਨਵਰੀ 2017 ਨੂੰ ਮਨਸੂਰ ਦੇ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ ਸੀ।

ਵਰਨਣ ਯੋਗ ਹੈ ਕਿ ਅਬੂ ਸਾਦ ਤੇ ਆਬੂ ਦਰਦਾ ਕੁਪਵਾੜਾ ਜ਼ਿਲ੍ਹੇ ਵਿੱਚ 14 ਫਰਵਰੀ 2017 ਨੂੰ ਮੁਕਾਬਲੇ ਵਿੱਚ ਮਾਰੇ ਗਏ ਸਨ। ਐਨ ਆਈ ਏ ਨੇ ਅਦਾਲਤ ਨੂੰ ਦੱਸਿਆ ਕਿ ਜਾਂਚ ਦੌਰਾਨ ਮਨਸੂਰ ਦੇ ਦੋ ਸਾਥੀ, ਜਹੂਰ ਅਹਿਮਦ ਪੀਰ ਤੇ ਜੰਮੂ-ਕਸ਼ਮੀਰ ਦੇ ਨਜ਼ੀਰ ਅਹਿਮਦ ਪੀਰ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਅਤਿਵਾਦੀ ਮਨਸੂਰ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲੇ ਦਾਖ਼ਲ ਕੀਤੇ ਗਏ ਸੀ।

# ਹਜ਼ੂਰ ਸਾਹਿਬ ਗੁਰਦੁਆਰੇ ਦੇ ਬਾਹਰ ਹੋਲੇ ਦੇ ਦਿਨ ਹਿੰਸਾ ਦੇ ਕੇਸ ਵਿਚ 22 ਜਣੇ ਗ੍ਰਿਫਤਾਰ

ਮੁੰਬਈ, 1 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਨਾਂਦੇੜ ਵਿੱਚ ਪੁਲਸ ਵਾਲਿਆਂ ਉੱਤੇ ਹਮਲਾ ਕਰਨ ਦੇ ਦੋਸ਼ ਹੇਠ 22 ਜਣਿਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਇੱਕ ਅਧਿਕਾਰੀ ਨੇ ਦੱਸਿਆ ਕਿ ਕੋਰੋਨਾ ਵਾਇਰਸ ਕਾਰਨ ਹੋਲਾ ਮਹੱਲਾ ਮੌਕੇ ਨਗਰ ਕੀਰਤਨ ਸਜਾਉਣ ਦੀ ਪ੍ਰਵਾਨਗੀ ਨਾ ਮਿਲਣ ਉੱਤੇ ਕਿਰਪਾਨਾਂ ਨਾਲ ਲੈਸ ਸਿੱਖਾਂ ਦੀ ਇੱਕ ਭੀੜ ਨੇ ਸ੍ਰੀ ਹਜ਼ੂਰ ਸਾਹਿਬ ਗੁਰਦੁਆਰੇ ਦੇ ਬਾਹਰ ਪੁਲਸ ਉਤੇ ਹਮਲਾ ਕਰ ਦਿੱਤਾ ਸੀ। ਨਾਂਦੇੜ ਜ਼ਿਲ੍ਹੇ ਦੀ ਵਜ਼ੀਰਾਬਾਦ ਪੁਲਸ ਨੇ ਇਸ ਘਟਨਾ ਬਾਰੇ 74 ਜਣਿਆਂ ਦੇ ਖਿਲਾਫ ਵੱਖ-ਵੱਖ ਕੇਸ ਦਰਜ ਕੀਤੀ ਹੈ, ਜਿਸ ਵਿੱਚ 500 ਤੋਂ ਵੱਧ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਵੀ ਕੇਸ ਦਰਜ ਕੀਤਾ ਗਿਆ ਹੈ।



ਘਟਨਾ ਦੇ ਸੰਬੰਧ ਵਿੱਚ ਵਾਇਰਲ ਹੋਈ ਵੀਡੀਓ ਵਿਚ ਕਿਰਪਾਨਾਂ ਲੈ ਕੇ ਭੀੜ ਗੁਰਦੁਆਰੇ ਵਿੱਚੋਂ ਬਾਹਰ ਆਉਂਦੀ ਨਜ਼ਰ ਆ ਰਹੀ ਹੈ। ਭੀੜ ਨੇ ਪੁਲਸ ਵੱਲੋਂ ਲਾਏ ਬੈਰੀਕੇਡ ਪੁੱਟ ਦਿੱਤੇ ਤੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ। ਇਸ ਹਿੰਸਾ ਵਿੱਚ ਅੱਠ ਕਾਂਸਟੇਬਲ ਫੱਟੜ ਹੋਏ ਅਤੇ ਛੇ ਵਾਹਨ ਨੁਕਸਾਨੇ ਗਏ ਹਨ। ਪੁਲਸ ਗੁਰਦੁਆਰਾ ਕਮੇਟੀ ਨਾਲ ਜੁੜੇ ਕਿਸੇ ਵਿਅਕਤੀ ਦਾ ਹਿੰਸਾ ਵਿੱਚ ਹੱਥ ਹੋਣ ਦੀ ਜਾਂਚ ਕਰ ਰਹੀ ਹੈ। ਨਾਂਦੇੜ ਰੇਂਜ ਦੇ ਡੀ ਆਈ ਜੀ ਨਿਸਾਰ ਤੰਬੋਲੀ ਨੇ ਦੱਸਿਆ ਹੈ ਕਿ 14 ਲੋਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ 'ਤੇ ਹੱਤਿਆ ਦੀ ਕੋਸ਼ਿਸ਼, ਦੰਗਾ ਫਸਾਦ ਕਰਨ ਅਤੇ ਅਸਲਾ ਐਕਟ ਦੀਆਂ ਧਾਰਾਵਾਂ ਲਾਈਆਂ ਗਈਆਂ ਹਨ ਅਤੇ ਬਾਕੀ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਸ ਅਧਿਕਾਰੀ ਨੇ ਦੱਸਿਆ ਕਿ ਮਹਾਮਾਰੀ ਦਾ ਫੈਲਾਅ ਮੁੜ ਵਧਣ ਕਾਰਨ ਹੋਲਾ ਮਹੱਲਾ ਮੌਕੇ ਨਗਰ ਕੀਰਤਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ ਅਤੇ ਇਸ ਬਾਰੇ ਗੁਰਦੁਆਰਾ ਕਮੇਟੀ ਨੂੰ ਜਾਣੂ ਕਰਵਾ ਦਿੱਤਾ ਸੀ ਅਤੇ ਉਨ੍ਹਾਂ ਭਰੋਸਾ ਦਿੱਤਾ ਸੀ ਕਿ ਉਹ ਹਦਾਇਤਾਂ ਦੀ ਪਾਲਣਾ ਕਰਨਗੇ। ਉਨ੍ਹਾਂ ਨੇ ਗੁਰਦੁਆਰੇ ਦੇ ਅੰਦਰ ਹੀ ਸਮਾਗਮ ਕਰਵਾਉਣ ਦਾ ਭਰੋਸਾ ਦਿੱਤਾ ਸੀ। ਪੁਲਸ ਦੇ ਮੁਤਾਬਕ ਜਦ ਨਿਸ਼ਾਨ ਸਾਹਿਬ ਕੱਲ੍ਹ ਸ਼ਾਮ ਚਾਰ ਵਜੇ ਗੇਟ ਉਤੇ ਲਿਆਂਦਾ ਗਿਆ ਤਾਂ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ ਵਾਲੇ ਕਈ ਲੋਕਾਂ ਨੇ ਪੁਲਸ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ ਅਤੇ 300 ਨੌਜਵਾਨ ਗੇਟ ਤੋੜ ਕੇ ਬਾਹਰ ਆ ਗਏ, ਬੈਰੀਕੇਡ ਤੋੜ ਦਿੱਤੇ ਅਤੇ ਪੁਲਸ ਕਰਮਚਾਰੀਆਂ ਉਤੇ ਹਮਲਾ ਕਰ ਦਿੱਤਾ ਸੀ।

# ਦੇਸ਼ ਧਰੋਹ ਦੇ ਕੇਸ ਵਿੱਚ 12 ਜਣਿਆਂ ਨੂੰ ਉਮਰ ਕੈਦ, ਇੱਕ ਬਰੀ

ਜੈਪੁਰ, 1 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਜੈਪੁਰ ਜ਼ਿਲ੍ਹੇ ਵਿੱਚਜ਼ਿਲ੍ਹਾ ਅਤੇ ਸੈਸ਼ਨ ਕੋਰਟ ਦੇ ਜੱਜ ਉਮਾਸ਼ੰਕਰ ਵਿਆਸ ਨੇ ਸਟੂਡੈਂਟਸ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਸਲੀਪਰ ਸੈਲ ਨਾਲ ਸਬੰਧਤ ਕੇਸ ਦਾ ਫੈਸਲਾ ਸੁਣਾਉਂਦੇ ਹੋਏ ਸਾਲ 2014 ਵਿੱਚ ਗ੍ਰਿਫ਼ਤਾਰ ਕੀਤੇ ਗਏ 13 ਮੈਂਬਰਾਂ ਵਿੱਚੋਂ 12 ਨੂੰ ਅੱਤਵਾਦੀ ਸਰਗਰਮੀਆਂ ਦੇ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਇੱਕ ਨੂੰ ਬਰੀ ਕਰ ਦਿੱਤਾ ਹੈ।

ਦੋਸ਼ੀ ਪਾਏ ਗਏ ਲੋਕਾਂ ਵਿੱਚ ਅਬਦੁਲ ਮਜ਼ੀਦ, ਮੁਹੰਮਦ ਵਾਹਿਦ, ਮੁਹੰਮਦ ਉਮਰ, ਮੁਹੰਮਦ ਆਕਿਬ, ਮੁਹੰਮਦ ਵੱਕਾਰ, ਮੁਹੰਮਦ ਅੰਮਾਰ, ਬਰਕਤ ਅਲੀ, ਮੁਹੰਮਦ ਮਾਰੂਫ, ਅਸ਼ਰਫ ਅਲੀ, ਮੁਹੰਮਦ ਸਾਕਿਬ ਅੰਸਾਰੀ, ਵਕਾਰ ਅਜ਼ਹਰ ਅਤੇ ਮੁਹੰਮਦ ਸੱਜਾਦ ਸ਼ਾਮਲ ਹਨ। ਜੋਧਪੁਰ ਦੇ ਵਸਨੀਕ ਅਸ਼ਰਫ ਇਕਬਾਲ ਨੂੰ ਬਰੀ ਕਰ ਦਿੱਤਾ ਗਿਆ। ਇਨ੍ਹਾਂ ਵਿੱਚੋਂ ਇੱਕ ਬਿਹਾਰ ਦਾ ਹੈ, ਜਦੋਂਕਿ ਬਾਕੀ ਰਾਜਸਥਾਨ ਦੇ ਵਸਨੀਕ ਹਨ।ਐਂਟੀ ਟੈਰਰਿਸਟ ਸਕੁਆਡ (ਏ ਟੀ ਐਸ)ਅਤੇ ਸਪੈਸ਼ਲ ਅਪਰੇਸ਼ਨ ਗਰੁੱਪ (ਐਸ ਓ ਜੀ) ਨੇ ਇਸ



ਦੋਸ਼ੀਆਂ ਨੂੰ ਵੈਨ ਵਿਚ ਲਿਜਾਂਦੀ ਪੁਲਸ।

ਮਾਮਲੇ ਵਿੱਚ 177 ਗਵਾਹਾਂ ਦੇ ਬਿਆਨ ਦਰਜ ਕਰਵਾਏ ਅਤੇ 506 ਦਸਤਾਵੇਜ਼ ਪੇਸ਼ ਕੀਤੇ ਸਨ।ਵਰਣਨਯੋਗ ਹੈ ਕਿ ਰਾਜਸਥਾਨ ਵਿੱਚ ਸਿਮੀ ਦੇ ਸਲੀਪਰ ਸੈਲ ਨਾਲ ਸਬੰਧਤ ਇਹ ਲੱਗਭਗ ਸੱਤ ਸਾਲ ਪੁਰਾਣਾ ਕੇਸ ਹੈ। ਦਿੱਲੀ ਵਿੱਚ ਗ੍ਰਿਫ਼ਤਾਰ ਕੀਤੇ ਅੱਤਵਾਦੀਆਂ ਤੋਂ ਮਿਲੀ ਜਾਣਕਾਰੀ ਪਿੱਛੋਂ ਰਾਜਸਥਾਨ ਵਿੱਚ ਏ ਟੀ ਐਸ ਅਤੇ ਐਸ ਓ ਜੀ ਦੀਆਂ ਟੀਮਾਂ ਨੇ 2014 ਵਿੱਚ ਜੈਪੁਰ, ਸੀਕਰ ਤੇ ਹੋਰ ਜ਼ਿਲ੍ਹਿਆਂ ਵਿੱਚੋਂ 13 ਸ਼ੱਕੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਉੱਤੇ ਦੋਸ਼ ਸੀ ਕਿ ਇਹ ਪਾਬੰਦੀਸ਼ੁਦਾ ਸੰਗਠਨ ਸਿਮੀ ਨਾਲ ਜੁੜੇ ਹੋਏ ਹਨ ਅਤੇ ਰਾਜਸਥਾਨ ਵਿੱਚ ਅੱਤਵਾਦੀ ਸਰਗਰਮੀਆਂ ਲਈ ਬੰਬ ਆਦਿ ਬਣਾਉਣ ਦੇ ਕੰਮ ਵਿੱਚ ਲੱਗੇ ਹੋਏ ਸਨ।

### ਕੇਰਲ ਦੇ ਸਾਬਕਾ ਐਮ ਪੀ ਦਾ ਬਿਆਨ :

# ਅਣਵਿਆਹਿਆ ਰਾਹੁਲ ਗਾਂਧੀ ਕੁੜੀਆਂ ਦੇ ਕਾਲਜ ਜਾਂਦੈ, ਕੁੜੀਆਂ ਉਸ ਦੇ ਅੱਗੇ ਨਾ ਝੁਕਣ

ਕੇਰਲ, 1 ਅਪ੍ਰੈਲ (ਪੋਸਟ ਬਿਊਰੋ)- ਕੇਰਲ ਦੇ ਸਾਬਕਾ ਪਾਰਲੀਮੈਂਟ ਮੈਂਬਰ ਜਾਇਸ ਜਾਰਜ ਨੇ ਪਿਛਲੇ ਹਫ਼ਤੇ ਕੋਚੀ ਦੇ ਇੱਕ ਮਹਿਲਾ ਕਾਲਜ ਵਿੱਚ ਵਿਦਿਆਰਥਣਾਂ ਨਾਲ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਗੱਲਬਾਤ ਦੇ ਬਾਰੇ ਵਿੱਚ ਕਾਂਗਰਸ ਆਗੂ ਵਿਰੁੱਧ ਅਪਮਾਨਜਨਕ ਬਿਆਨ ਦੇ ਕੇ ਵਿਵਾਦ ਖੜਾ ਕਰ ਦਿੱਤਾ ਹੈ।



ਸਾਬਕਾ ਐਮ ਪੀ ਜਾਰਜ ਨੇ ਇੱਕ ਚੋਣ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਰਾਹੁਲ ਗਾਂਧੀ ਵਿਰੁੱਧ ਬੇਹੱਦ ਅਪਮਾਨ ਜਨਕ ਟਿਪਣੀ ਕੀਤੀ ਹੈ। ਇਸਬਿਆਨ ਬਾਰੇ ਚਰਚਾ ਤੋਂ ਬਚਦੇ ਹੋਏ ਕੇਰਲ ਦੇ ਮੁੱਖ ਮੰਤਰੀ ਪਿਨੇਰਾਈ ਵਿਜੇਇਨ ਨੇ ਕਿਹਾ ਕਿ ਖੱਬਾ ਲੋਕਤੰਤਰੀ ਮੋਰਚਾ (ਐਲ ਡੀ ਐਫ਼) ਰਾਹੁਲ ਗਾਂਧੀ ਉੱਤੇ ਕੀਤੀ ਗਈ ਨਿੱਜੀ ਟਿੱਪਣੀ ਦੇ ਨਾਲ ਨਹੀਂ ਹੈ। ਉਨ੍ਹਾਂ ਕਾਸਰਗੋਡਾ ਵਿੱਚ ਕਿਹਾ, ''ਅਸੀਂ ਉਨ੍ਹਾਂ ਦਾ ਰਾਜਨੀਤਕ ਰੂਪ ਨਾਲ ਵਿਰੋਧ ਕਰਾਂਗੇ, ਨਿੱਜੀ ਤੌਰ ਉੱਤੇ ਨਹੀਂ।''

ਜਾਰਜ ਨੇ ਕਾਂਗਰਸ ਦੇ ਸਾਂਝੇ ਲੋਕਤੰਤਰੀ ਮੋਰਚਾ (ਯੂ ਡੀਐਫ਼)ਅਤੇ ਖਾਸਤੌਰ ਉੱਤੇ ਰਾਹੁਲ ਗਾਂਧੀ ਉੱਤੇ ਹਮਲਾ ਕਰਦੇ ਹੋਏ ਕਿਹਾ, ''ਰਾਹੁਲ ਗਾਂਧੀ ਸਿਰਫ਼ ਮਹਿਲਾ ਕਾਲਜਾਂ ਦਾ ਦੌਰਾ ਕਰਨਗੇ ਤੇ ਸਾਬਕਾ ਕਾਂਗਰਸ ਪ੍ਰਧਾਨ ਦਾ ਸਾਹਮਣਾ ਕਰਨ ਦੌਰਾਨ ਲੜਕੀਆਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।'' ਉਨ੍ਹਾਂ ਕਿਹਾ, ''ਲੜਕੀਆਂ ਉਨ੍ਹਾਂ ਸਾਹਮਣੇ ਕਦੇ ਨਾ ਝੁਕਣ, ਉਹ ਅਣਵਿਆਹੇ ਹਨ, ਜਿਸ ਕਾਰਨ ਸਮਸਿਆ ਪੈਦਾ ਕਰ ਸਕਦੇ ਹਨ।'' ਕੋਚੀ ਦੇ ਸੇਂਟ ਟੇਰੇਸਾ ਕਾਲਜ ਵਿੱਚ ਇੱਕ ਵਿਦਿਆਰਥਣ ਦੀ ਬੇਨਤੀ ਉੱਤੇਰਾਹੁਲ ਗਾਂਧੀ ਨੇ ਅਕਿਡੋ ਸਿਖਾਇਆ ਸੀ। ਸਾਬਕਾ ਐਮ ਪੀ ਜਾਰਜ ਦੀ ਇਹ ਟਿੱਪਣੀ ਉਸ ਦੇ ਬਾਅਦ ਆਈ ਹੈ। ਇਸਦੇ ਵਿਰੋਧ ਵਿੱਚ ਕਾਂਗਰਸ ਆਗੂਆਂ ਨੇ ਜਾਇਸ ਜਾਰਜ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ।ਕੇਰਲ ਦੇ ਵਿਰੋਧੀ ਧਿਰ ਦੇ ਨੇਤਾ ਰਮਸ਼ ਚੇਨੀਥਲਾ ਨੇ ਜਾਰਜ ਦੀ ਟਿੱਪਣੀ ਨੂੰ ਔਰਤਾਂ ਅਤੇ ਰਾਹੁਲ ਗਾਂਧੀ ਦੇ ਵਿਰੁੱਧ ਦੱਸਿਆ ਹੈ। ਉਨ੍ਹਾਂ ਕਿਹਾ, ''ਉਸ (ਜਾਰਜ) ਵਿਰੁੱਧ ਕੇਸ ਦਰਜ ਹੋਣਾ ਚਾਹੀਦਾ ਹੈ। ਉਸ ਨੇ ਔਰਤਾਂ ਅਤੇ ਰਾਹੁਲ ਗਾਂਧੀ ਦਾ ਅਪਮਾਨ ਵੀ ਕੀਤਾ ਹੈ।'' ਇਸ ਦੇ ਬਾਅਦ ਜਾਰਜ ਨੇ ਇਸ ਟਿਪਣੀ ਦੇ ਲਈ ਅਫਸੋਸ ਜ਼ਾਹਰ ਕੀਤਾ ਹੈ, ਪਰ ਇਸ ਨਾਲ ਵਿਵਾਦ ਰੁਕ ਨਹੀਂ ਸਕਿਆ।

# ਭਾਰਤ ਸਰਕਾਰ ਆਈ ਡੀ ਬੀ ਆਈ ਵਿੱਚੋਂ ਪੂਰੀ ਹਿੱਸੇਦਾਰੀ ਵੇਚਣ ਦੀ ਤਿਆਰੀ ਵਿੱਚ

ਨਵੀਂ ਦਿੱਲੀ, 1 ਅਪ੍ਰੈਲ (ਪੋਸਟ ਬਿਊਰੋ)- ਬੈਂਕਾਂ ਦੇ ਨਿੱਜੀਕਰਨ ਬਾਰੇ ਮੋਦੀ ਸਰਕਾਰ ਜ਼ਿਆਦਾ ਉਡੀਕ ਨਹੀਂ ਕਰੇਗੀ। ਬਜਟ 2021-22 ਵਿੱਚ ਦੋ ਸਰਕਾਰੀ ਬੈਂਕਾਂ ਨਾਲ ਆਈ ਡੀ ਬੀ ਆਈ ਦੇ ਨਿੱਜੀਕਰਨ ਦਾ ਐਲਾਨ ਕੀਤਾ ਗਿਆ ਸੀ। ਵਿੱਤੀ ਸਾਲ 2021-22 ਦੀ ਸ਼ੁਰੂਆਤ ਦੇ ਨਾਲ ਆਈ ਡੀ ਬੀ ਆਈ ਦੇ ਨਿਜੀਕਰਣ ਦੀ ਖੇਡ ਸ਼ੁਰੂ ਕਰਨ ਦੀ ਤਿਆਰੀ ਹੈ। ਇਸ ਬਾਰੇ ਸਰਕਾਰ ਨੇ ਜੋ ਯੋਜਨਾ ਬਣਾਈ ਹੈ, ਉਸ ਦੇ ਮੁਤਾਬਕ ਆਈ ਡੀ ਬੀ ਆਈ ਬੈਂਕ ਵਿੱਚ ਕੇਂਦਰ ਸਰਕਾਰ ਆਪਣੀ ਅਤੇ ਐਲ ਆਈ ਸੀ ਦੀ ਪੂਰੀ ਹਿੱਸੇਦਾਰੀ ਨਿੱਜੀ ਖੇਤਰ ਨੂੰ ਵੇਚੇਗੀ। ਅਗਲੇ ਕੁਝ ਦਿਨਾਂ ਵਿੱਚ ਹੀ ਕੈਬਨਿਟ ਤੋਂ ਇਸ ਪ੍ਰਸਤਾਵ ਨੂੰ ਮਨਜ਼ੂਰੀ ਮਿਲਣ ਦੀ ਸੰਭਾਵਨਾ ਹੈ।

ਆਈ ਡੀ ਬੀ ਆਈ ਵਿੱਚੋਂ ਕੇਂਦਰ ਸਰਕਾਰ ਨੇ ਸਰਕਾਰੀ ਖੇਤਰ ਦੀ ਜੀਵਨ ਬੀਮਾ ਕੰਪਨੀ ਐਲ ਆਈ ਸੀ ਦੀ 51 ਫੀਸਦੀ ਹਿੱਸੇਦਾਰੀ 2019 ਵਿੱਚ ਵੇਚੀ ਸੀ। ਉਸ ਦੇ ਬਾਅਦ ਇਸ ਬੈਂਕ ਦਾ ਰੂਪ ਸਰਕਾਰੀ ਤੋਂ ਬਦਲ ਕੇ ਨਿੱਜੀ ਕਰ ਦਿੱਤਾ ਗਿਆ ਸੀ। ਅਜੇ ਇਸ ਵਿੱਚ ਐਲ ਆਈ ਸੀ ਦੀ ਹਿੱਸੇਦਾਰੀ 51 ਫੀਸਦੀ ਹੈ ਅਤੇ ਕੇਂਦਰ ਕੋਲ 47.11 ਫੀਸਦੀ ਹਿੱਸੇਦਾਰੀ ਹੈ। ਸਫਲਤਾਨਾਲ ਬੋਲੀ ਲਾਉਣ ਵਾਲੀਆਂ ਸੰਸਥਾਵਾਂ ਨੂੰ ਇਸ ਬੈਂਕ ਵਿੱਚ ਇਕੱਠੀ 98 ਫੀਸਦੀ ਹਿੱਸੇਦਾਰੀ ਦਿੱਤੀ ਜਾਏਗੀ। ਆਈ ਡੀ ਬੀ ਆਈ ਵਿੱਚ ਬੋਲੀ ਲਾਉਣ ਦੇ ਲਈ ਦੇਸ਼ ਜਾਂ ਵਿਦੇਸ਼ੀ ਸੰਸਥਾਵਾਂ ਵਿੱਚ ਕੋਈ ਫਰਕ ਨਹੀਂ ਕੀਤਾ ਜਾਏਗਾ, ਯਾਨੀ ਵਿਦੇਸ਼ੀ ਬੈਂਕ ਵੀ ਇਸ ਦੇ ਲਈ ਬੋਲੀ ਲਾ ਸਕਣਗੇ।

# ਪਰਾਲੀ ਦੇ ਬਣੇ ਘਰ ਵਿੱਚ ਅੱਗ ਲੱਗੀ, ਛੇ ਬੱਚਿਆਂ ਦੀ ਸੜ ਕੇ ਮੌਤ

ਪਟਨਾ, 1 ਅਪ੍ਰੈਲ (ਪੋਸਟ ਬਿਊਰੋ)- ਬਿਹਾਰ ਦੇ ਅਰੀਆ ਜ਼ਿਲ੍ਹੇ ਦੇ ਪਲਾਸੀ ਥਾਣੇ ਦੇ ਕਬੀਆ ਪਿੰਡ ਵਿੱਚ ਪਰਾਲੀ ਦੇ ਬਣੇ ਘਰ ਵਿੱਚ ਅੱਗ ਲੱਗਣ ਨਾਲ ਛੇ ਬੱਚਿਆਂ ਦੀ ਮੌਤ ਹੋ ਗਈ ਹੈ।

ਦੱਸਿਆ ਗਿਆ ਹੈ ਕਿ ਘਰ ਵਿੱਚ ਅਚਾਨਕ ਅੱਗ ਲੱਗਣ ਨਾਲ ਇਹ ਬੱਚੇ ਅੰਦਰਫਸ ਗਏ। ਅੱਗ ਦੀ ਲਪੇਟ ਵਿੱਚ ਛੇ ਬੱਚਿਆਂ ਦੀ ਮੌਤ ਹੋ ਗਈ। ਘਰ ਵਿੱਚ ਅੱਗ ਲੱਗਣ ਪਿੱਛੋਂ ਲੋਕ ਬੱਚਿਆਂ ਨੂੰ ਬਚਾਉਣ ਲਈ ਭੱਜੇ, ਪਰ ਬਚਾਇਆ ਨਹੀਂ ਜਾ ਸਕਿਆ। ਅੱਗ ਲੱਗਣ ਪਿੱਛੋਂ ਸੈਂਕੜੇ ਪਿੰਡ ਲੋਕ ਇਕੱਠੇ ਹੋ ਗਏ। ਭੀੜ ਵਿੱਚੋਂ ਕੁਝ ਨੌਜਵਾਨਾਂ ਨੇ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਸੀ। ਘਰ ਨੂੰ ਅੱਗ ਕਿਵੇਂ ਲੱਗੀ, ਇਸ ਦੀ ਜਾਣਕਾਰੀ ਨਹੀਂ ਮਿਲੀ।

# ਪਤੀ ਨੂੰ ਸਜ਼ਾ ਦੇਣ ਲਈ ਮਾਂ ਵੱਲੋਂ ਤਿੰਨ ਸਾਲ ਦੇ ਮਾਸੂਮ ਦੀ ਹੱਤਿਆ

ਪ੍ਰਤਾਪਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਹੋਲੀ ਦੇ ਦਿਨ ਆਪਣੇ ਮਾਤਾ-ਪਿਤਾ ਦੇ ਘਰ ਜਾਣ ਤੋਂ ਰੋਕਿਆ ਤਾਂ ਔਰਤ ਨੇ ਤਿੰਨ ਸਾਲ ਦੇ ਬੇਟੇ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਅਤੇ ਫਿਰਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਪ੍ਰਤਾਪਗੜ੍ਹ ਦੇ ਬੈਜਨਾਥ ਪਿੰਡ ਵਿੱਚ ਐਤਵਾਰ ਰਾਤ ਨੂੰ ਵਾਪਰੀ, ਜਦ ਕੇਸ਼ ਕੁਮਾਰੀ ਨੇ ਆਪਣੇ ਬੇਟੇ ਯੁਗ ਉੱਤੇ ਚਾਕੂਆਂ ਨਾਲ ਕਈ ਵਾਰ ਕਰ ਦਿੱਤੇ, ਜਿਸ ਕਾਰਨ ਉਸ ਦੀ ਮੌਤ ਹੋ ਗਈ ਤੇ ਫਿਰ ਖੁਦ ਆਪਣਾ ਗਲਾ ਵੱਢਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਉਸ ਦੇ ਸਹੁਰੇ ਪਰਵਾਰ ਅਤੇ ਗੁਆਂਢੀਆਂ ਨੇ ਬਚਾ ਲਿਆ।ਪੁਲਸ ਨੇ ਦੱਸਿਆ, ਉਤਰ ਪ੍ਰਦੇਸ਼ ਦੇ ਬੈਜਨਾਥ ਪਿੰਡ ਦਾ ਰਾਕੇਸ਼ ਵਰਮਾ ਮਜ਼ਦੂਰ ਹੈ। ਉਹ ਆਪਣੇ ਘਰ ਤੋਂ ਦੂਰ ਨਵਾਂ ਘਰ ਬਣਾ ਰਿਹਾ ਸੀ। ਉਸ ਦੀ ਪਤਨੀ ਕੇਸ਼ ਕੁਮਾਰੀ ਹੋਲੀ ਮੌਕੇ ਆਪਣੇ ਪਰਵਾਰ ਨੂੰ ਮਿਲਣ ਜਾਣਾ ਚਾਹੁੰਦੀ ਸੀ, ਪਰ ਉਨ੍ਹਾਂ ਨੇ ਜਾਣ ਤੋਂ ਰੋਕ ਦਿੱਤਾ ਤਾਂ ਦੋਵਾਂ ਵਿੱਚ ਝਗੜਾ ਹੋ ਗਿਆ। ਪਿਤਾ ਅਤੇ ਪੁੱਤਰ ਨਵੇਂ ਘਰ ਵਿੱਚ ਸੌਣ ਚਲੇ ਗਏ ਅਤੇ ਕੇਸ਼ ਕੁਮਾਰੀ ਅਤੇ ਉਸ ਦੀ ਸੱਸ ਪੁਰਾਣੇ ਘਰ ਵਿੱਚ ਸੌਂ ਗਈਆਂ। ਐਤਵਾਰ ਦੇਰ ਰਾਤ ਕੇਸ਼ ਕੁਮਾਰੀ ਨਵੇਂ ਘਰ ਵਿੱਚ ਆਈ ਅਤੇ ਆਪਣੇ ਬੇਟੇ ਉੱਤੇ ਚਾਕੂ ਨਾਲ ਹਮਲਾ ਸ਼ੁਰੂ ਕਰ ਦਿੱਤਾ ਅਤੇ ਫਿਰ ਆਪਣਾ ਗਲਾ ਵੱਢਣ ਦੀ ਕੋਸ਼ਿਸ਼ ਕੀਤੀ। ਘਟਨਾ ਦੇ ਬਾਅਦ ਪਰਵਾਰ ਨੇ ਚੁੱਪ-ਚਾਪ ਬੱਚੇ ਨੂੰ ਆਪਣੀ ਜ਼ਮੀਨ ਵਿੱਚ ਦਬਾ ਦਿੱਤਾ, ਪਰ ਪੁਲਸ ਨੇ ਘਟਨਾ ਦੀ ਜਾਣਕਾਰੀ ਲਈ ਅਤੇ ਮਾਂ ਨੂੰ ਪੁੱਛਗਿੱਛ ਲਈ ਗ੍ਰਿਫਤਾਰ ਕਰ ਲਿਆ।

# ਮਕਾਨ ਨੂੰ ਅੱਗ ਲੱਗਣ ਨਾਲਦੋ ਮਾਸੂਮਾਂ ਸਣੇ ਚਾਰ ਜਣਿਆਂ ਦੀ ਮੌਤ

ਚੰਬਾ, 1 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹੇ ਦੇ ਚੋਰਾਹ ਤਹਿਸੀਲ ਦੀ ਜੁਨਾਸ ਪੰਚਾਇਤ ਦੇ ਸੁਈਲਾ ਪਿੰਡ ਵਿੱਚ ਲਕੜੀ ਦੇ ਪੁਰਾਣੇ ਮਕਾਨ ਵਿੱਚ ਕੱਲ੍ਹ ਰਾਤ ਕਰੀਬ 11 ਵਜੇ ਅੱਗ ਲੱਗ ਗਈ, ਜਿਸ ਵਿੱਚ ਪਤੀ-ਪਤਨੀ ਤੇ ਦੋ ਮਾਸੂਮਾਂ ਦੀ ਦਮ ਘੁੱਟਣ ਨਾਲ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਦੇਸ ਰਾਜ (28), ਡੋਲਮਾ (26), ਰਿਤੀਕ (5) ਅਤੇ ਮਨੋਜ (3) ਵਜੋਂ ਹੋਈ ਹੈ। ਇਸ ਦੇ ਇਲਾਵਾ ਗਊਸ਼ਾਲਾ ਵਿੱਚ ਬੱਝੇ 9 ਜਾਨਵਰ ਵੀ ਜ਼ਿੰਦਾ ਸੜ ਗਏ ਅਤੇ ਮਕਾਨ ਵੀ ਸੜ ਕੇ ਸਵਾਹ ਹੋ ਗਿਆ। ਪੁਲਸ ਨੇ ਮੁਕੱਦਮਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਡਿਪਟੀ ਕਮਿਸ਼ਨਰ ਦੁਨੀ ਚੰਦ ਰਾਣਾ ਨੇ ਦੱਸਿਆ ਕਿ ਪੀੜਤ ਪਰਵਾਰਾਂ ਨੂੰ ਫੌਰੀ ਰਾਹਤ ਦੇ ਤੌਰ ਉੱਤੇ 50,000 ਰੁਪਏ ਦੀ ਰਾਸ਼ੀ, ਰੋਜ਼ਾਨਾ ਜ਼ਰੂਰਤ ਦਾ ਸਾਮਾਨ ਅਤੇ ਰਾਸ਼ਨ ਦਿੱਤਾ ਗਿਆ ਹੈ।




# ਡਰੱਗ ਕੇਸ ਵਿੱਚ ਅਦਾਕਾਰ ਐਜਾਜ਼ ਖਾਨ ਗ੍ਰਿਫਤਾਰ

ਮੁੰਬਈ, 1 ਅਪ੍ਰੈਲ (ਪੋਸਟ ਬਿਊਰੋ)- ਐਨ ਸੀ ਬੀ (ਨਾਰਕੋਟਿਕਸ ਕੰਟਰੋਲ ਬਿਊਰੋ) ਨੇ ਬਾਲੀਵੁੱਡ ਡਰੱਗ ਕੇਸ ਵਿੱਚ ਅਦਾਕਾਰ ਅਤੇ ਬਿੱਗ ਬੌਸ ਦੇ ਸਾਬਕਾ ਮੁਕਾਬਲੇਬਾਜ਼ ਐਜਾਜ਼ ਖਾਨ ਨੂੰ ਗ੍ਰਿਫਤਾਰ ਕਰ ਲਿਆ ਹੈ।

ਇਸ ਸੰਬੰਧ ਵਿੱਚ ਐਨ ਸੀ ਬੀ ਦੇ ਸੀਨੀਅਰ ਅਫਸਰਾਂ ਨੇ ਆਖਿਆ ਕਿ ਐਜਾਜ਼ ਮੰਗਲਵਾਰ ਨੂੰ ਹਵਾਈ ਅੱਡੇ ਉੱਤੇ ਪੁੱਜਿਆ ਤਾਂ ਉਸ ਨੂੰ ਮੁੰਬਈ ਜ਼ੋਨਲ ਯੂਨਿਟ ਨੇ ਹਿਰਾਸਤ ਵਿੱਚ ਲੈ ਲਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਡਰੱਗ ਕੇਸ ਵਿੱਚ ਗ੍ਰਿਫਤਾਰ ਕੀਤੇ



ਦੋਸ਼ੀਸ਼ਦਾਬ ਬਟਾਟਾ ਕੋਲੋਂ ਪੁੱਛਗਿੱਛ ਦੌਰਾਨ ਐਜਾਜ਼ ਦਾ ਨਾਂਅ ਆਇਆ ਸੀ। ਖਾਨ ਕੋਲੋਂ ਐਨ ਸੀ ਬੀ ਦੇ ਦੱਖਣੀ ਮੁੰਬਈ ਦਫਤਰ ਵਿੱਚ ਪੁੱਛਗਿੱਛ ਕੀਤੀ ਗਈ ਤੇ ਮੰਗਲਵਾਰ ਦੇਰ ਸ਼ਾਮ ਉਸ ਦੇ ਬਿਆਨ ਦਰਜ ਕੀਤੇ ਗਏ। ਪੜਤਾਲ ਦੌਰਾਨ ਡਰੱਗ ਕੇਸ ਵਿੱਚ ਉਸ ਦੀ ਭੂਮਿਕਾ ਲੱਭਣਮਗਰੋਂ ਉਸ ਦੀ ਗ੍ਰਿਫਤਾਰੀ ਪਾਈ ਗਈ।ਇਸ ਕੇਸ ਵਿੱਚ ਐਨ ਸੀ ਬੀ ਦੇ ਜ਼ੋਨਲ ਡਾਇਰੈਕਟਰ ਸਮੀਰ ਵਾਨਖੇੜੇ ਦੀ ਅਗਵਾਈ ਵਾਲੀ ਟੀਮ ਨੇ ਮੰਗਲਵਾਰ ਨੂੰ ਅੰਧੇਰੀ ਅਤੇ ਲੋਖੰਡਵਾਲਾ ਨੇੜਲੇ ਖੇਤਰਾਂ ਵਿੱਚ ਛਾਪੇ ਵੀ ਮਾਰੇ। ਐਨ ਸੀ ਬੀ ਦਫਤਰ ਜਾਣ ਤੋਂ ਪਹਿਲਾਂ ਐਜਾਜ਼ ਖਾਨ ਨੇ ਮੀਡੀਆ ਨੂੰ ਕਿਹਾ ਸੀ ਕਿ ਉਸ ਨੂੰ ਹਿਰਾਸਤ ਵਿੱਚ ਨਹੀਂ ਲਿਆ ਗਿਆ, ਉਹ ਖੁਦ ਐਨ ਸੀ ਬੀ ਅਫਸਰਾਂ ਨੂੰ ਮਿਲਣ ਆਇਆ ਹੈ।



## ਬਾਇਡੇਨ ਲਈ ਉਨ੍ਹਾਂ ਦਾ ਕੁੱਤਾ ਮੇਜਰ ਸਿਰ ਦਰਦ ਬਣਿਆ

ਵਾਸ਼ਿੰਗਟਨ, 1 ਅਪ੍ਰੈਲ (ਪੋਸਟ ਬਿਊਰੋ)-ਕੁੱਤੇ ਪਾਲਣ ਦੇ ਸ਼ੌਕੀਨ ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਲਈ ਉਨ੍ਹਾਂ ਦਾ ਇਹ ਸ਼ੌਕ ਦੂਸਰਿਆਂ ਉਤੇ ਭਾਰੀ ਪੈ ਰਿਹਾ ਹੈ। ਬਾਇਡੇਨ ਦੇ ਜਰਮਨ ਸ਼ੈਫਰਡ ਕੁੱਤੇ ਮੇਜਰ ਨੇ ਵ੍ਹਾਈਟ ਹਾਊਸ ਵਿੱਚ ਇੱਕ ਹੋਰ ਅਧਿਕਾਰੀ ਨੂੰ ਵੱਢ ਲਿਆ ਹੈ। ਇਹ ਅਧਿਕਾਰੀ ਨੈਸ਼ਨਲ ਪਾਰਕ ਸਰਵਿਸ ਦਾ ਕਰਮਚਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਸੋਮਵਾਰ ਦੁਪਹਿਰੇ ਵ੍ਹਾਈਟ ਹਾਊਸ ਸਾਊਥ ਲਾਅਨ ਵਿੱਚ ਕੰਮ ਕਰ ਰਹੇ ਕਰਮਚਾਰੀ ਨੂੰ ਕੁੱਤੇ ਮੇਜਰ ਨੇ ਵੱਢ ਲਿਆ। ਜ਼ਖਮੀ ਕਰਮਚਾਰੀ ਦਾ ਵ੍ਹਾਈਟ ਹਾਊਸ ਦੀ ਮੈਡੀਕਲ ਯੂਨਿਟ ਨੇ ਇਲਾਜ ਕੀਤਾ। ਅਮਰੀਕਾ ਦੀ ਫਸਟ ਲੇਡੀ ਜਿਲ ਬਾਇਡੇਨ ਦੀ ਪ੍ਰੈਸ ਸੈਕਟਰੀ ਮਿਸ਼ੇਲ ਲਾ ਰੋਸਾ ਨੇ ਕਿਹਾ ਕਿ ਮੇਜਰ ਅਜੇ ਕੁਝ ਹੀ ਸਮਾਂ ਪਹਿਲਾਂਵ੍ਹਾਈਟ ਹਾਊਸ ਵਿੱਚ ਆਇਆ ਹੈ ਅਤੇ ਅਜੇ ਖੁਦ ਨੂੰ ਢਾਲ ਨਹੀਂ ਸਕਿਆ। ਉਨ੍ਹਾਂ ਕਿਹਾ ਕਿ ਮੇਜਰ ਨੇ ਸੈਰ ਦੌਰਾਨ ਕਿਸੇ ਨੂੰ ਵੱਢ ਦਿਤਾ ਸੀ। ਜ਼ਖਮੀ ਕਰਮਚਾਰੀ ਦਾ ਇਲਾਜ ਕੀਤਾ ਗਿਆ ਅਤੇ ਉਹ ਕੰਮ ਉੱਤੇ ਆ ਗਿਆ ਹੈ।ਨੈਸ਼ਨਲ ਪਾਰਕ ਸਰਵਿਸ ਨੇ ਅਜੇ ਕੋਈ ਬਿਆਨ ਨਹੀ ਦਿੱਤਾ। ਬਾਇਡੇਨ ਨੇ ਤਿੰਨ ਸਾਲ ਦੇ ਮੇਜਰ ਨੂੰ 2018 ਗੋਦ ਲਿਆ ਸੀ। ਪਿਛਲੇ ਦੋ ਹਫਤਿਆਂ ਤੋਂ ਉਸ ਨੂੰ ਕਾਫੀ ਟਰੇ-ਨਿੰਗ ਦਿੱਤੀ ਗਈ ਹੈ। ਇਸ ਤੋਂ ਪਹਿਲਾ ਮੇਜਰ ਨੇ ਇਸੇ ਮਹੀਨੇ ਇੱਕ ਹੋਰ ਵਿਅਕਤੀ ਨੂੰ ਵੱਢ ਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਕੱਲ੍ਹ ਸ਼ਾਮ ਮੇਜਰ ਨੂੰ ਸਾਊਥ ਲਾਅਨ ਵਿੱਚ ਇੱਕ ਵ੍ਹਾਈਟ ਹਾਊਸ ਦਾ ਕਰਮਚਾਰੀ ਘੁਮਾਉਣ ਲਈ ਲੈ ਕੇ ਗਿਆ ਸੀ, ਜਦੋਂ ਇਹ ਤਾਜ਼ੀ ਘਟਨਾ ਵਾਪਰੀ ਸੀ।

# ਬਾਇਡੇਨ ਦੇ ਬੇਟੇ ਨੇ ਕਿਹਾ: ਯੂਕਰੇਨ ਦੀ ਕੰਪਨੀ ਨਾਲ ਕੰਮ ਕਰ ਕੇ ਕੁਝ ਵੀ ਗਲਤ ਨਹੀਂ ਕੀਤਾ

ਵਾਸ਼ਿੰਗਟਨ, 1 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡੇਨ ਦੇ ਛੋਟੇ ਬੇਟੇ ਹੰਟਰ ਨੇ ਕਿਹਾ ਹੈ ਕਿ ਯੂਕਰੇਨ ਗੈਸ ਕੰਪਨੀ ਦੇ ਬੋਰਡ ਵਿੱਚ ਰਹਿ ਕੇ ਕੋਈ ਗੈਰ ਕਾਨੂੰਨੀ ਕੰਮ ਨਹੀਂ ਕੀਤਾ ਅਤੇ ਉਨ੍ਹਾ ਨੇ ਫੈਸਲਾ ਲੈਣ ਵਿੱਚ ਵੀ ਕਦੇ ਕੋਈ ਕਸਰ ਨਹੀਂ ਛੱਡੀ। ਹੰਟਰ ਨੇ ਇਹ ਵੀ ਕਿਹਾ ਕਿ ਜੇ ਉਨ੍ਹਾਂ ਨੂੰ ਫਿਰ ਮੌਕਾ ਮਿਲਿਆ ਤਾਂ ਉਹ ਕੰਪਨੀ ਨਾਲ ਕੰਮ ਨਹੀਂ ਕਰਨਾ ਚਾਹੁਣਗੇ। ਇਸ ਲਈ ਉਨ੍ਹਾਂ ਦੇਸ਼ ਦੇ ਮੌਜੂਦਾ ਹਾਲਾਤ ਨੂੰ ਜ਼ਿੰਮੇਵਾਰ ਠਹਿਰਾਇਆ।

ਵਰਨਣਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ ਹੰਟਰ ਬਾਇਟੇਨ ਦੇ ਯੂਕਰੇਨ ਦੀ ਕੰਪਨੀ ਨਾਲ ਕੰਮ ਕਰਨ ਬਾਰੇ ਸਵਾਲ ਉਠਾਏ ਸਨ। ਉਨ੍ਹਾਂ ਦੋਸ਼ ਲਾਇਆ ਸੀ ਕਿ ਕੰਪਨੀ ਵਿੱਚ ਕੰਮ ਕਰਨ ਵੇਲੇ ਹੰਟਰ ਨੇ ਆਪਣੇ ਪਿਤਾ ਦੇ ਨਾਂਅ



ਦਾ ਇਸਤੇਮਾਲ ਕੀਤਾ ਸੀ। ਸਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਵੀ ਰਹਿ ਟਰੰਪ ਯੂਕਰੇਨ ਦਾ ਮਾਮਲਾ ਉਠਾ ਕੇ ਬਾਇਡੇਨ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ ਉਤੇ ਘੇਰਨ ਦੀ ਕੋਸ਼ਿਸ਼ ਕਰਦੇ ਰਹੇ ਸਨ।

ਆਪਣੀਆਂ ਯਾਦਾਂ ਨਾਲ ਜੁੜੀ ਕਿਤਾਬ 'ਬਿਊਟੀਫੁੱਲ ਥਿੰਗਜ਼' ਵਿੱਚ ਹੰਟਰ ਲਿਖਦੇ ਹਨ, ਨਾ ਮੈਂ ਕੁਝ ਗਲਤ ਕੀਤਾ ਅਤੇ ਨਾ ਕਦੇ ਮੇਰੇ ਉਪਰ ਗਲਤ ਕੰਮ ਕਰਨ ਦਾ ਦੋਸ਼ ਲੱਗਾ। ਅੱਜ ਇਸ ਗੱਲ ਦਾ ਕੋਈ ਮਤਲਬ ਨਹੀਂ ਹੈ ਕਿ ਮੈਨੂੰ ਉਹ ਅਹੁਦਾ ਮਿਲਦਾ ਹੈ ਜਾਂ ਨਹੀਂ। ਉਨ੍ਹਾਂ ਕਿਹਾ, ''ਦੇਸ਼ ਦੇ ਮੌਜੂਦਾ ਸਿਆਸੀ ਹਾਲਾਤ ਵਿੱਚ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਮੈਂ ਕੀ ਕੀਤਾ ਹੈ ਅਤੇ ਕੀ ਨਹੀਂ ਕੀਤਾ। ਹਮਲੇ ਮੇਰੇ ਉਪਰ ਕੀਤੇ ਜਾਣਗੇ, ਪਰ ਇਸ ਨਾਲ ਜ਼ਖਮੀ ਮੇਰੇ ਪਿਤਾ ਹੋਣਗੇ।'' ਇਸ ਕਿਤਾਬ ਨੂੰ ਪਰਸੋਂ ਰਿਲੀਜ਼ ਕੀਤਾ ਗਿਆ, ਜਿਸ ਵਿੱਚ ਰਾਸ਼ਟਰਪਤੀ ਦੇ ਬੇਟੇ ਨੇ ਸ਼ਰਾਬ ਅਤੇ ਡਰੱਗਜ਼ ਦੀ ਆਦਤ ਕਾਰਨ ਕਈ ਵਾਰ ਨਸ਼ੇ ਛੁਡਾਉਣ ਵਾਲੇ ਕੇਂਦਰ ਵਿੱਚ ਜਾਣ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਲਿਖਿਆ ਕਿ 2015 ਵਿੱਚ ਵੱਡੇ ਭਰਾ ਬੀ ਯੂ ਦੀ ਬਰੇਨ ਕੈਂਸਰ ਨਾਲ ਮੌਤ ਤੋਂ ਬਾਅਦ ਉਹ ਨਸ਼ਿਆਂ ਦੀ ਗ੍ਰਿਫਤ ਵਿੱਚ ਆ ਗਏ ਸਨ।

# ਰੂਸ ਵਿੱਚ ਜਾਨਵਰਾਂ ਨੂੰ ਵੀ ਕੋਰੋਨਾ ਵਾਇਰਸ ਦਾ ਟੀਕਾ ਲੱਗੇਗਾ

ਮਾਸਕੋ, 1 ਅਪ੍ਰੈਲ (ਪੋਸਟ ਬਿਊਰੋ)- ਕੋਰੋਨਾ ਵਾਇਰਸ ਦਾ ਕਹਿਰ ਮਨੁੱਖਾਂ ਦੇ ਨਾਲ ਜਾਨਵਰਾਂ ਨੂੰ ਵੀ ਝੱਲਣਾ ਪੈ ਰਿਹਾ ਹੈ। ਇਸ ਲਈ ਰੂਸ ਨੇ ਜਾਨਵਰਾਂ ਲਈ ਕੋਰੋਨਾ ਵਾਇਰਸ ਵਿਰੁੱਧ ਦੁਨੀਆ ਦਾ ਪਹਿਲਾ ਟੀਕਾ ਬਣਾ ਲਿਆ ਹੈ।

ਭਾਵੇਂ ਅਜੇ ਤੱਕ ਦੁਨੀਆ ਦੇ ਸਾਰੇ ਦੇਸ਼ ਕੋਰੋਨਾ ਨੂੰ ਮਾਤ ਪਾਉਣ ਲਈ ਆਪਣੇ-ਆਪਣੇ ਪੱਧਰ ਉੱਤੇ ਕੋਸ਼ਿਸ਼ਾਂ ਕਰ ਰਹੇ ਹਨ, ਪਰ ਇਹ ਦਾਅਵਾ ਨਹੀਂ ਕੀਤਾ ਗਿਆ ਕਿ ਵੈਕਸੀਨ ਪੂਰੀ ਸਮਰਥ ਹੈ। ਰੂਸ ਵੱਲੋਂ ਜਾਨਵਰਾਂ ਲਈ ਬਣਾਈ ਗਈ ਇਸ ਨਵੀਂ ਵੈਕਸੀਨ ਦਾ ਨਾਂ ਕਾਰਨੀਵੈਕ ਕੋਵ ਹੈ। ਦੇਸ਼ ਦੇ ਖੇਤੀ



ਮਾਮਲਿਆਂ ਉੱਤੇ ਨਜ਼ਰ ਰੱਖਣ ਵਾਲੀ ਸੰਸਥਾ ਰੋਜੇਲਖੋਨਾਜੋਰ ਨੇ ਇਸ ਬਾਰੇ ਦੱਸਿਆ ਕਿ ਇਹ ਵੈਕਸੀਨ ਇਸ ਲਈ ਬਣਾਈ ਗਈ ਹੈ ਕਿ ਜਾਨਵਰਾਂ ਦੀ ਰੱਖਿਆ ਕੀਤੀ ਜਾ ਸਕੇ ਅਤੇ ਜੇ ਜਾਨਵਰ ਕੋਰੋਨਾ ਤੋਂ ਬਚੇ ਰਹਿਣਗੇ ਤਾਂ ਮਨੁੱਖ ਵੀ ਸੁਰੱਖਿਅਤ ਰਹਿਣਗੇ।

ਵਰਨਣ ਯੋਗ ਹੈ ਕਿ ਰੂਸ ਵਿੱਚ ਮਨੁੱਖਾਂ ਦੇ ਲਈ ਕੋਰੋਨਾ ਵਾਇਰਸ ਦੇ ਤਿੰਨ ਟੀਕੇ ਪਹਿਲਾਂਹਨ, ਜਿਨ੍ਹਾਂ ਵਿੱਚੋਂ ਸਭ ਤੋਂ ਮਸ਼ਹੂਰ ਵੈਕਸੀਨ ਸਪੁਤਨਿਕ ਹੈ। ਮਾਸਕੋ ਨੇ ਦੋ ਹੋਰ ਵੈਕਸੀਨ ਐਪੀਵੈਕਕੋਰੋਨਾ ਅਤੇ ਕੋਵੀਵੈਕ ਨੂੰ ਵੀ ਐਮਰਜੈਂਸੀ ਮਨਜ਼ੂਰੀ ਦਿੱਤੀ ਹੈ। ਸੰਸਥਾ ਨੇ ਦੱਸਿਆ ਕਿ ਜਾਨਵਰਾਂ ਲਈ ਕੋਰੋਨਾ ਵੈਕਸੀਨ ਕਾਰਨੀਵੈਕ-ਕੋਵ ਰੋਜੇਲਖੋਨਾਜੋਰ ਦੀ ਹੀ ਇੱਕ ਇਕਾਈ ਵੱਲੋਂ ਵਿਕਸਤ ਕੀਤੀ ਗਈ ਹੈ। ਰੋਜੇਲਖੋਨਾਜੋਰ ਦੇ ਉਪ ਮੁਖੀ ਕੋਂਸਟੇਂਟਿਨ ਸਵੇਨਕੋਵ ਨੇ ਇਸ ਬਾਰੇ ਕਿਹਾ ਕਿ ਵੈਕਸੀਨ ਦਾ ਕਲੀਨਿਕਲ ਟ੍ਰਾਇਲ ਪਿਛਲੇ ਸਾਲ ਅਕਤੂਬਰ ਵਿੱਚ ਸ਼ੁਰੂ ਹੋਇਆ ਸੀ।

# ਫਾਈਜ਼ਰ ਤੇ ਮੌਡੇਰਨਾ ਦੇ ਕੋਰੋਨਾ ਟੀਕੇ ਵੱਧ ਪ੍ਰਭਾਵਸ਼ਾਲੀ ਨਿਕਲੇ

ਸਿਆਟਲ, 1 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੀ ਕੰਪਨੀ ਫਾਈਜ਼ਰ ਅਤੇ ਮੌਡੇਰਨਾ ਵੱਲੋਂ ਤਿਆਰ ਕੀਤਾ ਕੋਰੋਨਾ ਟੀਕਾ ਬਹੁਤ ਪ੍ਰਭਾਵਸ਼ਾਲੀ ਸਿੱਧ ਹੋ ਰਿਹਾ ਹੈ। ਇਨ੍ਹਾਂ ਟੀਕਿਆਂ ਦੀ ਪਹਿਲੀ ਖ਼ੁਰਾਕ ਤੋਂ ਬਾਅਦ ਹੀ ਵਿਅਕਤੀ 80 ਫ਼ੀਸਦੀ ਸੁਰੱਖਿਅਤ ਹੋ ਜਾਂਦਾ ਹੈ ਅਤੇ ਦੂਜੀ ਖ਼ੁਰਾਕ ਤੋਂ ਬਾਅਦ 90 ਫ਼ੀਸਦੀ ਤੋਂ ਵਧੇਰੇ ਸੁਰੱਖਿਅਤ ਹੋ ਜਾਂਦਾ ਹੈ, ਜਿਸ ਕਾਰਨ ਲਾਗ ਦਾ ਖ਼ਤਰਾ ਘੱਟ ਜਾਂਦਾ ਹੈ।

ਇਹ ਜਾਣਕਾਰੀ ਦਿੰਦੇ ਹੋਏ ਸੀ ਡੀ ਸੀ ਦੇ ਡਾਇਰੈਕਟਰ ਰੋਚੇਲ ਵਾਲੈਸਕੀ ਨੇ ਕਿਹਾ ਕਿ 4,000 ਲੋਕਾਂ 'ਤੇ ਕੀਤੇ ਅਧਿਅਨ 'ਚ ਇਹ ਪਤਾ ਲੱਗਾ ਹੈ। ਰੋਗ ਕੰਟਰੋਲ ਅਤੇ ਰੋਕਥਾਮ ਲਈ ਯੂ ਐਸ ਸੈਂਟਰ (ਸੀ ਡੀ ਸੀ) ਦੇ ਅਧਿਐਨ ਵਿੱਚ ਲਾਗ ਤੋਂ ਬਚਾਅ ਲਈ ਟੀਕਿਆਂ ਦੀ ਯੋਗਤਾ ਦੇ ਮੁਲਾਂਕਣ ਦਾ ਅਧਿਅਨ ਦਰਸਾਉਂਦਾ ਹੈ ਕਿ ਰਾਸ਼ਟਰੀ




ਟੀਕਾਕਰਨ ਦੀਆਂ ਕੋਸ਼ਿਸ਼ਾਂ ਤੇਜ਼ੀ ਨਾਲ ਕੰਮ ਕਰ ਰਹੀਆਂ ਹਨ। ਅਮਰੀਕਾ ਦੇ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਵੱਲੋਂ ਐਮਰਜੈਂਸੀ ਵਰਤੋਂ ਦੇ ਅਧਿਕਾਰ ਮਿਲਣ ਤੋਂ ਪਹਿਲਾਂ ਕਰਵਾਏ ਗਏ ਵੱਡੇ ਕਲੀਨੀਕਲ ਟਰਾਇਲਾਂ 'ਚ ਇਹ ਦੇਖਿਆ ਗਿਆ ਸੀ। ਅਧਿਅਨ 'ਚ 14 ਦਸੰਬਰ 2020 ਤੋਂ 13 ਮਾਰਚ 2021 ਤੱਕ ਦੇ 13 ਹਫ਼ਤੇ ਦੇ ਅਰਸੇ ਦੌਰਾਨ ਅਮਰੀਕਾ ਦੇ ਛੇ ਰਾਜਾਂ ਵਿੱਚ 3950 ਲੋਕਾਂ ਵਿੱਚ ਐਮ ਆਰ ਐਨ ਏ ਟੀਕਿਆਂ ਦੀ ਪ੍ਰਭਾਵਸ਼ੀਲਤਾ ਵੱਲ ਝਾਤ ਪਾਈ ਗਈ। ਵਾਲੈਸਕੀ ਨੇ ਕਿਹਾ ਕਿ ਅਧਿਕਾਰਤ ਐਮ ਆਰ ਐਨ ਏ ਕੋਵਿਡ-19 ਟੀਕੇ ਨੇ ਸਾਡੇ ਦੇਸ਼ ਦੇ ਸਿਹਤ ਸੰਭਾਲ ਕਰਮਚਾਰੀਆਂ ਅਤੇ ਹੋਰ ਸਾਰੇ ਫਰੰਟ ਲਾਈਨ 'ਤੇ ਕੰਮ ਕਰਨ ਵਾਲੇ ਵਰਕਰਾਂ ਲਈ ਲਾਗ ਦੇ ਵਿਰੁੱਧ ਬਹੁਤ ਜਲਦੀ ਮਹੱਤਵਪੂਰਨ ਸੁਰੱਖਿਆ ਪ੍ਰਦਾਨ ਕੀਤੀ ਹੈ।

# ਚੀਨ ਨੇ ਹਾਂਗਕਾਂਗ ਵਿਧਾਨ ਕੌਂਸਲ ਵਿੱਚ ਸਿੱਧੀ ਚੋਣ ਵਾਲੀਆਂ ਸੀਟਾਂ ਦੀ ਗਿਣਤੀ ਘੱਟ ਕੀਤੀ

ਪੇਈਚਿੰਗ, 1 ਅਪ੍ਰੈਲ (ਪੋਸਟ ਬਿਊਰੋ)- ਚੀਨ ਨੇ ਹਾਂਗਕਾਂਗ ਵਿਧਾਨ ਕੌਂਸਲ ਵਿੱਚ ਚੋਣਸੀਟਾਂ ਦੀ ਗਿਣਤੀ ਘੱਟ ਕਰ ਦਿੱਤੀ ਹੈ, ਜੋ ਪਹਿਲਾਂ ਤੋਂ ਸਿਆਸੀ ਸੰਕਟ ਨਾਲ ਜੂਝ ਰਹੇ ਲੋਕਤੰਤਰ ਦੇ ਲਈ ਇੱਕ ਝਟਕਾ ਹੈ।

ਇਸ ਸੰਬੰਧ ਵਿੱਚ ਚੀਨ ਦੀ ਸੀਨੀਅਰ ਕੌਂਸਲ ਦੀ ਦੋ ਦਿਨਾਂ ਬੈਠਕ ਪਿੱਛੋਂ ਕੱਲ੍ਹ ਇਨ੍ਹਾਂ ਤਬਦੀਲੀਆਂ ਦਾ ਐਲਾਨ ਕੀਤਾ ਗਿਆ। ਨਵੇਂ ਪ੍ਰਬੰਧ ਅਨੁਸਾਰ ਵਿਧਾਨ ਕੌਂਸਲਦੀਆਂ ਸੀਟਾਂ ਦਾ ਵਾਧਾ 90 ਤੱਕ ਕਰ ਦਿੱਤਾ ਗਿਆ ਹੈ ਅਤੇ ਕੇਵਲ 20 ਸੀਟਾਂ 'ਤੇ ਮੈਂਬਰ ਜਨਤਾ ਰਾਹੀਂ ਚੁਣ ਕੇ ਆਉਣਗੇ। ਅਜੇ ਵਿਧਾਨ ਕੌਂਸਲਦੀ 70 ਵਿੱਚੋਂ ਅੱਧੀਆਂ ਸੀਟਾਂ ਲਈ ਮੈਂਬਰ ਸਿੱਧੇ ਚੁਣ ਕੇ ਆਉਂਦੇ ਸਨ।ਚੀਨ ਨੇ



ਪਿਛਲੇ ਸਾਲ ਹਾਂਗਕਾਂਗ ਵਿੱਚ ਕੌਮੀ ਸੁਰੱਖਿਆ ਕਾਨੂੰਨ ਲਾਗੂ ਕੀਤਾ ਸੀ ਅਤੇ ਇਸ ਸਾਲ ਉਹ ਚੋਣ ਪ੍ਰਕਿਰਿਆ ਵਿੱਚ ਬਦਲਾਓ ਕਰ ਰਿਹਾ ਹੈ। ਹਾਂਗਕਾਂਗ ਵਿੱਚ 2019 ਵਿੱਚ ਲੋਕਤੰਤਰ ਸਮਰਥਕ ਲੋਕਾਂ ਦੇ ਪ੍ਰਦਰਸ਼ਨਾਂ ਵਿੱਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ ਸੀ ਅਤੇ ਜਦੋਂ ਸਰਕਾਰ ਨੇ ਉਨ੍ਹਾਂ ਦੀ ਮੰਗ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਲੋਕ ਹਿੰਸਕ ਹੋ ਗਏ ਸਨ। ਚੀਨ ਦੀ ਨੈਸ਼ਨਲ ਪੀਪੁਲਸ ਕਾਂਗਰਸ ਦੀ ਸਟੈਂਡਿੰਗਕਮੇਟੀ ਨੇ ਹਾਂਗਕਾਂਗ ਦੇ ਸੰਵਿਧਾਨ ਵਿੱਚ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਨਾਲ ਸ਼ਹਿਰ ਦੇ ਵਿਧਾਨਕੌਂਸਲਉਤੇ ਚੀਨ ਦਾ ਕੰਟਰੋਲ ਵੱਧ ਜਾਵੇਗਾ।ਨਵੀਂ ਵਿਧਾਨ ਕੌਂਸਲਵਿੱਚ 20 ਚੁਣੇ ਹੋਏ ਮੈਂਬਰ ਹੋਣਗੇ, 30 ਮੈਂਬਰ ਕਮੇਟੀ ਵੱਲੋਂ ਚੁਣੇ ਜਾਣਗੇ, ਜੋ ਸ਼ਹਿਰ ਦੇ ਨੇਤਾ ਦੀ ਚੋਣ ਕਰੇਗੀ। ਚੋਣ ਕਮੇਟੀ ਦੇ ਮੈਂਬਰ 1,200 ਤੋਂ ਵਧਾ ਕੇ 1,500 ਕੀਤੇ ਜਾਣਗੇ।

# ਐਨ ਆਰ ਆਈਜ਼ ਨੂੰ ਭਾਰਤ ਯਾਤਰਾ ਵੇਲੇ ਪੁਰਾਣੇ ਪਾਸਪੋਰਟ ਦੀ ਲੋੜ ਨਹੀਂ

ਵਾਸ਼ਿੰਗਟਨ, 1 ਅਪ੍ਰੈਲ (ਪੋਸਟ ਬਿਊਰੋ)- ਵਿਦੇਸ਼ੀ ਨਾਗਰਿਕ (ਓ ਸੀ ਆਈ) ਦਾ ਕਾਰਡ ਰੱਖਣ ਵਾਲੇ ਭਾਰਤੀ ਮੂਲ ਜਾਂ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਭਾਰਤ ਆਉਣ ਲਈ ਪੁਰਾਣਾ ਪਾਸ-ਪੋਰਟ ਰੱਖਣ ਦੀ ਲੋੜ ਨਹੀਂ।

ਭਾਰਤੀ ਦੂਤਘਰ ਨੇ ਭਾਰਤ ਸਰਕਾਰ ਵੱਲੋਂ ਇਸ ਬਾਰੇ ਜਾਰੀ ਨੋਟੀਫਿਕੇਸ਼ਨ ਦਾ ਜ਼ਿਕਰ ਕਰਦੇ ਹੋਏ ਸੋਮਵਾਰ ਨੂੰ ਦੱਸਿਆ ਕਿ ਓ ਸੀ ਆਈ ਕਾਰਡ ਨਾਲ ਪੁਰਾਣਾ ਪਾਸਪੋਰਟ ਰੱਖਣ ਦੀ ਜ਼ਰੂਰਤ ਖਤਮ ਕਰ ਦਿੱਤੀ ਗਈ ਹੈ।ਇਸ ਐਲਾਨ ਨੇ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਦੀ ਵੱਡੀ ਚਿੰਤਾ ਦੂਰ ਕਰ ਦਿੱਤੀ ਹੈ। ਦੂਤਘਰ ਨੇ ਕਿਹਾ ਹੈ ਕਿ



ਅੱਗੂ ਤੋਂ ਪੁਰਾਣੇ ਪਾਸਪੋਰਟ ਵਾਲੇ ਮੌਜੂਦਾ ਓ ਸੀ ਆਈ ਕਾਰਡ ਨਾਲ ਯਾਤਰਾ ਕਰਨ ਵਾਲੇ ਵਿਅਕਤੀ ਨੂੰ ਪੁਰਾਣਾ ਪਾਸਪੋਰਟ ਨਾਲ ਰੱਖਣ ਦੀ ਲੋੜ ਨਹੀਂ, ਪਰ ਨਵਾਂ ਪਾਸਪੋਰਟ ਨਾਲ ਰੱਖਣਾ ਲਾਜ਼ਮੀ ਹੋਵੇਗਾ।ਭਾਰਤ ਸਰਕਾਰ ਨੇ ਵੀਹ ਸਾਲ ਤੋਂ ਘੱਟ ਅਤੇ 50 ਸਾਲ ਤੋਂ ਵੱਧ ਦੀ ਉਮਰ ਵਾਲੇ ਕਾਰਡ ਧਾਰਕਾਂ ਲਈ ਓ ਸੀ ਆਈ ਕਾਰਡ ਦੁਬਾਰਾ ਜਾਰੀ ਕਰਨ ਦੀ ਸਮਾਂ ਸੀਮਾ ਨੂੰ ਵਧਾ ਕੇ 31 ਦਸੰਬਰ 2021 ਕਰਨ ਦਾ ਵੀ ਫੈਸਲਾ ਕੀਤਾ ਹੈ। ਸਾਲ 2005 ਵਿੱਚ ਲਾਗੂ ਓ ਸੀ ਆਈ ਦੇ ਨਿਰੇਦਸ਼ਾਂ ਅਨੁਸਾਰ ਵੀਹ ਸਾਲ ਤੋਂ ਘੱਟ ਅਤੇ ਪੰਜਾਹ ਸਾਲ ਤੋਂ ਵੱਧ ਉਮਰ ਦੇ ਕਾਰਡ ਧਾਰਕਾਂ ਨੂੰ ਹਰ ਵਾਰ ਨਵਾਂ ਪਾਸਪੋਰਟ ਬਣਵਾਉਣ 'ਤੇ ਆਪਣਾ ਕਾਰਡ ਦੁਬਾਰਾ ਜਾਰੀ ਕਰਵਾਉਣਾ ਪੈਂਦਾ ਹੈ। ਭਾਰਤ ਸਰਕਾਰ ਨੇ ਕੋਰੋਨਾ ਮਹਾਮਾਰੀ ਕਾਰਨ ਇਸ ਦੀ ਸਮਾਂ ਸੀਮਾ ਕਈ ਵਾਰ ਵਧਾਈ ਹੈ, ਪਰੰਤੂ ਓ ਸੀ ਆਈ ਕਾਰਡ ਧਾਰਕਾਂ ਲਈ ਯਾਤਰਾ ਦੌਰਾਨ ਪੁਰਾਣੇ ਪਾਸਪੋਰਟਾਂ ਨੂੰ ਨਾਲ ਰੱਖਣ ਦੀ ਲਾਜ਼ਮੀਅਤਾ ਵਿੱਚ ਛੋਟ ਪਹਿਲੀ ਵਾਰ ਦਿੱਤੀ ਗਈ ਹੈ।

## ਪਾਕਿਸਤਾਨੀ ਕੱਪੜਾ ਮੰਤਰਾਲੇ ਵੱਲੋਂ ਭਾਰਤੀ ਕਪਾਹ ਦੀ ਇੰਪੋਰਟ ਤੋਂ ਪਾਬੰਦੀ ਹਟਾਉਣ ਦੀ ਸਿਫਾਰਿਸ਼



ਇਸਲਾਮਾਬਾਦ, 1 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪ੍ਰਧਾਨਗੀ 'ਚ ਕੱਪੜਾ ਮੰਤਰਾਲੇ ਨੇ ਦੇਸ਼ ਦੇ ਕੱਪੜਾ ਖੇਤਰ 'ਚ ਕੱਚੇ ਮਾਲ ਦੀ ਕਮੀ ਨੂੰ ਪੂਰਾ ਕਰਨ ਲਈ ਭਾਰਤ ਨੂੰ ਕਪਾਹ ਦੀ ਇੰਪੋਰਟ ਕਰਨ ਤੋਂ ਪਾਬੰਦੀ ਹਟਾਉਣ ਦੀ ਸਿਫ਼ਾਰਿਸ਼ ਕਰ ਦਿੱਤੀ ਹੈ।

ਦਿ ਡਾਨ ਨਿਊਜ਼ ਨੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਕੱਪੜਾ ਉਦਯੋਗ ਮੰਤਰਾਲੇ ਨੇ ਭਾਰਤ ਤੋਂ ਕਪਾਹ ਅਤੇ ਸੂਤੀ ਧਾਗੇ ਦੀ ਇੰਪੋਰਟ ਤੋਂ ਪਾਬੰਦੀ ਹਟਾਉਣ ਲਈ ਕੈਬਨਿਟ ਦੀ ਆਰਥਿਕ ਤਾਲਮੇਲ ਕਮੇਟੀ (ਈ ਸੀ ਸੀ) ਤੋਂ ਇਜਾਜ਼ਤ ਮੰਗੀ ਹੈ। ਇੱਕ ਅਧਿਕਾਰੀ ਨੇ ਕਿਹਾ ਕਿ ਅਸੀਂ ਪਾਬੰਦੀ ਹਟਾਉਣ ਲਈ ਈ ਸੀ ਸੀ ਨੂੰ ਇੱਕ ਹਫ਼ਤੇ ਤੋਂ ਵੱਧ ਸਮਾਂ ਪਹਿਲਾਂ ਲਿਖਤੀ ਬੇਨਤੀ ਕੀਤੀ ਸੀ।ਉਨ੍ਹਾਂ ਕਿਹਾ ਕਿ ਤਾਲਮੇਲ ਕਮੇਟੀ ਦੇ ਫੈਸਲੇ ਨੂੰ ਰਸਮੀ ਪ੍ਰਵਾਨਗੀ ਦੇ ਲਈ ਕੇਂਦਰੀ ਕੈਬਨਿਟ ਅੱਗੇ ਰੱਖਿਆ ਜਾਏਗਾ। ਪ੍ਰਧਾਨ ਮੰਤਰੀ ਨੇ ਵਪਾਰ ਤੇ ਕੱਪੜਾ ਮੰਤਰਾਲਾ ਦੇ ਇੰਚਾਰਜ ਵਜੋਂ ਇਸ ਅਰਜ਼ੀ ਨੂੰ ਈ ਸੀ ਸੀ ਦੇ ਕੋਲ ਪੇਸ਼ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਪਾਕਿਸਤਾਨ 'ਚ ਕਪਾਹ ਦੀ ਘੱਟ ਪੈਦਾਵਾਰ ਕਾਰਨ ਭਾਰਤ ਤੋਂ ਕਪਾਹ ਲੈਣ ਦਾ ਰਸਤਾ ਪੱਧਰਾ ਹੋਇਆ ਹੈ। ਕਪਾਹ ਅਤੇ ਧਾਗੇ ਦੀ ਕਮੀ ਕਾਰਨ ਪਾਕਿਸਤਾਨ 'ਚ ਖਪਤਕਾਰਾਂ ਨੂੰ ਅਮਰੀਕਾ, ਬ੍ਰਾਜ਼ੀਲ ਅਤੇ ਉਜਬੇਕਿਸਤਾਨ ਤੋਂ ਕਪਾਹ ਦੀ ਦਰਾਮਦ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ।

## ਟਰੰਪ ਨੇ ਜਨਤਾ ਨਾਲ ਜੁੜਨ ਲਈ ਵੈਬਸਾਈਟ ਲਾਂਚ ਕਰ ਲਈ

ਵਾਸ਼ਿੰਗਟਨ, 1 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਉਨ੍ਹਾਂ ਦੀ ਪਤਨੀ ਮੇਲਾਨੀਆ ਨੇ ਆਪਣੀ ਵੈਬਸਾਈਟ 45 ਆਫਿਸ ਕਾਮ ਲਾਂਚ ਕੀਤੀ ਹੈ। ਇਸ ਨੂੰ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵਜੋਂ ਟਰੰਪ ਵੱਲੋਂ ਕੀਤੇ ਗਏ ਸਾਰੇ ਕੰਮਾਂ ਦੀ ਜਾਣਕਾਰੀ ਨਾਲ ਜਨਤਾ ਨਾਲ ਸਿੱਧੇ ਜੁੜਨ ਦਾ ਪਲੇਟਫਾਰਮ ਬਣਾਇਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਟਰੰਪ ਸਿੱਧੇ ਜਨਤਾ ਨਾਲ ਜੁੜ ਕੇ 2024 ਦੀਆਂ ਚੋਣ ਤਿਆਰੀਆਂ ਵਿੱਚ ਲੱਗੇ ਹੋਏ ਹਨ। ਉਸੇ ਲੜੀ ਵਿੱਚ ਇਹ ਇੱਕ ਅਹਿਮ ਕਦਮ ਮੰਨਿਆ ਜਾ ਰਿਹਾ ਹੈ।


ਇਸ ਵੈਬਸਾਈਟ ਵਿੱਚ ਡੋਨਾਲਡ ਟਰੰਪ ਨੇ ਆਪਣੀ ਪਤਨੀ ਅਤੇ ਸਾਬਕਾ ਫਸਟ ਲੇਡੀ ਮੇਲਾਨੀਆ ਟਰੰਪ ਨੂੰ ਵੀ ਪ੍ਰਮੁੱਖਤਾ ਦਿੱਤੀ ਹੈ। ਵੈਬਸਾਈਟ ਦੇ ਮੁੱਖ ਪੰਨੇ ਉੱਤੇ ਉਨ੍ਹਾਂ ਦੀ ਫੋਟੋ ਨੂੰ ਪ੍ਰਮੁੱਖ ਸਥਾਨ ਦਿੱਤਾ ਗਿਆ ਹੈ। ਇਸ ਵੈਬਸਾਈਟ ਨਾਲ ਅਮਰੀਕੀ ਜਨਤਾ ਉਨ੍ਹਾਂ ਨੂੰ ਵਧਾਈ ਦੇਣ ਦੇ ਨਾਲ ਕਿਸੇ ਵੀ ਵਿਸ਼ੇ 'ਤੇ ਰਾਇ ਦੇ ਸਕਦੀ ਹੈ। ਟਰੰਪ ਦੇ ਪ੍ਰੋਗਰਾਮਾਂ ਵਿੱਚ ਵੀ ਇਸ



ਵੈਬਸਾਈਟ ਨਾਲ ਸ਼ਾਮਲ ਹੋਇਆ ਜਾ ਸਕੇਗਾ। ਵਰਨਣ ਯੋਗ ਹੈ ਕਿ ਛੇ ਜਨਵਰੀ ਨੂੰ ਪਾਰਲੀਮੈਂਟ ਵਿੱਚ ਹਿੰਸਾ ਪਿੱਛੋਂ ਇੰਟਰਨੈਟ ਮੀਡੀਆ ਦੇ ਕਈ ਪਲੇਟਫਾਰਮਾਂ ਨੇ ਟਰੰਪ ਉਤੇ ਰੋਕ ਲਾ ਦਿੱਤੀ ਸੀ। ਉਸ ਪਿੱਛੋਂ ਪਹਿਲੀ ਵਾਰ ਇਸ ਵੈਬਸਾਈਟ ਨਾਲ ਟਰੰਪ ਜਨਤਾ ਨਾਲ ਜੁੜਨ ਲੱਗੇ ਹਨ। ਪਿਛਲੀਆਂ ਚੋਣਾਂ ਵਿੱਚ ਹਾਰ ਦੇ ਬਾਵਜੂਦ ਟਰੰਪ ਹਾਰ ਮੰਨਣ ਨੂੰ ਤਿਆਰ ਨਹੀਂ ਸਨ। ਉਨ੍ਹਾਂ ਨੇ ਇਸ ਲਈ ਸੁਪਰੀਮ ਕੋਰਟ ਤੱਕ ਦਾ ਦਰਵਾਜ਼ਾ ਖੜਕਾਇਆ ਸੀ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR SALE
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,449,995
COTTRELLE/HWY50
ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਡਰੂਮ ਦੀ ਫਿਨਿਸ਼ਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਨ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ

SOLD
$1,149,000
SANDALWOOD/BRAMALEA
ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ

## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton


ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post

# CLASSIFIEDS

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

$1,000 off with this flyer on New Basement

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

info@a1renovationgta.com

www.a1renovationgta.com

A-1 RENOVATION GTA INC.

22 Listcreek Road, Brampton L6p 2n6

You can Place Your Business Here (905)793-2202

To Reach Wider Audience

PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT
INSURED & BONDED
EVERY SERVICE
WITH WARRANTY
SERVING GTA

CALL :416-822-2590

Ants, Wasp, Centepede, Fleas, Bed Bugs

HOMELIFE SILVERCITY Realty Inc. Brokerage

Kulwinder Chhina

SALES REPRESENTATIVE

647.293.2327

www.Kulwinderchhina.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Call Us For Guaranteed Lowest Airfare

ANY Airline Time Destination Around the World

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

www.nuwaytravels.com

E-mail- info@nuwaytravels.com




# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ ’ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5’8’’, ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5’11’,ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5’11’’, ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5’7’’, ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5’ 2”, 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ ’ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AVTAR UPPAL Manager

AMAN UPPAL Barrister,Solicitor

FREE Consultation

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

100% SATISFACTION GUARANTEE

416.230.4000 • 647.409.1092

www.STARLANEPAINTING.com

ਹਰਜੀਤ ਧਨੋਆ

# ਆਓ! ਬਜ਼ੁਰਗਾਂ ਨੂੰ ਪਿਆਰ ਦੇਈਏ

-ਡਾ. ਪ੍ਰਿਆ ਸਰੀਨ



ਅਸੀਂ ਹਰ ਸਾਲ 1 ਅਕਤੂਬਰ ਨੂੰ ਬਜ਼ੁਰਗਾਂ ਦਾ ਅੰਤਰਰਾਸ਼ਟਰੀ ਦਿਵਸ ਮਨਾਉਂਦੇ ਹਾਂ। ਇਹ ਦਿਨ ਸਾਨੂੰ ਬਜ਼ੁਰਗਾਂ ਦੀ ਸੰਭਾਲ ਪ੍ਰਤੀ ਵਿਚਾਰ ਕਰਨ ਅਤੇ ਇਸ ਦਿਨ ਦੇ ਉਤਸਵ ਪਿੱਛੇ ਲੁਕੇ ਗੰਭੀਰ ਅਰਥਾਂ ਦਾ ਅਹਿਸਾਸ ਕਰਾਉਂਦਾ ਹੈ। ਇਸ ਦਿਵਸ ਨੂੰ ਮਨਾਉਣ ਦਾ ਮੁੱਖ ਉਦੇਸ਼ ਵਿਸ਼ਵ ਦੇ ਬਜ਼ੁਰਗਾਂ ਨੂੰ ਸਤਿਕਾਰ ਦੇਣਾ ਅਤੇ ਉਨ੍ਹਾਂ ਦੀਆਂ ਮੌਜੂਦਾ ਮੁਸ਼ਕਲਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨਾ ਹੈ। ਸਵਾਲ ਇਹ ਹੈ ਕਿ ਵਿਸ਼ਵ ਵਿੱਚ ਬਜ਼ੁਰਗਾਂ ਲਈ ਇੱਕ ਦਿਨ ਮਨਾਉਣ ਦੀ ਕੀ ਲੋੜ ਪਈ? ਉਨ੍ਹਾਂ ਨੂੰ ਅਣਦੇਖਿਆ ਕਿਉਂ ਕੀਤਾ ਜਾਂਦਾ ਹੈ? ਇਸ ਅਵਸਥਾ ਦੀ ਅਣਦੇਖੀ ਦੇ ਇਸ ਗ਼ਲਤ ਪਰਵਾਹ ਨੂੰ ਰੋਕਣ ਬਾਰੇ ਸੋਚਣ ਦਾ ਮਹੱਤਵ ਪੂਰਨ ਪਹਿਲੂ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਾਨੂੰ ਬਜ਼ੁਰਗਾਂ, ਜੋ ਇਸ ਉਮਰ ਵਿੱਚ ਸਿਹਤ ਨਾਲ ਸਬੰਧਿਤ ਅਤੇ ਹੋਰ ਕਈ ਸਮੱਸਿਆਵਾਂ ਤੋਂ ਪੀੜਤ ਹਨ, ਉਨ੍ਹਾਂ ਦੇ ਜੀਵਨ ਵਿੱਚ ਉਤਸ਼ਾਹ ਤੇ ਖ਼ੁਸ਼ੀ ਦੇ ਰੰਗਾਂ ਨੂੰ ਕਿਵੇਂ ਭਰਨਾ ਹੈ। ਸਾਡੀ ਬਜ਼ੁਰਗ ਆਬਾਦੀ ਦੀ ਸਭ ਤੋਂ ਵੱਡੀ ਸਮੱਸਿਆ ਇਕੱਲਤਾ ਦੀ ਹੈ। ਸਾਨੂੰ ਇਸ ਨੂੰ ਦੂਰ ਕਰਨ ਲਈ ਯਤਨ ਕਰਨੇ ਚਾਹੀਦੇ ਹਨ, ਕਿਉਂਕਿ ਇਨ੍ਹਾਂ ਦਰੱਖਤਾਂ ਦੀ ਠੰਢੀ ਛਾਂ ਹੇਠ ਅਸੀਂ ਬਚਪਨ ਬਿਤਾਉਂਦੇ ਹਾਂ। ਇੱਕ ਵਾਰ ਜਦੋਂ ਅਸੀਂ ਜਵਾਨ ਤੇ ਆਜ਼ਾਦ ਹੋ ਜਾਂਦੇ ਹਾਂ ਤਾਂ ਅਸੀਂ ਇੰਨੇ ਰੁੱਝ ਜਾਂਦੇ ਤੇ ਆਪਣੇ ਕਾਰਜਾਂ ਵਿੱਚ ਕੇਂਦਰਿਤ ਹੁੰਦੇ ਹਾਂ ਕਿ ਅਸੀਂ ਉਸ ਦਰੱਖਤ ਨੂੰ ਭੁੱਲ ਜਾਂਦੇ ਹਾਂ, ਜੋ ਸਾਨੂੰ ਜੀਵਨ ਯਾਤਰਾ ਵਿੱਚ ਤੂਫ਼ਾਨ ਅਤੇ ਗਰਮੀ ਤੋਂ ਬਚਾ ਕੇ ਰੱਖਦਾ ਹੈ। ਇਹ ਅਜਿਹਾ ਦਰੱਖਤ ਹੈ, ਜੋ ਕਦੇ ਸ਼ਿਕਾਇਤ ਨਹੀਂ ਕਰੇਗਾ ਕਿਉਂਕਿ ਉਸ ਦਾ ਸੁਭਾਅ ਨਿਸਵਾਰਥ ਹੁੰਦਾ ਹੈ। ਨਿਰਸਵਾਰਥ, ਸੁਰੱਖਿਆ ਦੇਣਾ ਅਤੇ ਮੁਆਫ਼ ਕਰਨਾ ਉਨ੍ਹਾਂ ਦੇ ਸੁਭਾਵਿਕ ਲੱਛਣ ਹਨ, ਪਰ ਥੋੜ੍ਹੀ ਦੇਰ ਲਈ ਰੁਕੋ ਅਤੇ ਵਿਚਾਰ ਕਰੋ ਕਿ ਕਿਵੇਂ ਅਸੀਂ ਆਪਣੇ ਬਜ਼ੁਰਗਾਂ ਲਈ ਇਸ ਦੁਨੀਆਂ ਨੂੰ ਜ਼ਿਆਦਾ ਆਰਾਮਦਾਇਕ ਅਤੇ ਸਾਰਥਿਕ ਬਣਾ ਸਕਦੇ ਹਾਂ।

ਇਹ ਸੱਚ ਹੈ ਕਿ ਅੱਜ ਦੀ ਮਸ਼ਰੂਫ਼ ਅਤੇ ਮੁਕਾਬਲੇਬਾਜ਼ੀ ਦੀ ਦੁਨੀਆਂ ਵਿੱਚ ਅਸੀਂ ਆਪਣੀਆਂ ਨਿੱਜੀ ਤੇ ਵਪਾਰਕ ਵਚਨਬੱਧਤਾਵਾਂ ਵਿੱਚ ਏਦਾਂ ਫਸ ਜਾਂਦੇ ਹਾਂ ਕਿ ਸਾਨੂੰ ਜੀਵਨ ਜਿਉਣ ਦੇ ਸਾਧਨ ਜੁਟਾਉਣ ਤੋਂ ਫ਼ੁਰਸਤ ਨਹੀਂ ਮਿਲਦੀ। ਜੇ ਅਸੀਂ ਚਾਹੀਏ ਤਾਂ ਅਸੀਂ ਅਜਿਹੇ ਰੁਝੇਵਿਆਂ ਵਿੱਚੋਂ ਕੁਝ ਪਲ ਆਪਣੇ ਬਜ਼ੁਰਗਾਂ ਨਾਲ ਬਿਤਾਉਣ ਲਈ ਕੱਢ ਸਕਦੇ ਹਾਂ।

ਬਜ਼ੁਰਗ ਗਿਆਨ ਦਾ ਖ਼ਜ਼ਾਨਾ ਹਨ, ਅਸੀਂ ਉਨ੍ਹਾਂ ਦੇ ਅਨੁਭਵ ਤੋਂ ਬਹੁਤ ਕੁਝ ਸਿੱਖ ਸਕਦੇ ਹਾਂ। ਉਨ੍ਹਾਂ ਨਾਲ ਸਮਾਂ ਬਿਤਾਉਣ ਨਾਲ ਅਸੀਂ ਹਰ ਸਮੇਂ ਕੁਝ ਪ੍ਰਾਪਤ ਕਰ ਰਹੇ ਹਾਂ। ਉਨ੍ਹਾਂ ਕੋਲ ਜੀਵਨ ਦਾ ਤਜ਼ਰਬਾ ਹੈ ਅਤੇ ਤਜ਼ਰਬਾ ਅਕਸਰ ਸਭ ਤੋਂ ਵਧੀਆਂ ਅਧਿਆਪਕ ਹੁੰਦਾ ਹੈ। ਉਹ ਸਭ ਕੁਝ ਹੁੰਦੇ ਹੋਏ ਵੀ ਇਕੱਲਤਾ ਹੰਢਾਉਣ ਨੂੰ ਮਜ਼ਬੂਰ ਹਨ। ਤੁਸੀਂ ਉਨ੍ਹਾਂ ਨਾਲ ਕੁਝ ਪਲ ਬਿਤਾ ਕੇ ਦੇਖੋ ਕਿਵੇਂ ਇਕਦਮ ਉਨ੍ਹਾਂ ਦੇ ਚਿਹਰੇ ਉੱਤੇ ਰੰਗਤ ਆਉਂਦੀ ਹੈ। ਉਨ੍ਹਾਂ ਕੋਲ ਬੈਠੋ, ਉਨ੍ਹਾਂ ਨਾਲ ਗੱਲਾਂ ਕਰੋ, ਉਨ੍ਹਾਂ ਦੀਆਂ ਗੱਲਾਂ ਸੁਣੋ। ਬਜ਼ੁਰਗਾਂ ਦਾ ਆਪਣੇ ਤਜ਼ਰਬੇ ਰਾਹੀਂ ਮੰਨਣਾ ਹੈ ਕਿ ਜੀਵਨ ਪ੍ਰਤੀਕੂਲ ਹਾਲਾਤ ਦੇ ਬਾਵਜੂਦ ਚੱਲਦਾ ਰਹਿੰਦਾ ਹੈ। ਨਵੀਂ ਪੀੜ੍ਹੀ ਅਕਸਰ ਆਪਣੇ ਬਜ਼ੁਰਗਾਂ ਦੀ ਇਹ ਸਲਾਹ ਮੰਨਣ ਤੋਂ ਭੱਜਦੀ ਹੈ। ਇੱਕ ਵਾਰ ਜਦੋਂ ਅਸੀਂ ਬਾਲਗ ਹੋ ਜਾਂਦੇ ਹਾਂ ਅਤੇ ਬਾਅਦ ਵਿੱਚ ਮਾਤਾ-ਪਿਤਾ ਬਣ ਜਾਂਦੇ ਹਾਂ ਤਾਂ ਸਾਨੂੰ ਇਹ ਜ਼ਰੂਰ ਅਹਿਸਾਸ ਹੁੰਦਾ ਹੈ ਕਿ ਅਸੀਂ ਉਨ੍ਹਾਂ ਤੋਂ ਕਿੰਨੀਆਂ ਮਹੱਤਵ ਪੂਰਨ ਗੱਲਾਂ ਸਿੱਖੀਆਂ ਹਨ।

ਬਜ਼ੁਰਗਾਂ ਨੂੰ ਇਹ ਵਿਸ਼ਵਾਸ ਦਿਵਾਉਣਾ ਕਿ ਉਹ ਇਕੱਲੇ ਨਹੀਂ, ਇਹ ਉਨ੍ਹਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ। ਉਨ੍ਹਾਂ ਨੂੰ ਦੱਸੋ ਕਿ ਤੁਹਾਨੂੰ ਉਨ੍ਹਾਂ ਦੀ ਪ੍ਰਵਾਹ ਹੈ, ਉਨ੍ਹਾਂ ਦੇ ਇੱਕ ਇੱਕ ਸ਼ਬਦ ਦਾ ਸਨਮਾਨ ਹੈ। ਇਹ ਉਨ੍ਹਾਂ ਨਾਲ ਤੁਹਾਡੇ ਸਬੰਧ ਮਜ਼ਬੂਤ ਕਰੇਗਾ। ਸਾਨੂੰ ਉਨ੍ਹਾਂ ਨਾਲ ਛੋਟੇ ਛੋਟੇ ਸਮਾਰੋਹ ਕਰਨੇ ਚਾਹੀਦੇ ਹਨ, ਉਨ੍ਹਾਂ ਨਾਲ ਗੁਣਵੱਤਾ ਪੂਰਨ ਸਮਾਂ ਬਿਤਾਉਣਾ ਚਾਹੀਦਾ ਹੈ। ਬਜ਼ੁਰਗਾਂ ਕੋਲ ਆਸ਼ੀਰਵਾਦ ਦਾ ਖ਼ਜ਼ਾਨਾ ਹੈ ਜੋ ਸਾਡੇ ਸਮੁੱਚੇ ਜੀਵਨ ਦਾ ਪੋਸ਼ਣ ਕਰਦਾ ਹੈ। ਸਾਨੂੰ ਸਿਰਫ਼ ਵਿਹਾਰਕਤਾ ਲਈ ਹੀ ਉਨ੍ਹਾਂ ਦਾ ਸਨਮਾਨ ਨਹੀਂ ਕਰਨਾ ਚਾਹੀਦਾ, ਬਲਕਿ ਇਸ ਲਈ ਕਰਨਾ ਚਾਹੀਦਾ ਹੈ ਕਿ ਅਸੀਂ ਇਹ ਮਨ ਤੋਂ ਚਾਹੁੰਦੇ ਹਾਂ। ਸਾਫ ਹੈ ਕਿ ਜੋ ਅਸੀਂ ਬੀਜਾਂਗੇ, ਉਹੀ ਕੱਟਾਂਗੇ। ਜੇ ਜੀਵਨ ਵਿੱਚ ਅੱਜ ਅਸੀਂ ਸਤਿਕਾਰ ਨਿਵੇਸ਼ ਕਰਾਂਗੇ, ਤਾਂ ਅੱਗੇ ਜਾ ਕੇ ਸਤਿਕਾਰ ਪ੍ਰਾਪਤ ਕਰਾਂਗੇ। ਜੇ ਅਸੀਂ ਉਨ੍ਹਾਂ ਨਾਲ ਬਦਸਲੂਕੀ ਕਰਾਂਗੇ ਤਾਂ ਸਾਡੇ ਬੱਚੇ ਸਾਡੇ ਤੋਂ ਇਹੀ ਸਿੱਖਣਗੇ ਤੇ ਅੰਤ ਸਾਡੇ ਨਾਲ ਬਦਸਲੂਕੀ ਹੋਵੇਗੀ। ਇਸ ਲਈ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰੋ। ਮਾਨਵਤਾ ਦੀ ਕਦਰ ਕਰੋ। ਅਸੀਂ ਸਾਰੇ ਮਨੁੱਖੀ ਰੂਪ ਵਿੱਚ ਇੱਕ ਰਿਸ਼ਤੇ ਦਾ ਹਿੱਸਾ ਹਾਂ। ਇੱਕ ਬੱਚੇ ਵਜੋਂ ਅਸੀਂ ਉਨ੍ਹਾਂ ਤੋਂ ਹਰ ਪੱਧਰ ਦੀ ਮਦਦ ਲਈ ਹੈ। ਉਸੀ ਤਰ੍ਹਾਂ ਜਦੋਂ ਬਜ਼ੁਰਗ ਆਪਣੀ ਸਿਹਤ ਦੀ ਸਮੱਸਿਆ ਦਾ ਸਾਹਮਣਾ ਕਰਦੇ ਹਨ ਤਾਂ ਸਾਨੂੰ ਉਨ੍ਹਾਂ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਜੋ ਸਭ ਤੋਂ ਅਨੁਭਵੀ ਖਿਡਾਰੀ ਹੁੰਦਾ ਹੈ, ਉਹ ਨਵੇਂ ਖਿਡਾਰੀਆਂ ਨੂੰ ਮਾਰਗ ਦਿਖਾਉਂਦਾ ਹੈ ਕਿ ਉਹ ਸਹੀ ਪ੍ਰਕਾਰ ਨਾਲ ਕਦਮ ਰੱਖੋ ਤੇ ਖੁਦ ਨੂੰ ਕੋਈ ਸੱਟ ਨਾ ਲੱਗਣ ਦੇਵੇ। ਬਜ਼ੁਰਗ ਸਾਡੇ ਨਾਲ ਪ੍ਰੇਮ ਕਰਦੇ ਹਨ। ਉਹ ਸਾਡੇ ਲਈ ਸਰਵੋਤਮ ਚਾਹੁੰਦੇ ਹਨ।

ਸਾਡੇ ਪਰਵਾਰ ਦੀ ਵਿਰਾਸਤ ਇਨ੍ਹਾਂ ਵੱਲੋਂ ਵਧਾਈ ਜਾਂਦੀ ਹੈ। ਇਸ ਲਈ ਉਹ ਹਮੇਸ਼ਾਂ ਸਾਡੇ ਸਤਿਕਾਰਯੋਗ ਹਨ। ਇਹ ਉਹੀ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਵਿੱਚ ਆਏ ਤੇ ਆਪਣੀ ਪਛਾਣ ਕਾਇਮ ਕੀਤੀ। ਦੁਨੀਆਂ ਵਿੱਚ ਆਮ ਤੌਰ ਉੱਤੇ ਜ਼ਿਆਦਾ ਸਮਾਂ ਵੱਡੇ, ਛੋਟਿਆਂ ਨੂੰ ਸਿਖਾਉਣ ਵਿੱਚ ਲਾਉਂਦੇ ਹਨ। ਜੇ ਤੁਹਾਡੀਆਂ ਕਦਰਾਂ ਕੀਮਤਾਂ ਸਹੀ ਹਨ ਤੇ ਨੈਤਿਕਤਾ ਮੌਜੂਦ ਹੈ ਤਾਂ ਗਲਤ ਕੀ ਹੈ ਤੇ ਸਹੀ ਕੀ ਹੈ, ਵਿਚਕਾਰ ਅੰਤਰ ਸਿਖਾਉਣ ਲਈ ਆਪਣੇ ਵੱਡਿਆਂ ਦਾ ਧੰਨਵਾਦ ਕਰੋ। ਨੌਜਵਾਨ ਉਮਰ ਦੇ ਸੰਘਰਸ਼ ਵਿੱਚ ਜੇ ਤਜ਼ਰਬੇਕਾਰ ਵਿਅਕਤੀ ਤੋਂ ਮਾਰਗ ਦਰਸ਼ਨ ਨਾ ਮਿਲੇ ਤਾਂ ਸੋਚੋ ਕੀ ਹੋਵੇਗਾ? ਇਹ ਉਹੀ ਹਨ, ਜੋ ਸਾਨੂੰ ਉਂਗਲ ਫੜ ਕੇ ਸਹੀ ਰਾਹ ਉੱਤੇ ਚੱਲਣਾ ਸਿਖਾਉਂਦੇ ਹਨ। ਜੀਵਨ ਇੱਕ ਪਹੇਲੀ ਹੈ ਤੇ ਬਜ਼ੁਰਗ ਇੱਕ ਕੁੰਜੀ ਹਨ ਜੋ ਸਾਰੀਆਂ ਪਹੇਲੀਆਂ ਨੂੰ ਹੱਲ ਕਰਦੇ ਹਨ। ਇਸ ਮਦਦ ਲਈ ਸਾਨੂੰ ਉਨ੍ਹਾਂ ਦਾ ਸਨਮਾਨ ਕਰਨਾ ਚਾਹੀਦਾ ਹੈ। ਜੇ ਸਾਡੇ ਸੰਘਰਸ਼ ਦੌਰਾਨ ਉਹ ਸਾਡੇ ਪੱਖ ਵਿੱਚ ਹੋਣ ਤਾਂ ਸਾਡੇ ਜੀਵਨ ਦਾ ਮਾਰਗ ਆਸਾਨ ਹੋ ਜਾਂਦਾ ਹੈ। ਸਿੱਟਾ ਇਹ ਹੈ ਕਿ ਉਨ੍ਹਾਂ ਦਾ ਮਾਰਗ ਦਰਸ਼ਨ ਸਾਡਾ ਜੀਵਨ ਬਣਾਉਂਦਾ ਹੈ, ਸਾਨੂੰ ਖੁਦ ਆਪਣੀ ਇਸ ਯਾਤਰਾ ਵਿੱਚ ਚੱਲਣਾ ਹੈ। ਜੇ ਤੁਸੀਂ ਸਫਲਤਾ ਦੇ ਮੌਕਿਆਂ ਵਿੱਚ ਵਾਧਾ ਕਰਨਾ ਚਾਹੁੰਦੇ ਹੋ ਤਾਂ ਆਪਣੇ ਅਨਭਵੀ ਬਜ਼ੁਰਗਾਂ ਤੋਂ ਅਗਵਾਈ ਪ੍ਰਾਪਤ ਕਰੋ, ਉਹ ਤੁਹਾਨੂੰ ਤੁਹਾਡੀ ਮੰਜ਼ਿਲ ਉੱਤੇ ਪਹੁੰਚਾਉਣਗੇ। ਜੇ ਇਹ ਸਿਲਸਿਲਾ ਇਸ ਤਰ੍ਹਾਂ ਹੀ ਸੁਚਾਰੂ ਢੰਗ ਨਾਲ ਚੱਲਦਾ ਰਹੇ ਤਾਂ ਸਾਡਾ-ਸਮਾਜ ਖੂਬਸੂਰਤ ਬਣ ਜਾਵੇਗਾ।

# ਕਿਸਾਨੀ ਸੰਘਰਸ਼ ਦੇ ਬਸੰਤੀ ਰੰਗ



-ਅਵਨੀਤ ਕੌਰ-

ਸਹੇਲੀ ਵੱਲੋਂ ਮਿਲਿਆ ਭਰਾ ਦੇ ਵਿਆਹ ਦਾ ਬੁਲਾਵਾ ਫੁੱਲਾਂ ਜਿਹੀ ਮਹਿਕ ਬਿਖੇਰ ਗਿਆ। ਵਿਆਹ ਤੋਂ ਇੱਕ ਦਿਨ ਪਹਿਲਾਂ ਸਹੇਲੀ ਦੇ ਪਿੰਡ ਪਹੁੰਚੀ। ਬਸ ਅੱਡੇ ਦੀਆਂ ਦੁਕਾਨਾਂ ਉੱਤੇ ਵਜਦੇ ਗੀਤਾਂ ਦਾ ਬਦਲਿਆ ਰੰਗ ਮਨ ਨੂੰ ਹੁਲਾਰਾ ਦੇਣ ਵਾਲਾ ਸੀ। ਸਹੇਲੀ ਦੇ ਘਰ ਜਾਂਦਿਆਂ ਰਸਤੇ ਵਿੱਚ ਆਏ ਸੰਘਰਸ਼ ਦੇ ਪ੍ਰਤੀਕ ਬਣੇ ਘਰ ਮਨ ਦਾ ਸਕੂਨ ਬਣੇ। ਹਰ ਘਰ ਉੱਤੇ ਲਹਿਰਾਉਂਦੇ ਕਿਸਾਨੀ ਝੰਡੇ ਦੁੱਲੇ ਭੱਟੀ ਦੀ ਵਿਰਾਸਤ ਦਰਸਾਉਂਦੇ ਨਜ਼ਰ ਆਏ।

ਸ਼ਾਮ ਨੂੰ ਜਾਗੋ ਦਾ ਪ੍ਰੋਗਰਾਮ ਸੀ। ਸਾਰੇ ਰਿਸ਼ਤੇਦਾਰ ਹਾਜ਼ਰ ਸਨ। ਜਾਗੋ ਦੇ ਦੁਆਲੇ ਜੁੜੀਆਂ ਬਸੰਤੀ ਚੁੰਨੀਆਂ ਜਲੌਅ ਬਣੀਆਂ। ਬਿਰਧ ਮਾਵਾਂ ਕਿਸਾਨੀ ਝੰਡੇ ਲੈ ਕੇ ਜਾਗੋ ਨਾਲ ਤੁਰੀਆਂ। ਬੋਲੀਆਂ ਰਾਜਧਾਨੀ ਦੀਆਂ ਸਰਹੱਦਾਂ ਉੱਤੇ ਡਟੇ ਕਿਸਾਨਾਂ ਦੀ ਆਵਾਜ਼ ਬਣੀਆਂ। ਜਾਗੋ ਦੇ ਪਿੱਛੇ ਤੁਰਦਾ ਢੋਲੀ ਅਤੇ ਨੌਜਵਾਨਾਂ ਦੇ ਬੋਲ, 'ਜੱਟਾ ਜਾਗ ਬਈ, ਜਾਗੋ ਆਈ ਆ।' ਸਾਰੇ ਪਿੰਡ ਵਿੱਚ ਖੁਸ਼ੀ ਦੇ ਨਾਲ ਨਾਲ ਸੰਘਰਸ਼ ਦਾ ਸੁਨੇਹਾ ਨਿਵੇਕਲਾ ਸੀ। ਜਾਗੋ ਨਾਲ ਵਾਪਸ ਘਰ ਪਹੁੰਚੇ। ਸੌਣ ਦੀ ਤਿਆਰੀ ਹੋਣ ਲੱਗੀ। ਸਾਰਾ ਪਰਵਾਰ ਪ੍ਰਬੰਧਾਂ ਦੇ ਰੁਝੇਵੇਂ ਵਿੱਚ ਸੀ। ਇਹ ਜਾਣ ਕੇ ਹੈਰਾਨ ਹੋਈ ਕਿ ਦਾਦੀ ਮਾਂ ਵਿਆਹ ਵਿੱਚ ਸ਼ਾਮਲ ਨਹੀਂ ਸੀ। ਪਤਾ ਲੱਗਾ ਕਿ ਪਿੰਡ ਦੀਆਂ ਹੋਰ ਔਰਤਾਂ ਨਾਲ ਟਿਕਰੀ ਬਾਰਡਰ ਉੱਤੇ ਕਿਸਾਨ ਮੋਰਚੇ ਵਿੱਚ ਸ਼ਾਮਲ ਸੀ। ਉਸ ਦਾ ਭੇਜਿਆ ਸੁਨੇਹਾ ਸੋਚਣ ਨੂੰ ਮਜਬੂਰ ਕਰ ਗਿਆ: ''ਮੈਨੂੰ ਆਪਣੇ ਚੰਨ ਵਰਗੇ ਪੋਤੇ ਦੇ ਵਿਆਹ ਦੀ ਖੁਸ਼ੀ ਤਾਂ ਅਨੰਤ ਹੈ, ਪਰ ਉਸ ਦੀ ਜ਼ਮੀਨ ਤੇ ਭਵਿੱਖ ਬਚਾਉਣ ਲਈ ਮੈਂ ਮੋਰਚੇ ਵਿੱਚ ਰਹਿਣਾ ਜ਼ਰੂਰੀ ਸਮਝਦੀ ਹਾਂ। ਜਿਉਂਦੇ ਮੁੜੇ ਤਾਂ ਜਿੱਤ ਦੀ ਖੁਸ਼ੀ ਲੈ ਕੇ ਹੀ ਮੁੜਾਂਗੇ।''

ਸਵੇਰ ਸਾਰ ਬਰਾਤ ਤੁਰਨ ਲਈ ਤਿਆਰ ਹੋਈ। ਬਰਾਤ ਵਿੱਚ ਸ਼ਾਮਲ ਬਹੁਤੇ ਨੌਜਵਾਨਾਂ ਨੇ ਬਸੰਤੀ ਤੇ ਹਰੇ ਰੰਗ ਦੀਆਂ ਪੱਗਾਂ ਬੰਨ੍ਹੀਆਂ ਸਨ। ਫੁੱਲਾਂ ਨਾਲ ਸਜੀ ਸੰਵਰੀ ਲਾੜੇ ਵਾਲੀ ਕਾਰ ਉੱਤੇ ਕਿਸਾਨੀ ਝੰਡਾ ਲਹਿਰਾ ਰਿਹਾ ਸੀ। ਖੁਸ਼ੀ ਦੇ ਇਸ ਮਾਹੌਲ ਵਿੱਚ ਇੱਕ ਬਜ਼ੁਰਗ ਬੋਲ ਰਿਹਾ ਸੀ, 'ਆਹ ਭਲੇ ਦਿਨ ਵੀ ਵੇਖਣੇ ਸਨ ਦਿਲਾਵਰ ਸਿਹਾਂ। ਸਾਡੀਆਂ ਖੁਸ਼ੀਆਂ ਵਿੱਚ ਵੀ ਸੰਘਰਸ਼ ਦਾ ਰੰਗ ਸ਼ਾਮਲ ਹੋ ਗਿਆ ਹੈ।' ਬਰਾਤ ਤੁਰੀ, ਪਹੁੰਚੀ, ਸੁਆਗਤ ਹੋਇਆ। ਹਰ ਸ਼ਗਨ ਵਿੱਚ ਕਿਸਾਨੀ ਘੋਲ ਸ਼ਾਮਲ ਹੁੰਦਾ ਰਿਹਾ। ਹੋਰ ਤਾਂ ਹੋਰ ਗਾਇਕ ਨੇ ਵੀ ਆਪਣੇ ਗੀਤਾਂ ਦੀ ਸ਼ੁਰੂਆਤ ਕਿਸਾਨੀ ਗੀਤ ਤੋਂ ਕੀਤੀ। ਵਿਆਹ ਵਿੱਚ ਦੋਵਾਂ ਪਰਵਾਰਾਂ ਨੇ ਮੰਚ ਤੋਂ ਕਿਸਾਨ ਸੰਘਰਸ਼ ਲਈ ਦਿੱਤੇ ਫੰਡ ਬਾਰੇ ਸੁਣ ਕੇ ਅਨੂਠੀ ਖੁਸ਼ੀ ਮਿਲੀ। ਵਿਆਹ ਦੀ ਖੁਸ਼ੀ ਮਾਣਦਿਆਂ ਅਸੀਂ ਲੜਕੀ ਵਾਲੇ ਪਰਵਾਰ ਵੱਲੋਂ ਆਈਆਂ ਮਾਵਾਂ ਕੋਲ ਜਾ ਖੜੋਤੀਆਂ। ਸਾਰੇ ਚਿਹਰਿਆਂ ਉੱਤੇ ਖੁਸ਼ੀ ਦਾ ਜਲੌਅ ਤੱਕਿਆ। ਖਾਣ ਪੀਣ ਤੋਂ ਵਿਹਲੀਆਂ ਹੋ ਉਹ 'ਚੁਗਲੀਆਂ' ਵਿੱਚ ਮਸ਼ਰੂਫ ਸਨ। 'ਦੇਸ਼ ਦੇ ਚੌਕੀਦਾਰ' ਨੇ ਆਪਣੇ ਨਾਲ ਵਫਾ ਨਹੀਂ ਕੀਤੀ। ਚੋਣਾਂ ਤੋਂ ਪਹਿਲਾਂ 'ਦੇਸ਼ ਕੋ ਬਿਕਨੇ ਨਹੀਂ ਦੂੰਗਾ' ਕਹਿਣ ਵਾਲਾ ਆਪਣੇ ਖੇਤ ਵੇਚਣ ਉੱਤੇ ਉਤਰ ਆਇਆ। ਭੈਣੋ, ਇਹ ਥੋੜ੍ਹ ਚਿਰੀਆਂ ਖੁਸ਼ੀਆਂ ਤੇ ਸੁੱਖ ਆਪਣੇ ਖੇਤਾਂ ਦੀ ਦੇਣ ਨੇ। ਖੇਤ ਨਾ ਰਹੇ ਤਾਂ ਜਿਊਣਾ ਕਿਸ ਕੰਮ ਦਾ। ਆਪਣੇ ਖੇਤਾਂ ਵਿੱਚ ਕੰਮ ਕਰਦੇ ਭੈਣ ਭਰਾ ਵੀ ਆਪਣੇ ਨਾਲ ਨੇ।

ਵਿਆਹ ਤੋਂ ਮੁੜਦਿਆਂ ਮਨ ਉਤਸ਼ਾਹ ਨਾਲ ਭਰਿਆ ਸੀ। ਖੁਸ਼ੀ ਦੇ ਰੰਗ ਵਿੱਚ ਸੰਘਰਸ਼ ਦਾ ਸੂਹਾ ਰੰਗ ਮਨ ਨੂੰ ਭਾਇਆ। ਘਰ ਜਾ ਕੇ ਚੈਨ ਦੀ ਨੀਂਦ ਸੁੱਤੇ। ਸਵੇਰ ਸਾਰ ਸਹੇਲੀ ਨੇ ਜਗਾਉਣ ਲਈ ਹਲੂਣਿਆ ਤਾਂ ਸੁਪਨਮਈ ਅਵਸਥਾ ਵਿੱਚ ਸਾਂ। ਮਨ 'ਰੰਗ ਦੇ ਬਸੰਤੀ' ਦੀ ਭਾਵਨਾ ਨਾਲ ਇੱਕ ਮਿੱਕ ਸੀ। ਵਾਪਸ ਜਾਣ ਤੋਂ ਪਹਿਲਾਂ ਅਖਬਾਰਾਂ ਉੱਤੇ ਨਜ਼ਰ ਮਾਰੀ। ਔਰਤ ਦਿਵਸ ਉੱਤੇ ਦਿੱਲੀ ਮੋਰਚੇ ਵਿੱਚ ਜੁੜੀਆਂ ਬਸੰਤੀ ਚੁੰਨੀਆਂ ਦਾ ਹੜ੍ਹ ਰਾਹ ਰੁਸ਼ਨਾਉਂਦਾ ਨਜ਼ਰ ਆ ਰਿਹਾ ਸੀ। ਵਿਆਹ ਤੋਂ ਮੁੜਦਿਆਂ ਸੜਕਾਂ ਉੱਤੇ ਚਲਦੇ ਵਾਹਨਾਂ ਉੱਤੇ ਝੂਲਦੇ ਕਿਸਾਨੀ ਝੰਡੇ ਬਸੰਤੀ ਚੋਲੇ ਵਾਲੇ ਸ਼ਹੀਦ-ਏ-ਆਜ਼ਮ ਦੇ ਸੁਫਨਿਆਂ ਦੇ ਪ੍ਰਤੀਕ ਜਾਪਦੇ ਸਨ। ਖਿਆਲਾਂ ਦੀ ਬੁਲੰਦੀ ਸੰਘਰਸ਼ ਨੂੰ ਸਮੇਂ ਦੀ ਮੰਗ ਤੇ ਲੋੜ ਦਰਸਾ ਰਹੀ ਸੀ।

# ਮੁੰਬਈ ਪੁਲਸ, ਸਿਆਸਤਦਾਨ ਅਤੇ ਮਾਫੀਆ

-ਵਿਜੇ ਵਿਦਰੋਹੀ



ਗੱਲ 1993 ਦੀ ਹੈ। ਉਦੋਂ ਦੇਸ਼ ਵਿੱਚ ਨਰਸਿਮ੍ਹਾ ਰਾਓ ਦੀ ਸਰਕਾਰ ਸੀ। ਗ੍ਰਹਿ ਸਕੱਤਰ ਸਨ ਐਨ ਐਨ ਵੋਹਰਾ। ਉਦੋਂ ਵੋਹਰਾ ਨੇ ਮੁੰਬਈ ਦੇ ਅੰਡਰਵਰਲਡ, ਨੇਤਾਵਾਂ ਅਫਸਰਸ਼ਾਹੀ ਦੀ ਇੱਕ ਰਿਪੋਰਟ ਬਣਾਈ ਸੀ। ਇੱਥੇ ਅਫਸਰਸ਼ਾਹੀ ਤੋਂ ਮਤਲਬ ਮੁੰਬਈ ਪੁਲਸ ਤੋਂ ਹੀ ਸੀ। ਵੋਹਰਾ ਕਮੇਟੀ ਵਿੱਚ ਇੱਕਬਾਲ ਮਿਰਚੀ ਬਾਰੇ ਦੱਸਿਆ ਗਿਆ ਸੀ। ਮਿਰਚੀ ਕਦੀ ਮੁੰਬਈ ਵਿੱਚ ਫੁੱਟਪਾਥ ਉੱਤੇ ਪਾਨ, ਬੀੜੀ-ਸਿਗਰਟ ਦੀ ਫੜ੍ਹੀ ਲਾਇਆ ਕਰਦਾ ਸੀ। ਵੇਖਦੇ ਹੀ ਵੇਖਦੇ ਉਹ ਹਿੰਦੁਸਤਾਨ ਦਾ ਸਭ ਤੋਂ ਵੱਡਾ ਡਰੱਗ ਮਾਫੀਆ ਬਣ ਗਿਆ। ਉਦੋਂ ਮੁੰਬਈ ਦੇ ਐਂਟੀ ਨਾਰਕੋਟਿਕਸ ਸੈਲ ਦੇ ਡੀ ਸੀ ਪੀ ਰਾਹੁਲ ਰਾਏ ਹੁੰਦੇ ਸਨ। ਵੋਹਰਾ ਕਮੇਟੀ ਦੇ ਮੁਤਾਬਿਕ ਰਾਹੁਲ ਰਾਏ ਇਕਬਾਲ ਮਿਰਚੀ ਦੇ ਸੰਪਰਕ ਵਿੱਚ ਆਏ ਤੇ ਦੋਵੇਂ ਮਿਲ ਕੇ ਕੰਮ ਕਰਨ ਲੱਗੇ। ਰਾਹੁਲ ਰਾਏ 90 ਦੇ ਦਹਾਕੇ ਦੇ ਆਖਰੀ ਸਾਲਾਂ ਵਿੱਚ ਅਚਾਨਕ ਗਾਇਬ ਹੋ ਗਿਆ। ਅਸਲ ਵਿੱਚ ਉਹ ਅਮਰੀਕਾ ਚਲਾ ਗਿਆ। ਯੂ ਐੱਨ ਓ ਵਿੱਚ ਉਸ ਨੂੰ ਭਾਰਤ ਵੱਲੋਂ ਡੈਪੂਟੇਸ਼ਨ ਉੱਤੇ ਭੇਜਿਆ ਗਿਆ ਸੀ ਪਰ ਉਸ ਦਾ ਕਾਰਜਕਾਲ ਖਤਮ ਹੋਣ ਤੋਂ ਬਾਅਦ ਵੀ ਉਹ ਭਾਰਤ ਵਾਪਸ ਨਹੀਂ ਆਇਆ। ਕਈ ਵਾਰ ਭਾਰਤ ਸਰਕਾਰ ਨੇ ਸੱਦਾ ਭੇਜਿਆ ਪਰ ਉਹ ਫਿਰ ਵੀ ਨਹੀਂ ਆਇਆ। ਉਸ ਦੀਆਂ ਫਾਈਲਾਂ ਫੋਲੀਆਂ ਤਾਂ ਪਤਾ ਲੱਗਾ ਕਿ ਇਕਬਾਲ ਮਿਰਚੀ ਦਾ ਸਾਰਾ ਅਪਰਾਧਿਕ ਰਿਕਾਰਡ ਰਾਹੁਲ ਰਾਏ ਦੇ ਕਾਰਜਕਾਲ ਵਿੱਚ ਗਾਇਬ ਹੋ ਗਿਆ ਸੀ। ਸਾਰੇ ਸਬੂਤ, ਸਾਰੇ ਕਾਗਜ਼ ਅਤੇ ਸਾਰੇ ਦਸਤਾਵੇਜ਼ ਗਾਇਬ ਸਨ। 1993 ਪਿੱਛੋਂ ਇਕਬਾਲ ਮਿਰਚੀ ਦੁਬਈ ਹੁੰਦਾ ਹੋਇਆ ਲੰਦਨ ਭੱਜ ਗਿਆ। ਉਸ ਨੂੰ ਭਾਰਤ ਸਰਕਾਰ ਵਾਪਸ ਨਹੀਂ ਲਿਆ ਸਕੀ ਕਿਉਂਕਿ ਸਰਕਾਰ ਕੋਲ ਜ਼ਰੂਰੀ ਸਬੂਤ ਅਤੇ ਦਸਤਾਵੇਜ਼ ਨਹੀਂ ਸਨ। ਇਹ ਦਸਤਾਵੇਜ਼ ਅਤੇ ਸਬੂਤ ਇਸ ਲਈ ਨਹੀਂ ਸਨ ਕਿ ਡੀ ਸੀ ਪੀ ਰਾਹੁਲ ਰਾਏ ਨੇ ਉਨ੍ਹਾਂ ਨੂੰ ਨਸ਼ਟ ਕਰ ਦਿੱਤਾ ਸੀ। ਬਾਅਦ ਵਿੱਚ ਖੁਫੀਆ ਏਜੰਸੀਆਂ ਨੂੰ ਪਤਾ ਲੱਗਾ ਕਿ ਇਕਬਾਲ ਮਿਰਚੀ ਨੇ ਉਸੇ ਰਾਹੁਲ ਰਾਏ ਦੀ ਹੱਤਿਆ ਦੀ ਸਾਜ਼ਿਸ਼ ਰਚੀ ਸੀ, ਜਿਸ ਨੇ ਉਸ ਨੂੰ ਅਸਲ ਵਿੱਚ ਇਕਬਾਲ ਮਿਰਚੀ ਬਣਾਉਣ ਵਿੱਚ ਮਦਦ ਕੀਤੀ ਸੀ।

ਵੋਹਰਾ ਕਮੇਟੀ ਦੀ ਰਿਪੋਰਟ ਦਾ ਇਹ ਹਿੱਸਾ ਦੱਸਦਾ ਹੈ ਕਿ ਮੁੰਬਈ ਵਿੱਚ ਮਾਫੀਆ ਅਤੇ ਪੁਲਸ ਦਾ ਕਿਵੇਂ ਚੋਲੀ-ਦਾਮਨ ਦਾ ਸਾਥ ਰਿਹਾ ਹੈ। ਫਿਰ ਜਿਵੇਂ ਇਕਬਾਲ ਮਿਰਚੀ ਨੇ ਰਾਹੁਲ ਰਾਏ ਦੀ ਹੱਤਿਆ ਦੀ ਸਾਜ਼ਿਸ਼ ਰਚੀ, ਉਸ ਉੱਤੇ ਵੀ ਮੁੰਬਈ ਪੁਲਸ ਦੇ ਅਫਸਰਾਂ ਨੇ ਆਪਣੇ ਆਪ ਨੂੰ ਬਚਾਉਣ ਦੀ ਮੁਹਿੰਮ ਚਲਾਈ। ਇਹ ਮੁਹਿੰਮ ਸੀ ਫਰਜ਼ੀ ਐਨਕਾਊਂਟਰ ਦੀ। ਅਸਲ ਵਿੱਚ 1993 ਤੋਂ 2003 ਦਰਮਿਆਨ ਦੇ 10 ਸਾਲਾਂ ਵਿੱਚ ਮੁੰਬਈ ਵਿੱਚ ਅੰਡਰਵਰਲਡ ਅਤੇ ਮਾਫੀਆ ਦੀ ਤੂਤੀ ਬੋਲਦੀ ਸੀ। ਉਸ ਸਮੇਂ ਦੇ ਮੁੰਬਈ ਪੁਲਸ ਦੇ ਕਮਿਸ਼ਨਰ ਰੋਨੀ ਮੇਨਡੋਂਕਾ ਨੇ ਡੀ ਜੀ ਪੁਲਸ ਅਰਵਿੰਦ ਇਨਾਮਦਾਰ ਨੂੰ 17 ਅਜਿਹੇ ਅਫਸਰਾਂ ਦੀ ਸੂਚੀ ਸੌਂਪੀ ਸੀ, ਜਿਨ੍ਹਾਂ ਦੇ ਅੰਡਰਵਰਸਡ ਨਾਲ ਰਿਸ਼ਤੇ ਦੱਸੇ ਜਾਂਦੇ ਸਨ। ਇੱਕ ਪਾਸੇ ਅਜਿਹੇ ਅਫ਼ਸਰਾਂ ਦਾ ਪਰਦਾ ਫਾਸ਼ ਕਰਨਾ ਸੀ ਅਤੇ ਦੂਜੇ ਪਾਸੇ ਮਾਫੀਆ ਦਾ ਖਾਤਮਾ ਕਰਨਾ ਸੀ। ਇਸ ਲਈ ਮੁੰਬਈ ਪੁਲਸ ਵਿੱਚ ਐਨਕਾਊਂਟਰ ਸਪੈਸ਼ਲਿਸਟਾਂ ਨੂੰ ਇਹ ਕੰਮ ਸੌਂਪਿਆ ਗਿਆ।

1993 ਤੋਂ ਲੈ ਕੇ 2003 ਦੇ 10 ਸਾਲਾਂ ਵਿੱਚ ਮਾਫੀਆ ਲਈ ਕੰਮ ਕਰਨ ਵਾਲੇ ਲੱਗਭਗ 600 ਵਿਅਕਤੀਆਂ ਨੂੰ ਮਾਰ ਦਿੱਤਾ ਗਿਆ। ਇਹ ਵਿਅਕਤੀ ਦਾਊਦ ਇਬ੍ਰਾਹੀਮ, ਛੋਟਾ ਰਾਜਨ ਅਤੇ ਅਰੁਣ ਗਵਲੀ ਦੇ ਗਿਰੋਹ ਲਈ ਕੰਮ ਕਰਦੇ ਸਨ। ਇਹ ਦੱਸਣ ਦੀ ਲੋੜ ਹੈ ਕਿ 600 ਲੋਕਾਂ ਵਿੱਚੋਂ ਬਹੁਤਿਆਂ ਨੂੰ ਫਰਜ਼ੀ ਐਨਕਾਊਂਟਰਾਂ ਵਿੱਚ ਮਾਰਿਆ ਗਿਆ ਸੀ।

ਪਿਛਲੇਰੇ ਹਫਤੇ ਮੁਕੇਸ਼ ਅੰਬਾਨੀ ਦੇ ਘਰ ਕੋਲੋਂ ਇੱਕ ਮੋਟਰ ਗੱਡੀ ਵਿੱਚੋਂ ਜਿਲੇਟਿਨ ਦੀਆਂ ਛੜਾਂ ਮਿਲਣ ਤੇ ਮੁਕੇਸ਼ ਅੰਬਾਨੀ ਨੂੰ ਧਮਕੀ ਦੇਣ ਦੀ ਜਿਹੜੀ ਕਹਾਣੀ ਸਾਹਮਣੇ ਆਈ ਹੈ, ਉਸ ਵਿੱਚ ਏ ਐਸ ਆਈ ਸਚਿਨ ਵਝੇ ਦਾ ਨਾਂਅ ਆ ਰਿਹਾ ਹੈ। ਤੁਸੀਂ ਕਲਪਨਾ ਕਰੋ ਕਿ ਉਸ ਦੌਰ ਵਿੱਚ ਅਜਿਹੇ ਇੱਕ ਦਰਜਨ ਤੋਂ ਵੱਧ ਸਚਿਨ ਵਝੇ ਹੋਇਆ ਕਰਦੇ ਸੀ। ਕੁਲ ਮਿਲਾ ਕੇ 'ਅਬ ਤੱਕ ਛੱਪਨ' ਫਿਲਮ ਵਿੱਚ ਨਾਨਾ ਪਾਟੇਕਰ ਦਾ ਰੋਲ ਯਾਦ ਕਰੋ। ਕਿਵੇਂ ਉਹ ਫਰਜ਼ੀ ਐਨਕਾਊਂਟਰ ਕਰਦਾ ਹੈ, ਅੰਡਰਵਰਲਡ ਨਾਲ ਰਿਸ਼ਤੇ ਰੱਖਦਾ ਹੈ, ਇੱਕ ਗੈਂਗਸਟਰ ਦੀ ਮਦਦ ਨਾਲ ਦੂਜੇ ਗੈਂਗਸਟਰ ਨੂੰ ਖ਼ਤਮ ਕਰਦਾ ਹੈ। ਖੁਦ ਵੀ ਪਤਨੀ ਦੀ ਹੱਤਿਆ ਹੋਣ ਪਿੱਛੋਂ ਕਿਵੇਂ ਗੈਂਗਸਟਰ ਦੀ ਮਦਦ ਨਾਲ ਦੇਸ਼ ਤੋਂ ਬਾਹਰ ਨਿਕਲਦਾ ਹੈ ਤੇ ਕਿਵੇਂ ਪਤਨੀ ਦੇ ਕਾਤਲ ਉਸੇ ਗੈਂਗਸਟਰ ਨੂੰ ਮਾਰ ਦਿੰਦੇ ਹਨ। ਅਜਿਹੀ ਹੀ ਉਲਝੀ ਹੋਈ ਕਹਾਣੀ ਇਸ ਸਮੇਂ ਸਾਨੂੰ ਦਿਖਾਈ ਦੇ ਰਹੀ ਹੈ।

ਜੂਲੀਓ ਰਿਬੈਰੋ ਮਹਾਰਾਸ਼ਟਰ ਵਿੱਚ ਪੁਲਸ ਦੇ ਮੁਖੀ ਭਾਵ ਡੀ ਜੀ ਰਹੇ ਹਨ। ਉਨ੍ਹਾਂ ਨੂੰ ਪੰਜਾਬ ਵਿੱਚ ਖਾੜਕੂਵਾਦ ਨੂੰ ਖਤਮ ਕਰਨ ਲਈ ਡੀ ਜੀ ਬਣਾ ਕੇ ਭੇਜਿਆ ਗਿਆ। ਗੁਜਰਾਤ ਵਿੱਚ ਵੀ ਉਹ ਡੀ ਜੀ ਰਹੇ ਹਨ। ਉਨ੍ਹਾਂ ਆਪਣੇ ਇੱਕ ਲੇਖ ਵਿੱਚ ਇੱਕ ਸੱਚਾ ਕਿੱਸਾ ਲਿਖਿਆ ਹੈ। ਮੁੰਬਈ ਕ੍ਰਾਈਮ ਬ੍ਰਾਂਚ ਦੀ ਜ਼ਿੰਮੇਵਾਰੀ ਇੱਕ ਵਾਰ ਮਹਿਲਾ ਪੁਲਸ ਅਫਸਰ ਮੀਰਾਂ ਬੋਰਵੰਕਰ ਨੂੰ ਸੌਂਪੀ ਗਈ ਸੀ। ਉਸ ਸਮੇ ਮੁੰਬਈ ਵਿੱਚ ਬਿਲਡਰਾਂ ਅਤੇ ਫ਼ਿਲਮ ਨਿਰਮਾਤਾਵਾਂ ਉੱਤੇ ਮਾਫੀਆ ਦੀ ਨਜ਼ਰ ਸੀ। ਉਨ੍ਹਾਂ ਨੂੰ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਬੰਬ ਨਾਲ ਉਡਾ ਦੇਣ ਦੀ, ਗੋਲੀ ਮਾਰ ਦੇਣ ਦੀ, ਚਿਹਰੇ ਉੱਤੇ ਤੇਜ਼ਾਬ ਸੁੱਟ ਦੇਣ ਦੀ, ਅਗਵਾ ਕਰ ਲੈਣ ਦੀ, ਫਿਰ ਕਰੋੜਾਂ ਰੁਪਏ ਦੀ ਫਿਰੌਤੀ ਮੰਗਣ ਦੀ। ਅਜਿਹੀਆਂ ਸ਼ਿਕਾਇਤਾਂ ਅਕਸਰ ਆਉਂਦੀਆਂ ਸਨ। ਆਈ ਪੀ ਐਸ ਮੀਰਾਂ ਨੂੰ ਲੱਗਾ ਕਿ ਅਜਿਹੀਆਂ ਧਮਕੀਆਂ ਉਸ ਸਮੇਂ ਵਧੇਰੇ ਹੋ ਜਾਂਦੀਆਂ ਹਨ ਜਦੋਂ ਕ੍ਰਾਈਮ ਬ੍ਰਾਂਚ ਵਿੱਚ ਐਨਕਾਊਂਟਰ ਸਪੈਸ਼ਲਿਸਟ ਵਧੇਰੇ ਹੁੰਦੇ ਹਨ। ਇਸ ਉੱਤੇ ਮੀਰਾਂ ਨੇ ਅਜਿਹੇ ਸਾਰੇ ਸਪੈਸ਼ਲਿਸਟ ਥਾਣਿਆਂ ਵਿੱਚ ਵਾਪਸ ਭੇਜ ਦਿੱਤੇ।

ਇਹ ਮਿਸਾਲ ਦੱਸਦੀ ਹੈ ਕਿ ਮੁੰਬਈ ਵਿੱਚ ਪੁਲਸ, ਮਾਫੀਆ ਅਤੇ ਨੇਤਾਵਾਂ ਦਾ ਕਿਸ ਤਰ੍ਹਾਂ ਦਾ ਨੈਕਸਸ ਹੈ। ਕੁਝ ਨਾਂ ਯਾਦ ਆਉਂਦੇ ਹਨ; ਪ੍ਰਦੀਪ ਸ਼ਰਮਾ, ਦਯਾ ਨਾਇਕ, ਵਿਜੇ ਸਾਲਾਸਕਰ, ਅਰੁਣ ਬੋਰਡੇ, ਰਵਿੰਦਰ ਆਂਗਰੇ ਅਤੇ ਪ੍ਰਫੁੱਲ ਭੌਂਸਲੇ ਆਦਿ ਓਦੋਂ ਚਰਚਾ ਵਿੱਚ ਸਨ। ਕਿਹਾ ਜਾਂਦਾ ਹੈ ਕਿ ਦਯਾ ਨਾਇਕ ਉੱਤੇ ਕਈ ਫ਼ਿਲਮਾਂ ਵੀ ਬਣੀਆਂ ਹਨ। ਉਸ ਦੇ ਪਿੰਡ ਵਿੱਚ ਇੱਕ ਛੋਟੇ ਜਿਹੇ ਜਲਸੇ ਵਿੱਚ ਸ਼ਾਮਲ ਹੋਣ ਲਈ ਓਦੋਂ ਅਮਿਤਾਭ ਬੱਚਨ ਗਏ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਐਨਕਾਊਂਟਰ ਸਪੈਸ਼ਲਿਸਟਾਂ ਦੀ ਫਿਲਮੀ ਸਿਤਾਰਿਆਂ ਨੂੰ ਕਿੰਨੀ ਲੋੜ ਪੈਂਦੀ ਸੀ।

ਮੁੰਬਈ ਪੁਲਸ ਵਿੱਚ ਅਜਿਹਾ ਕਾਫੀ ਲੋਕ ਰਹੇ ਹਨ, ਜਿਨ੍ਹਾਂ ਨੇ ਰਿਟਾਇਰਮੈਂਟ ਪਿੱਛੋਂ ਕਿਸੇ ਸਿਆਸੀ ਪਾਰਟੀ ਵਿੱਚ ਸ਼ਾਮਲ ਹੋ ਕੇ ਚੋਣਾਂ ਵਿੱਚ ਹੱਥ ਅਜ਼ਮਾਇਆ, ਪਰ ਫਿਲਹਾਲ ਅਸੀਂ ਅਜਿਹੇ ਪੁਲਸ ਅਧਿਕਾਰੀਆਂ ਦੀ ਗੱਲ ਕਰ ਰਹੇ ਹਾਂ ਜਿਨ੍ਹਾਂ ਦਾ ਅਕਸ ਵਾਦ-ਵਿਵਾਦ ਵਾਲਾ ਰਿਹਾ ਹੈ। ਉਨ੍ਹਾਂ ਦੇ ਮਾਫੀਆ ਨਾਲ ਰਿਸ਼ਤੇ ਜਾਂ ਦੱਸੇ ਗਏ ਜਾਂ ਫਰਜ਼ੀ ਐਨਕਾਊਂਟਰ ਵਿੱਚ ਉਨ੍ਹਾਂ ਦੀ ਭੂਮਿਕਾ ਪਾਈ ਗਈ। ਸਿਰਫ ਖਾਕੀ ਵਰਦੀ ਦਾਗਦਾਰ ਹੈ ਅਤੇ ਖਾਦੀ ਸਾਫ-ਸੁਥਰੀ ਹੈ, ਅਜਿਹਾ ਨਹੀਂ ਕਿਹਾ ਜਾ ਸਕਦਾ। ਮੁੰਬਈ ਦੇ ਪੁਲਸ ਕਮਿਸ਼ਨਰ ਦੇ ਅਹੁਦੇ ਤੋਂ ਹਟਾਏ ਗਏ ਪਰਮਬੀਰ ਸਿੰਘ ਨੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਉੱਤੇ 100 ਕਰੋੜ ਰੁਪਏ ਦੀ ਹਰ ਮਹੀਨੇ ਵਸੂਲੀ ਕਰਨ ਦਾ ਦਬਾਅ ਪਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਉੱਤੇ ਪੁਲਸ ਦੀ ਟਰਾਂਸਫਰ ਤੇ ਪੋਸਟਿੰਗ ਵਿੱਚ ਪੈਸੇ ਖਾਣ ਦੇ ਦੋਸ਼ ਲੱਗੇ ਹਨ। ਇਹ ਕੋਈ ਨਵੀਂ ਗੱਲ ਨਹੀਂ। ਮਹਾਰਾਸ਼ਟਰ ਦੇ ਆਗੂਆਂ ਦੀ ਤਸਵੀਰ ਕਾਫ਼ੀ ਮੈਲੀ ਨਜ਼ਰ ਆਉਂਦੀ ਹੈ। ਏ ਡੀ ਆਰ ਅਤੇ ਇਲੈਕਸ਼ਨ ਵਾਚ ਦੀ ਰਿਪੋਰਟ ਕਹਿੰਦੀ ਹੈ ਕਿ ਮਹਾਰਾਸ਼ਟਰ ਦੀ ਵਿਧਾਨ ਸਭਾ ਦੇ 288 ਵਿਧਾਇਕਾਂ ਵਿੱਚੋਂ 176 ਉੱਤੇ ਅਪਰਾਧਿਕ ਕੇਸ ਦਰਜ ਹਨ। ਗੰਭੀਰ ਕੇਸਾਂ ਤੋਂ ਭਾਵ ਕਤਲ, ਕਤਲ ਦੀ ਕੋਸ਼ਿਸ਼, ਜਬਰ-ਜ਼ਨਾਹ ਅਤੇ ਅਗਵਾ ਕਰਨਾ ਸ਼ਾਮਲ ਹਨ। ਇੱਥੇ ਕੋਈ ਪਾਰਟੀ ਦੁੱਧ ਧੋਤੀ ਨਹੀਂ ਹੈ। ਭਾਜਪਾ ਦੇ 105 ਵਿਧਾਇਕਾਂ ਵਿੱਚੋਂ 65 ਉੱਤੇ ਅਪਰਾਧਿਕ ਕੇਸ ਹਨ। ਇਨ੍ਹਾਂ ਵਿੱਚੋਂ 40 ਉੱਤੇ ਗੰਭੀਰ ਕੇਸ ਹਨ। ਸ਼ਿਵ ਸੈਨਾ ਦੇ 76 ਵਿਧਾਇਕਾਂ ਵਿੱਚੋਂ 31 ਉੱਤੇ ਅਪਰਾਧਿਕ ਕੇਸ ਹਨ ਜਿਨ੍ਹਾਂ ਵਿੱਚੋਂ 26 ਉੱਤੇ ਗੰਭੀਰ ਦੋਸ਼ੀ ਹਨ। ਐਨ ਸੀ ਪੀ ਦੇ ਕੁਲ 54 ਵਿਧਾਇਕਾਂ ਵਿੱਚੋਂ 32 ਵਿਰੁੱਧ ਅਪਰਾਧਿਕ ਕੇਸ ਹਨ, 17 ਉੱਤੇ ਤਾਂ ਗੰਭੀਰ ਮਾਮਲੇ ਹਨ। ਕਾਂਗਰਸ ਦੇ 44 ਵਿਧਾਇਕਾਂ ਵਿੱਚੋਂ 26 ਵਿਰੁੱਧ ਅਪਰਾਧਿਕ ਕੇਸ ਦਰਜ ਹਨ ਜਦਕਿ ਇਨ੍ਹਾਂ ਵਿੱਚੋਂ 15 ਉੱਤੇ ਗੰਭੀਰ ਮਾਮਲੇ ਦਰਜ ਹਨ। ਮਹਾਰਾਸ਼ਟਰ ਦੇ ਦੇ ਕੁੱਲ 48 ਪਾਰਲੀਮੈਂਟ ਮੈਂਬਰ ਹਨ। ਇਨ੍ਹਾਂ ਵਿੱਚੋਂ ਭਾਜਪਾ ਦੇ 23 ਐਮ ਪੀਜ਼ ਵਿੱਚੋਂ 13 ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਛੇ ਉੱਤੇ ਗੰਭੀਰ ਕੇਸ ਹਨ। ਸ਼ਿਵ ਸੈਨਾ ਦੇ 18 ਵਿੱਚੋਂ 11 ਮੈਂਬਰਾਂ ਵਿਰੁੱਧ ਅਪਰਾਧਿਕ ਕੇਸ ਹਨ ਅਤੇ ਇਨ੍ਹਾਂ ਵਿੱਚੋਂ ਪੰਜ ਗੰਭੀਰ ਕਿਸਮ ਦੇ ਹਨ। ਐਨ ਸੀ ਪੀ ਦੇ ਚਾਰ ਐਮ ਪੀ ਹਨ ਅਤੇ ਇਨ੍ਹਾਂ ਵਿੱਚੋਂ ਦੋ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਕਾਂਗਰਸ ਦਾ ਇੱਕੋ-ਇੱਕ ਐਮ ਪੀ ਹੈ ਅਤੇ ਉਸ ਵਿਰੁੱਧ ਵੀ ਮਾਮਲਾ ਦਰਜ ਹੈ।

# ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਤੇ ਅਹੁਦੇਦਾਰ ਅਕਾਲ ਤਖ਼ਤ ਸਾਹਿਬ ਉੱਤੇ ਪੇਸ਼

### * ਦੋ ਮਹੀਨੇ ਬਾਅਦ ਫਸੀਲ ਤੋਂ ਹੋ ਸਕਦੀ ਹੈ ਪੁੱਛਗਿੱਛ: ਜਥੇਦਾਰ

ਅੰਮ੍ਰਿਤਸਰ, 1 ਅਪ੍ਰੈਲ (ਪੋਸਟ ਬਿਊਰੋ)- ਕੱਲ੍ਹ ਏਥੇ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਬੈਠਕ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਦੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ, ਸ੍ਰੀ ਅਕਾਲ ਤਖ਼ਤ ਦੇ ਪੰਜ ਪਿਆਰਿਆਂ 'ਚੋਂ ਭਾਈ ਮੰਗਲ ਸਿੰਘ ਤੇ ਭਾਈ ਦਿਲਬਾਗ ਸਿੰਘ ਹਾਜ਼ਰ ਹੋਏ। ਇਸ ਦੌਰਾਨ ਕਈ ਸਿੱਖ ਮੁੱਦਿਆਂ ਬਾਰੇ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਗਈਆਂ ਅਤੇ ਚੀਫ ਖਾਲਸਾ ਦੀਵਾਨ ਦੇ ਆਗੂ ਵੀ ਪੇਸ਼ ਹੋਏ।

ਬੈਠਕ ਪਿੱਚੋਂ ਪੱਤਰਕਾਰਾਂ ਨਾਲ ਗੱਲਬਾਤ ਵੇਲੇਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੈਠਕ ਵਿੱਚ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਨਿਰਮਲ ਸਿੰਘ, ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਭਾਗ ਸਿੰਘ ਅਣਖੀ, ਸਰਪ੍ਰਸਤ ਰਾਜਮਹਿੰਦਰ ਸਿੰਘ ਮਜੀਠੀਆ, ਆਨਰੇਰੀ ਸੈਕਟਰੀ ਸਵਿੰਦਰ ਸਿੰਘ ਕੱਥੂਨੰਗਲ ਅਤੇ ਅਜੀਤ ਸਿੰਘ ਬਸਰਾ ਨੂੰ ਦੀਵਾਨ ਦੀ ਮੈਂਬਰਸ਼ਿਪ ਬਾਰੇ ਵਿਵਾਦ ਦੇ ਕਾਰਨ ਸੱਦਿਆ ਗਿਆ ਸੀ। ਦੀਵਾਨ ਦੇ ਪ੍ਰਧਾਨ ਤੇ ਉਨ੍ਹਾਂ ਨਾਲ ਆਏ ਅਹੁਦੇਦਾਰਾਂ ਨੂੰ ਸੁਣਨ ਪਿੱਛੋਂਵੇਖਿਆ ਗਿਆ ਕਿ ਚੀਫ਼ ਖਾਲਸਾ ਦੀਵਾਨ ਦੇ ਸੰਵਿਧਾਨ ਅਨੁਸਾਰ ਜਿਨ੍ਹਾਂ ਮੈਂਬਰਾਂ ਨੇ ਅੰਮ੍ਰਿਤ ਨਹੀਂ ਛਕਿਆ ਤੇ ਕੁਝ ਮੈਂਬਰਾਂ ਨੇ ਅੰਮ੍ਰਿਤ ਛਕਣ ਪਿੱਛੋਂ ਰਹਿਤ ਪੱਖੋਂ ਢਿੱਲ ਵਰਤੀ ਹੈ ਤੇ ਕਈ ਮੈਂਬਰ ਕੱਕਾਰਾਂ ਤੋਂ ਰਹਿਤ ਹਨ। ਇਸ ਲਈ ਅੱਜ ਤੋਂ ਦੋ ਮਹੀਨੇ ਦੇ ਅੰਦਰ ਜਿਸ ਵੀ ਮੈਂਬਰ ਕੋਲੋਂ ਰਹਿਤ ਵਿੱਚ ਭੁੱਲ ਹੋਈ ਜਾਂ ਕਰ ਰਹੇ ਹਨ, ਉਹ ਪੰਜਾਂ ਵਿੱਚੋਂ ਕਿਸੇ ਤਖ਼ਤ ਸਾਹਿਬ ਉੱਤੇ ਪੰਜ ਪਿਆਰੇ ਸਾਹਿਬਾਨ ਦੇ ਅੱਗੇ ਪੇਸ਼ ਹੋ ਕੇ ਸੁਧਾਈ ਕਰਵਾਉਣ। ਜੇ ਕੋਈ ਏਦਾਂ ਕਰਨ ਨੂੰ ਤਿਆਰ ਨਹੀਂ ਤਾਂ ਉਹ ਦੀਵਾਨ ਦੀ ਮੈਂਬਰੀ ਤੋਂ ਆਪਣੇ ਆਪ ਅਸਤੀਫ਼ਾ ਦੇਵੇ ਜਾਂ ਚੀਫ਼ ਖਾਲਸਾ ਦੀਵਾਨ ਉਸਦੀ ਮੈਂਬਰਸ਼ਿਪ ਰੱਦ ਕਰੇ। ਦੋ ਮਹੀਨਿਆਂ ਤੋਂ ਬਾਅਦ ਕਿਸੇ ਵੀ ਸਮੇਂ ਦੀਵਾਨ ਦੇ ਸਾਰੇ ਮੈਂਬਰਾਂ ਨੂੰ ਅਕਾਲ ਤਖ਼ਤ ਸਾਹਿਬ ਦੀ ਫਸੀਲ ਅੱਗੇ ਹਾਜ਼ਰ ਕਰ ਕੇ ਪੁੱਛਗਿੱਛ ਕੀਤੀ ਜਾ ਸਕਦੀ ਹੈ। ਉਨ੍ਹਾਂ ਹਦਾਇਤ ਕੀਤੀ ਕਿ ਪਿਛਲੇ ਸਮੇਂ ਸੰਵਿਧਾਨ ਵਿੱਚ ਸੋਧ ਕਰਨ ਦੇ ਨਾਂ ਉੱਤੇ ਸ੍ਰੀ ਅਕਾਲ ਤਖ਼ਤ ਦੀ ਸਰਪ੍ਰਸਤੀ ਖਤਮ ਕੀਤੀ ਗਈ ਸੀ, ਉਸ ਮੱਦ ਨੂੰ ਸਰਬ ਸੰਮਤੀ ਨਾਲ ਸ਼ਾਮਲ ਕੀਤਾ ਜਾਵੇ।

# ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਦੇ ਨਾਂਅ ਉਤੇ ਹਜ਼ਾਰਾਂ ਕਾਰੋਬਾਰੀਆਂ ਨੂੰ ਨੋਟਿਸ ਨਿਕਲੇ

ਲੁਧਿਆਣਾ, 1 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਐਕਸਾਈਜ਼ ਐਂਡ ਟੈਕਸੇਸ਼ਨ ਵਿਭਾਗ ਨੇ ਹਜ਼ਾਰਾਂ ਕਾਰੋਬਾਰੀਆਂ ਨੂੰ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਦੇ ਨਾਂਅ ਉੱਤੇ ਨੋਟਿਸ ਕੱਢੇ ਅਤੇ ਇਸ ਬਾਰੇ ਰਜਿਸਟਰੇਸ਼ਨ ਨਾ ਕਰਾਉਣ ਦਾ ਕਾਰਨ ਪੁੱਛਿਆ ਹੈ। ਸਹੀ ਜਵਾਬ ਨਾ ਦੇਣ ਦੀ ਸੂਰਤ ਵਿੱਚ ਪੰਜਾਹ ਹਜ਼ਾਰ ਰੁਪਏ ਜੁਰਮਾਨਾ ਲਾਉਣ ਦੀ ਚਿਤਾਵਨੀ ਦਿੱਤੀ ਗਈ ਹੈ। ਇਸ ਤਰ੍ਹਾਂ ਦੇ ਨੋਟਿਸ ਮਿਲਣ ਨਾਲ ਕਾਰੋਬਾਰੀਆਂ ਵਿੱਚ ਕਾਫੀ ਚਿੰਤਾ ਹੈ।

ਚਾਰਟਰਡ ਅਕਾਊਂਟੈਂਟ ਵਿਸ਼ਾਲ ਗਰਗ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਤਿੰਨ ਸਾਲ ਪਹਿਲਾਂ ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਲਾਇਆ ਸੀ। ਇਸ ਟੈਕਸ ਹੇਠ 2.5 ਲੱਖ ਤੋਂ ਵੱਧ ਸਾਲਾਨਾ ਰਿਟਰਨ ਭਰਨ ਵਾਲੇ ਹਰ ਵਿਅਕਤੀ ਨੇ 200 ਰੁਪਏ ਮਹੀਨਾ ਟੈਕਸ ਭਰਨਾ ਸੀ, ਪਰ ਇਸ ਹੇਠ ਬਹੁਤੇ ਕਾਰੋਬਾਰੀਆਂ ਨੇ ਰਜਿਸਟਰੇਸ਼ਨ ਤੱਕ ਨਹੀਂ ਕਰਵਾਈ। ਇਸ ਦੇ ਬਾਅਦ ਪੰਜਾਬ ਸਰਕਾਰ ਨੇ ਸਖਤੀ ਕੀਤੀ ਹੈ ਕਿ ਜੇ ਕਾਰੋਬਾਰੀ ਰਜਿਸਟਰੇਸ਼ਨ ਕਰਾਉਂਦੇ ਹਨ ਤਾਂ ਉਨ੍ਹਾਂ ਨੂੰ ਤਿੰਨ ਸਾਲ ਦਾ ਟੈਕਸ ਭਰਨਾ ਹੋਵੇਗਾ।ਐਡਵੋਕੇਟ ਨਰੇਸ਼




ਗਾਬਾ ਨੇ ਦੱਸਿਆ ਕਿ ਇਹ ਟੈਕਸ ਛੋਟੇ ਕਾਰੋਬਾਰੀਆਂ ਨੂੰ ਵੱਡੇ ਪੱਧਰ ਉੱਤੇ ਪ੍ਰਭਾਵਤ ਕਰੇਗਾ। ਮਿਸਾਲ ਵਜੋਂ ਇੱਕ ਪਰਵਾਰ ਦੇ ਚਾਰ ਮੈਂਬਰ ਹਨ ਤੇ ਉਨ੍ਹਾਂ ਸਭ ਵੱਲੋਂ 2.5 ਲੱਖ ਤੋਂ ਵੱਧ ਸਾਲਾਨਾ ਰਿਟਰਨ ਭਰੀ ਜਾਂਦੀ ਹੈ, ਤਾਂ ਉਨ੍ਹਾਂ ਸਾਰਿਆਂ ਨੂੰ ਪਿਛਲੇ ਤਿੰਨ ਸਾਲਾਂ ਦਾ ਟੈਕਸ ਅਦਾ ਕਰਨਾ ਹੋਵੇਗਾ।

ਫਾਸਟਰ ਮੈਨੂਫੈਕਚਰਸ ਐਸੋਸੀਏਸ਼ਨ ਆਫ ਇੰਡੀਆ ਦੇ ਪ੍ਰਧਾਨ ਨਰਿੰਦਰ ਸਿੰਘ ਭਮਰਾ ਅਤੇ ਸੀਨੀਅਰ ਉਪ ਪ੍ਰਧਾਨ ਰਾਜ ਕੁਮਾਰ ਸਿੰਗਲਾ ਦਾ ਕਹਿਣਾ ਹੈ ਕਿ ਕੋਰੋਨਾ ਦੀ ਮਾਰ ਹੇਠ ਫਸੇ ਕਾਰੋਬਾਰੀਆਂ ਉੱਤੇ ਪੰਜਾਬ ਸਰਕਾਰ ਬੋਝ ਵਧਾ ਰਹੀ ਹੈ। ਪੰਜਾਬ ਸਟੇਟ ਡਿਵੈਲਪਮੈਂਟ ਟੈਕਸ ਪੂਰੀ ਤਰ੍ਹਾਂ ਨਾਲ ਗੈਰ ਵਿਹਾਰਕ ਹੈ। ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਇਸ ਟੈਕਸ ਨੂੰ ਵਾਪਸ ਲਵੇ। ਜੇ ਲੋੜ ਪਈ ਤਾਂ ਉਹ ਇਸ ਦੇ ਵਿਰੋਧ ਵਿੱਚ ਕੋਰਟ ਦਾ ਦਰਵਾਜ਼ਾ ਖੜਕਾਉਣਗੇ।

# ਦੋਸਤ ਨੂੰ ਮਿਲ ਕੇ ਮੁੜਦੇ ਵਿਦਿਆਰਥੀਆਂ ਦੀ ਕਾਰ ਕੈਂਟਰ ਨਾਲ ਵੱਜ ਕੇ ਚਾਰ ਜਣਿਆਂ ਦੀ ਮੌਤ

ਰੋਹਤਕ, 1 ਅਪ੍ਰੈਲ (ਪੋਸਟ ਬਿਊਰੋ)- ਭਿਵਾਨੀ ਰੋਡ ਟੀ ਪੁਆਇੰਟ ਉੱਤੇ ਕੱਲ੍ਹ ਤੜਕੇ ਹੋਏ ਸੜਕ ਹਾਦਸੇ ਵਿੱਚ ਕਾਰ ਸਵਾਰ ਚਾਰ ਨੌਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ ਵਿੱਚ ਰੋਹਤਕ ਦੇ ਨਿਡਾਨਾ ਪਿੰਡ ਦਾ 11ਵੀਂ ਵਿੱਚ ਪੜ੍ਹਦਾ 17 ਸਾਲਾ ਵਿਨੈ, ਬੀ ਏ ਫਸਟ ਯੀਅਰ ਦਾ 20 ਸਾਲਾ ਗੌਰਵ, 12ਵੀਂ ਕਲਾਸ ਦਾ 19 ਸਾਲਾ ਰਿਤਿਕ ਅਤੇ ਬਹੁਅਕਬਰ-ਪੁਰ ਪਿੰਡ ਦਾ 21 ਸਾਲਾ ਸੰਜੇ ਸ਼ਾਮਲ ਹਨ। ਇਨ੍ਹਾਂ ਨਾਲ ਕਰਾਰ ਵਿੱਚ ਸਵਾਰ ਸਮਰ ਗੋਪਾਲਪੁਰ ਦਾ 20 ਸਾਲਾ ਰਾਜੀਵ ਗੰਭੀਰ ਜ਼ਖਮੀ ਹੋ ਗਿਆ। ਉਹ ਬੀ ਏ ਫਸਟ ਯੀਅਰ ਦਾ ਵਿਦਿਆਰਥੀ ਹੈ।




ਇਸ ਹਾਦਸੇ ਵਿੱਚ ਜ਼ਖਮੀ ਰਾਜੀਵ ਦੀ ਸ਼ਿਕਾਇਤ ਉੱਤੇ ਸਿਟੀ ਥਾਣਾ ਪੁਲਸ ਨੇ ਕੈਂਟਰ ਚਾਲਕ ਦੇ ਖਿਲਾਫ ਗੈਰ ਇਰਾਦਤਨ ਕਤਲ ਦਾ ਕੇਸ ਦਰਜ ਕੀਤਾ ਹੈ। ਪੁਲਸ ਨੇ ਦੱਸਿਆ ਕਿ ਸੂਚਨਾ ਦੇ ਬਾਅਦ ਮੌਕੇ ਉੱਤੇ ਪਹੁੰਚ ਕੇ ਕਾਰ ਦੇ ਦਰਵਾਜ਼ਿਆਂ ਨੂੰ ਕੱਟ ਕੇ ਲਾਸ਼ਾਂ ਨੂੰ ਬਾਹਰ ਕੱਢਿਆ। ਪੰਜੇ ਦੋਸਤ ਪੀ ਜੀ ਆਈ ਵਿੱਚ ਦਾਖਲ ਆਪਣੇ ਦੋਸਤ ਦਾ ਹਾਲਚਾਲ ਪੁੱਛ ਕੇ ਮੁੜ ਰਹੇ ਸਨ। ਸਿਟੀ ਥਾਣਾ ਪੁਲਸ ਨੂੰ ਇਸ ਘਟਨਾ ਦੀ ਸੀ ਸੀ ਟੀ ਵੀ ਫੁਟੇਜ ਮਿਲੀ ਹੈ, ਜਿਸ ਵਿੱਚ ਦਿੱਸ ਰਿਹਾ ਹੈ ਕਿ ਰੋਹਤਕ ਸ਼ਹਿਰ ਤੋਂ ਕਾਰ ਸਵਾਰ ਤੇਜ਼ ਰਫਤਾਰ ਨਾਲ ਹਿਸਾਰ ਬਾਈਪਾਸ ਉੱਤੇ ਜਾ ਰਹੇ ਸਨ। ਜਦੋਂ ਲੇਨ ਕਰਾਸ ਕਰਨੀ ਚਾਹੀ ਤਾਂ ਕਾਰ ਕੈਂਟਰ ਨਾਲ ਟਕਰਾ ਕੇ ਉਲਟ ਗਈ। ਸੂਚਨਾ ਦੇ ਬਾਅਦ ਮੌਕੇ ਉੱਤੇ ਪਹੁੰਚੀ ਪੁਲਸ ਨੇ ਕਾਰ ਦੇ ਦਰਵਾਜ਼ਿਆਂ ਨੂੰ ਕੱਟ ਕੇ ਲਾਸ਼ਾਂ ਨੂੰ ਬਾਹਰ ਕੱਢਿਆ।

### ਝੂਠਾ ਮੁਕਾਬਲਾ ਕੇਸ ਦਾ ਫੈਸਲਾ :

# ਇਸ਼ਰਤ ਦੇ ਅੱਤਵਾਦਣ ਨਾ ਹੋਣ ਦਾ ਸਬੂਤ ਨਾ ਮਿਲਣ ਕਾਰਨ ਤਿੰਨ ਪੁਲਸ ਅਧਿਕਾਰੀ ਬਰੀ


ਅਹਿਮਦਾਬਾਦ, 1 ਅਪ੍ਰੈਲ (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਦੀ ਵਿਸ਼ੇਸ਼ ਅਦਾਲਤ ਨੇ ਸਾਲ 2004 ਵਿੱਚ ਇਸ਼ਰਤ ਜਹਾਂ ਝੂਠਾ ਮੁਕਾਬਲਾ ਕੇਸ ਦੇ ਦੋਸ਼ੀ ਤਿੰਨ ਪੁਲਸ ਵਾਲਿਆਂ ਜੀ ਐਲ ਸਿੰਘਲ, ਤਰੁਣ ਬਰੋਤ (ਇਸ ਵੇਲੇ ਰਿਟ-ਾਇਰਡ) ਅਤੇ ਅਨਾਜੂ ਚੌਧਰੀ ਨੂੰ ਦੋਸ਼-ਮੁਕਤ ਕਰ ਦਿੱਤਾ ਹੈ। ਵਿਸ਼ੇਸ਼ ਸੀ ਬੀ ਆਈ ਜੱਜ ਜਸਟਿਸ ਵੀ ਆਰ ਰਾਵਲ ਨੇ ਕਿਹਾ ਕਿ ਇਸ਼ਰਤ ਜਹਾਂ ਸਮੇਤ ਚਾਰਾਂ ਲੋਕਾਂ ਦੇ ਅੱਤਵਾਦੀ ਨਾ ਹੋਣ ਦਾ ਸਬੂਤ ਨਹੀਂ ਹੈ।ਕੇਂਦਰੀ ਜਾਂਚ ਬਿਊਰੋ ਨੇ 20 ਮਾਰਚ ਨੂੰ ਅਦਾਲਤ ਨੂੰ ਸੂਚਿਤ ਕੀਤਾ ਸੀ ਕਿ ਸੂਬਾ ਸਰਕਾਰ ਨੇ ਤਿੰਨਾਂ ਦੋਸ਼ੀਆਂ ਵਿਰੁੱਧ ਕੇਸ ਚਲਾਉਣ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਅਦਾਲਤ ਨੇ ਅਕਤੂਬਰ 2020 ਦੇ ਹੁਕਮ ਵਿੱਚ ਟਿੱਪਣੀ ਕੀਤੀ ਸੀ ਕਿ ਉਨ੍ਹਾਂ (ਦੋਸ਼ੀ ਪੁਲਸ ਵਾਲਿਆਂ) ਨੇ ਇੱਕ 'ਅਧਿਕਾਰਕ ਫਰਜ਼' ਦੇ ਤਹਿਤ ਕੰਮ ਕੀਤਾ ਸੀ, ਏਜੰਸੀ ਨੂੰ ਕੇਸ ਦੀ ਮਨਜ਼ੂਰੀ ਲੈਣ ਦੀ ਜ਼ਰੂਰਤ ਹੈ। ਜ਼ਿਕਰਯੋਗ ਹੈ ਕਿ 15 ਜੂਨ 2014 ਨੂੰ




ਮੁੰਬਈ ਨੇੜੇ ਮੁੰਬਰਾ ਦੀ ਵਸਨੀਕ 19 ਸਾਲਾ ਇਸ਼ਰਤ ਜਹਾਂ ਗੁਜਰਾਤ ਪੁਲਸ ਨਾਲ ਹੋਏ ਮੁਕਾਬਲੇ ਵਿੱਚ ਮਾਰੀ ਗਈ ਸੀ। ਇਸ ਮੁਕਾਬਲੇ ਵਿੱਚ ਜਾਵੇਦ ਸ਼ੇਖ ਉਰਫ਼ ਪ੍ਰਨੇਸ਼ ਪਿਲਈ, ਅਮਜ਼ਦ ਅਲੀ ਅਕਬਰਲੀ ਰਾਣਾ ਅਤੇ ਜੀਸ਼ਾਨ ਜੌਹਰ ਵੀ ਮਾਰੇ ਗਏ ਸਨ। ਪੁਲਸ ਦਾ ਦਾਅਵਾ ਸੀ ਕਿ ਮੁਕਾਬਲੇ ਵਿੱਚ ਮਾਰੇ ਗਏ ਚਾਰੇ ਲੋਕ ਅੱਤਵਾਦੀ ਸਨ ਅਤੇ ਗੁਜਰਾਤ ਦੇ ਓਦੋਂ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਕਤਲ ਦੀ ਯੋਜਨਾ ਬਣਾ ਰਹੇ ਸਨ। ਹਾਈਕੋਰਟ ਵੱਲੋਂ ਬਣਾਈ ਵਿਸ਼ੇਸ਼ ਜਾਂਚ ਟੀਮ ਇਸ ਨਤੀਜੇ ਉੱਤੇ ਪਹੁੰਚੀ ਸੀ ਕਿ ਮੁਕਾ-ਬਲਾ ਫਰਜ਼ੀ ਸੀ, ਜਿਸ ਤੋਂ ਬਾਅਦ ਸੀ ਬੀ ਆਈ ਨੇ ਕਈ ਪੁਲਸ ਕਰਮਚਾਰੀਆਂ ਵਿਰੁੱਧ ਕੇਸ ਦਰਜ ਕੀਤਾ। ਇਸ ਕੇਸ ਵਿੱਚ ਪਹਿਲਾਂ ਹੀ ਚਾਰ ਅਧਿਕਾਰੀਆਂ ਨੂੰ ਬਰੀ ਕੀਤਾ ਗਿਆ ਸੀ। ਇਸ ਤੋਂ ਬਾਅਦ ਆਈ ਪੀ ਐਸ ਅਧਿਕਾਰੀ ਜੀ ਐਲ ਸਿੰਘਲ, ਰਿਟਾਇਰਡ ਅਫ਼ਸਰ ਤਰੁਣ ਬਰੋਟ ਅਤੇ ਅਨਾਜੂ ਚੌਧਰੀ ਨੇ ਸੀ ਬੀ ਆਈ ਕੋਰਟ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਵੀ ਬਰੀ ਕੀਤਾ ਜਾਵੇ।ਸੀ ਬੀ ਆਈ ਵੱਲੋਂ ਕੇਸ ਵਿੱਚ ਚੁਣੌਤੀ ਨਾ ਦਿੱਤੇ ਜਾਣ ਦੇ ਕਾਰਨ ਇਹ ਕੇਸ ਇੱਕ ਤਰ੍ਹਾਂ ਖ਼ਤਮ ਹੋ ਚੁੱਕਾ ਸੀ।

# ਪੈਸੇ ਦੇਣ ਤੋਂ ਇਨਕਾਰ ਕਰਨ 'ਤੇ ਨਿਹੰਗ ਵੱਲੋਂ ਵਿਅਕਤੀ ਦਾ ਕਤਲ




ਖਾਲੜਾ, 1 ਅਪ੍ਰੈਲ (ਪੋਸਟ ਬਿਊਰੋ)- ਪਿੰਡ ਬਾਸਰਕੇ ਵਿਖੇ ਪੈਸੇ ਦੇਣ ਤੋਂ ਨਾਂਹ ਕਰਨ ਉੱਤੇ ਇੱਕ ਨਿਹੰਗ ਨੇ ਵਿਅਕਤੀ ਦਾ ਕਤਲ ਕਰ ਦਿੱਤਾ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਨਿਰਮਲ ਸਿੰਘ ਵਾਸੀ ਬਾਸਰਕੇ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਪਿਤਾ ਹਿਦੈਤ ਸਿੰਘ (72) ਪੁੱਤਰ ਸਾਰਜ ਸਿੰਘ ਮਿਹਨਤ ਮਜ਼ਦੂਰੀ ਕਰਦਾ ਸੀ। ਉਹ 29 ਮਾਰਚ ਨੂੰ ਕਰੀਬ ਦੋ ਵਜੇ ਦੁਪਹਿਰੇ ਗੁਰਦੁਆਰਾ ਬਾਬਾ ਜੀਵਨ ਸਿੰਘ ਪਿੰਡ ਬਾਸਰਕੇ ਵਿਖੇ ਦਰਖ਼ਤਾਂ ਦੀ ਛਾਂ ਹੇਠਾਂ ਬੈਠਾ ਸੀ। ਜਦੋਂ ਉਹ ਰੋਟੀ ਲਈ ਉਸ ਨੂੰ ਬੁਲਾਉਣ ਗਿਆ ਤਾਂ ਉਸਦੇ ਪਿਤਾ ਦੇ ਨੇੜੇ ਪਿੰਡ ਦਾ ਕੁਲਵੰਤ ਸਿੰਘ ਉਰਫ਼ ਹਰਪਾਲ ਸਿੰਘ ਖੜ੍ਹਾ ਸੀ ਤੇ ਪੈਸਿਆਂ ਦੀ ਮੰਗ ਕਰ ਰਿਹਾ ਸੀ। ਉਸ ਦੇ ਪਿਤਾ ਨੇ ਉਸ ਨੂੰ ਪੈਸੇ ਦੇਣ ਤੋਂ ਇਨਕਾਰ ਕੀਤਾ ਤਾਂ ਉਸ ਨੇ ਗਾਤਰੇ ਵਿੱਚ ਪਾਈ ਕਿਰਪਾਨ ਨਾਲ ਉਸਦੇ ਪਿਤਾ ਉੱਤੇ ਵਾਰ ਕਰਨੇ ਸ਼ੁਰੂ ਕਰ ਦਿੱਤੇ, ਜਿਸ ਨਾਲ ਉਸਦਾ ਪਿਤਾ ਗੰਭੀਰ ਜ਼ਖ਼ਮੀ ਹੋ ਗਿਆ ਤੇ ਰੌਲਾ ਪਾਉਣ ਉੱਤੇ ਉਹ ਵਿਅਕਤੀ ਦੌੜ ਗਿਆ। ਹਿਦੈਤ ਸਿੰਘ ਨੂੰ ਹਸਪਤਾਲ ਦਾਖ਼ਲ ਕਰਵਾਇਆ, ਪਰ ਉਹ ਦਮ ਤੋੜ ਗਿਆ। ਥਾਣਾ ਖਾਲੜਾ ਵੱਲੋਂ ਕੁਲਵੰਤ ਸਿੰਘ ਉਰਫ਼ ਹਰਪਾਲ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਬਾਸਰਕੇ ਵਿਰੁੱਧ ਧਾਰਾ 302 ਅਧੀਨ ਮੁਕੱਦਮਾ ਦਰਜ ਕਰਕੇ ਉਸ ਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਹਰਪਾਲ ਸਿੰਘ ਦੋਸ਼ੀ ਨਿਹੰਗ ਦੱਸਿਆ ਗਿਆ ਹੈ।


# ਟੋਕੀਓ ਓਲੰਪਿਕ ਕੁਆਲੀਫ਼ਾਇਰ ਕਮਲਪ੍ਰੀਤ ਕੌਰ ਨੂੰ ਪੰਜਾਬ ਦੇ ਖੇਡ ਮੰਤਰੀ ਵੱਲੋਂ 10 ਲੱਖ ਦਾ ਚੈਕ ਭੇਟ

ਚੰਡੀਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਟੋਕੀਓ ਓਲੰਪਿਕ-2021 ਲਈ ਕੁਆਲੀਫਾਈ ਕਰ ਚੁੱਕੀ ਕਮਲਪ੍ਰੀਤ ਕੌਰ ਨਾਲ ਪੰਜਾਬ ਦੇ ਖੇਡ ਮੰਤਰੀ ਨੇ ਕੱਲ੍ਹ ਮੁਲਾਕਾਤ ਕੀਤੀ। ਉਨ੍ਹਾਂ ਪਟਿਆਲਾ ਵਿਖੇ ਫੈਡਰੇਸ਼ਨ ਕੱਪ ਦੌਰਾਨ 65.06 ਮੀਟਰ ਦੀ ਥ੍ਰੋਅ ਸੁੱਟ ਕੇ 9 ਸਾਲ ਦੇ ਕੌਮੀ ਰਿਕਾਰਡ ਤੋੜਨ ਵਾਲੀ ਪਹਿਲੀ ਭਾਰਤੀ ਡਿਸਕਸ ਥ੍ਰੋਅਰ ਨੂੰ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦਾ ਚੈਕ ਸੌਂਪਿਆ ਅਤੇ ਅਗਲੀ ਕਾਮਯਾਬੀ ਦੀ ਕਾਮਨਾ ਕੀਤੀ।

ਆਪਣੀ ਸਰਕਾਰੀ ਰਿਹਾਇਸ਼ ਵਿਖੇ ਖੇਡ ਮੰਤਰੀ ਨੇ ਕਮਲਜੀਤ ਕੌਰ ਅਤੇ ਉਸ ਦੀ ਕੋਚ ਰਾਖੀ ਤਿਆਗੀ ਨਾਲ ਮੁਲਾਕਾਤ ਦੌਰਾਨ ਜਿੱਥੇ ਡਿਸਕਸ ਥ੍ਰੋਅਰ ਨੂੰ ਓਲੰਪਿਕ ਲਈ ਨਿਰਧਾਰਤ 63.50 ਮੀਟਰ ਦੀ ਦੂਰੀ ਆਸਾਨੀ ਨਾਲ ਪਾਰ ਕਰਨ ਉੱਤੇ ਮੁਬਾਰਕਬਾਦ ਦਿੱਤੀ, ਉਥੇ ਕਮਲਪ੍ਰੀਤ ਦੇ ਭਵਿੱਖ ਦੇ ਟੀਚੇ ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਕਮਲਪ੍ਰੀਤ ਨੂੰ ਪੰਜਾਬ ਦੀ ਸ਼ਾਨਾਂਮੱਤੀ ਧੀ ਦੱਸ ਕੇ ਖੇਡ ਮੰਤਰੀ ਨੇ ਕਿਹਾ ਕਿ ਡਿਸਕਸ ਥ੍ਰੋਅ ਖੇਡ ਵਿੱਚ ਕਰੀਬ ਇੱਕ ਦਹਾਕਾ ਪੁਰਾਣਾ ਰਿਕਾਰਡ ਤੋੜ ਕੇ ਦੇਸ਼ ਵਿੱਚੋਂ ਪਹਿਲੀ ਥਾਂ ਹਾਸਲ ਕਰਨਾ ਤੇ ਟੋਕਿਓ ਓਲੰਪਿਕ ਲਈ ਕੁਆਲੀਫਾਈ ਕਰਨਾ ਪੰਜਾਬ ਅਤੇ ਦੇਸ਼ ਲਈ ਮਾਣ ਦੀ ਗੱਲ ਹੈ, ਇਸ ਲਈ ਕਮਲਪ੍ਰੀਤ ਕੌਰ ਦੇ ਨਾਲ-ਨਾਲ ਉਸਦੀ ਕੋਚ ਵੀ ਵਧਾਈ ਦੀ ਪਾਤਰ ਹੈ।

# ਬ੍ਰਿਟੇਨ ਵਿੱਚ ਭਾਰਤੀ ਵਿਦਿਆਰਥੀਆਂ ਦਾ ਡੰਕਾ

ਲੰਡਨ, 1 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਰਹਿਣ ਵਾਲੇ ਭਾਰਤੀ ਵਿਦਿਆਰਥੀ ਪ੍ਰਤਿਭਾਸ਼ਾਲੀ ਹੁੰਦੇ ਹਨ ਤੇ ਉਹ ਜਲਦੀ ਹੀ ਉਚ ਆਮਦਨ ਵਾਲੇ ਗਰੁੱਪ ਵਿੱਚ ਸ਼ਾਮਲ ਹੋ ਜਾਂਦੇ ਹਨ। ਇਹ ਗੱਲ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੁਆਰਾ ਕਰਵਾਈ ਸਮੀਖਿਆ ਵਿੱਚ ਸਾਹਮਣੇ ਆਈ ਹੈ। ਬ੍ਰਿਟੇਨ ਵਿੱਚ ਨਸਲੀ ਵਿਤਕਰੇ ਦੇ ਦੋਸ਼ਾਂ ਦਰਮਿਆਨ ਇਹ ਸਰਕਾਰੀ ਰਿਪੋਰਟ ਹਰ ਕਿਸੇ ਦਾ ਧਿਆਨ ਖਿੱਚਣ ਵਾਲੀ ਹੋ ਸਕਦੀ ਹੈ। ਨਸਲੀ ਅਤੇ ਜਾਤੀ ਵਿਤਕਰੇ ਸਬੰਧੀ ਕਮਿਸ਼ਨ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਰਗ ਅਨੁਸਾਰ ਬਦਲਾਅ ਨਸਲੀ ਵਿਤਕਰੇ ਨੂੰ ਹੌਲੀ-ਹੌਲੀ ਦੂਰ ਕਰ ਦਿੰਦਾ ਅਤੇ ਜੀਵਨ ਜੀਉਣ ਦੇ ਮੌਕਿਆਂ ਦਾ ਬਦਲਾਅ ਲਿਆਉਂਦਾ ਹੈ। ਅਜਿਹਾ ਪੂਰੇ ਬ੍ਰਿਟੇਨ ਵਿੱਚ ਮਹਿਸੂਸ ਕੀਤਾ ਜਾਂਦਾ ਹੈ। ਰਿਪੋਰਟ ਵਿੱਚ ਬੀ ਏ ਐਮ ਈ ਸ਼ਬਦ ਨੂੰ ਰੁਝਾਨ ਤੋਂ ਬਾਹਰ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਦਾ ਅਰਥ: ਬਲੈਕ, ਏਸ਼ੀਅਨ ਐਂਡ ਮਾਇਨੋਰਿਟੀ ਐਥਨਿਕ ਹੁੰਦਾ ਹੈ। ਇਨ੍ਹਾਂ ਨੂੰ ਬ੍ਰਿਟਿਸ਼ ਇੰਡੀਅਨ ਦੇ ਨਾਂਅ ਵਰਗੀ ਪਛਾਣ ਦੇਣ ਲਈ ਕਿਹਾ ਗਿਆ ਹੈ। ਕਮਿਸ਼ਨ ਨੇ ਕਿਹਾ ਕਿ ਸਿੱਖਿਆ ਖੇਤਰ ਵਿੱਚ ਮਿਲਣ ਵਾਲੀਆਂ ਸਫਲਤਾਵਾਂ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ, ਚਾਹੇ ਵਿਦਿਆਰਥੀ ਸਮਾਜ ਦੇ ਕਿਸੇ ਵੀ ਵਰਗ ਤੋਂ ਹੋਣ। ਉਨ੍ਹਾਂ ਦੀ ਜਨਤਕ ਪ੍ਰਸ਼ੰਸਾ ਹੋਣੀ ਚਾਹੀਦੀ ਹੈ। ਸਫਲ ਵਿਦਿਆਰਥੀਆਂ ਨੂੰ ਪੂਰੇ ਯੂਨਾਈਟਿਡ ਕਿੰਗਡਮ (ਯੂ ਕੇ) ਦੇ ਲਈ ਮਿਸਾਲ ਦੇ ਤੌਰ 'ਤੇ ਪੇਸ਼ ਕੀਤਾ ਜਾਣਾ ਚਾਹੀਦਾ ਹੈ, ਜਿਸ ਤੋਂ ਸਾਰੇ ਵਰਗਾਂ ਦੇ ਵਿਦਿਆਰਥੀ ਉਨ੍ਹਾਂ ਤੋਂ ਪ੍ਰੇਰਿਤ ਹੋਣ। ਇਸ ਰਿਪੋਰਟ ਮੁਤਾ-ਬਕ ਪ੍ਰੀਖਿਆ ਨਤੀਜੇ ਦੱਸਦੇ ਹਨ ਕਿ ਬ੍ਰਿਟੇਨ ਦੇ ਰਹਿਣ ਵਾਲੇ ਭਾਰਤੀ, ਬੰਗਲਾ ਦੇਸ਼ੀ ਅਤੇ ਅਫਰੀਕੀ ਮੂਲ ਦੇ ਵਿਦਿਆਰਥੀ ਆਮ ਬ੍ਰਿਟਿਸ਼ ਕਾਲੇ ਵਿਦਿਆਰਥੀਆਂ ਤੋਂ ਬਿਹਤਰ ਪ੍ਰਦਰਸ਼ਨ ਕਰ ਰਹੇ ਹਨ। ਇਹ ਸਿਲਸਿਲਾ ਸਿੱਖਿਆ ਨਾਲ ਜੁੜੇ ਕੇਸਾਂ ਦੇ ਸਲਾਹਕਾਰ ਡਾਕਟਰ ਟੋਨੀ ਸਿਵੇਲ ਦੀ ਅਗਵਾਈ ਵਾਲੀ ਕਮਿਸ਼ਨ ਦੀ ਕਮੇਟੀ ਨੇ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਮੀਗਰੇਸ਼ਨ ਆਸ਼ਾਵਾਦ ਇਹ ਹੈ ਕਿ ਦੂਸਰੇ ਦੇਸ਼ਾਂ ਤੋਂ ਆਏ ਲੋਕ ਸਿਖਿਆ ਪ੍ਰਾਪਤ ਵਿੱਚ ਖੁਦ ਨੂੰ ਸਮਰਪਿਤ ਕਰ ਦਿੰਦੇ ਹਨ। ਸਿਖਿਆ ਪ੍ਰਤੀ ਉਨ੍ਹਾਂ ਦਾ ਸਮਰਪਣ ਆਮ ਬ੍ਰਿਟਿਸ਼ ਲੋਕਾਂ ਤੋਂ ਜ਼ਿਆਦਾ ਹੁੰਦਾ ਹੈ।




# 4.50 ਲੱਖ ਰੁਪਏ ਰਿਸ਼ਵਤ ਲੈਂਦਾ ਵਣ ਗਾਰਡ ਅਫਸਰ ਗ੍ਰਿਫ਼ਤਾਰ

ਚੰਡੀਗੜ੍ਹ, 1 ਅਪ੍ਰੈਲ (ਪੋਸਟ ਬਿਊਰੋ)- ਸਬ ਤਹਿਸੀਲ ਮਾਜਰੀ, ਐਸ ਏ ਐਸ ਨਗਰ ਵਿਖੇ ਤਾਇਨਾਤ ਵਣ ਰੱਖਿਅਕ ਰਣਜੀਤ ਖਾਨ ਨੂੰ ਆਪਣੇ ਸੀਨੀਅਰ ਬਲਾਕ ਅਫ਼ਸਰ ਬਲਦੇਵ ਸਿੰਘ ਵੱਲੋਂ 4,50,000 ਰੁਪਏ ਦੀ ਰਿਸ਼ਵਤ ਲੈਣ ਦੇ ਮਾਮਲੇ ਵਿੱਚ ਪੰਜਾਬ ਵਿਜੀਲੈਂਸ ਬਿਊਰੋ ਨੇ ਕੱਲ੍ਹ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਡੀ ਜੀ ਪੀ-ਕਮ-ਚੀਫ਼ ਡਾਇਰੈਕਟਰ ਵਿਜੀਲੈਂਸ ਬਿਊਰੋ ਬੀ ਕੇ ਉਪਲ ਦੇ ਮੁਤਾਬਕ ਮਿਰਜ਼ਾਪੁਰ ਵਿਖੇ ਤਾਇਨਾਤ ਬਲਾਕ ਅਫ਼ਸਰ ਬਲਦੇਵ ਸਿੰਘ ਨੇ ਸ਼ਿਕਾਇਤਕਰਤਾ ਭੁਪਾਲ ਕੁਮਾਰ ਵਾਸੀ ਖਰੜ ਤੋਂ ਲੱਕੜ ਨੂੰ ਸਰਕਾਰੀ ਕੁਹਾੜੇ ਨਾਲ ਨਿਸ਼ਾਨ ਲਾਉਣ ਲਈ 5,50,000 ਰੁਪਏ ਦੀ ਮੰਗ ਕੀਤੀ ਸੀ। ਉਸ ਨੇ ਸ਼ਿਕਾਇਤਕਰਤਾ ਤੋਂ ਬੀਤੀ 28 ਮਾਰਚ ਨੂੰ ਪੰਜ ਲੱਖ ਰੁਪਏ ਰਿਸ਼ਵਤ ਵਜੋਂ ਪਹਿਲਾਂ ਲੈ ਲਏ ਸਨ।



ਇਹ ਰਿਸ਼ਵਤ ਦੀ ਮੰਗ ਬਿਨਾਂ ਨਿਸ਼ਾਨ ਵਾਲੇ ਕੁਝ ਦਰਖ਼ਤ ਕੱਟਣ ਅਤੇ ਖੁੱਲ੍ਹੇ ਬਾਜ਼ਾਰ ਵਿੱਚ ਲੱਕੜ ਦੀ ਢੋਆ-ਢੋਆਈਲਈ ਘੱਟ ਜ਼ੁਰਮਾਨਾ ਲਾਉਣ ਲਈ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੂੰ ਜੰਗਲਾਤ ਵਿਭਾਗ ਵੱਲੋਂ ਮਾਜਰੀ ਬਲਾਕ ਦੇ ਪਿੰਡ ਮਿਰਜ਼ਾਪੁਰ ਵਿਖੇ ਖੈਰ ਦੇ ਰੁੱਖ ਕੱਟਣ ਅਤੇ ਵੇਚਣ ਦਾ ਬਾਕਾਇਦਾ ਪਰਮਿਟ ਮਿਲਿਆ ਹੈ ਤੇ ਉਸ ਕੋਲ 31 ਮਾਰਚ ਤੱਕ ਸਾਈਟ ਤੋਂ ਦਰਖ਼ਤ ਹਟਾਉਣ ਦੀ ਆਗਿਆ ਹੈ। ਉਸ ਨੂੰ ਲੱਕੜ ਲਿਜਾਣ ਤੋਂ ਇਸ ਕਰਕੇ ਰੋਕਿਆ ਗਿਆ ਕਿ ਉਸ ਵਿਰੁੱਧ ਬਿਨਾਂ ਨਿਸ਼ਾਨ ਵਾਲੇ ਗਲਤ ਦਰਖਤਾਂ ਨੂੰ ਕੱਟਣ ਵਿੱਚ ਬੇਨਿਯਮੀਆਂ ਕਰਨ ਦੀ ਸ਼ਿਕਾਇਤ ਹੈ। ਦੋਸ਼ੀਆਂ ਨੇ ਸ਼ਿਕਾਇਤਕਰਤਾ ਤੋਂ 2000 ਰੁਪਏ ਪ੍ਰਤੀ ਰੁੱਖ ਦੀ ਮੰਗ ਕੀਤੀ ਅਤੇ ਪਹਿਲਾਂ ਉਨ੍ਹਾਂ ਕੋਲੋਂ ਪੰਜ ਲੱਖ ਰੁਪਏ ਲੈ ਲਏ। ਫਿਰ ਉਹ ਲੱਕੜ ਦੀ ਢੋਆ-ਢੋਆਈ ਕਰਨ, ਜੁਰਮਾਨਾ 3,54,000 ਰੁਪਏ ਤੋਂ ਘਟਾ ਕੇ 2,50,000 ਕਰਨ ਅਤੇ ਸ਼ਿਕਾਇਤਕਰਤਾ ਦੇ ਸਾਥੀ ਦੇ ਨਾਮਦੀ ਜ਼ੁਰਮਾਨਾ ਰਿਪੋਰਟ ਜਾਰੀ ਕਰਨ ਬਦਲੇ ਰਿਸ਼ਵਤ ਦੀ ਬਾਕੀ ਰਾਸ਼ੀ 3,20,000 ਰੁਪਏ ਦੀ ਮੰਗ ਕਰਦੇ ਹਨ।ਬੀ ਕੇ ਉਪਲ ਨੇ ਦੱਸਿਆ ਕਿ ਦੋਸ਼ੀ ਰਣਜੀਤ ਖਾਨ ਨੂੰ ਕੱਲ੍ਹ ਉਸਦੇ ਸੀਨੀਅਰ ਬਲਾਕ ਅਧਿਕਾਰੀ ਬਲਦੇਵ ਸਿੰਘ ਵੱਲੋਂ ਸ਼ਿਕਾਇਤਕਰਤਾ ਤੋਂ ਸਾਢੇ ਚਾਰ ਲੱਖ ਰੁਪਏ ਰਿਸ਼ਵਤ ਲੈਂਦਿਆਂ ਓਮੈਕਸ ਟਾਵਰ ਪਾਰਕਿੰਗ ਏਰੀਆ ਤੋਂ ਫੜਿਆ ਗਿਆ ਹੈ। ਤਲਾਸ਼ੀ ਵਿੱਚ ਮੌਕੇ ਉੱਤੇਦੋਸ਼ੀ ਦੀ ਕਾਰ ਵਿੱਚੋਂ 4,64,000 ਰੁਪਏ ਦੀ ਨਕਦੀ ਮਿਲ ਗਈ। ਇਸ ਤੋਂ ਬਿਨਾ ਦੋਸ਼ੀ ਰਣਜੀਤ ਖਾਨ ਦੇ ਘਰ ਦੀ ਤਲਾਸ਼ੀ ਦੌਰਾਨ ਉਥੋਂ 1,00,000 ਰੁਪਏ ਵੀ ਬਰਾਮਦ ਕੀਤੇ ਗਏ ਹਨ।।


Other Realtors only Promise
But JAG AUJLA SOLD YOUR HOME WITH
GUARANTEE
Advertisement GUARANTEED Till SOLD
Top 1% Broker
Call For a Quick & Free Home Evaluation
www.BramptonQuickHomeEvaluation.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated)
Off: 905-456-3232
www.BramptonTopRelator.com
**2016,2015,2014,2013 2012,2011,2010) **(2009,2008) **(RE/MAX International) **(2010) **(2014)
ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ
CALEDON
BRAND NEW HOUSE FOR SALE ON ASSIGNMENT (IN CALEDON)
ਕੈਨੇਡੀ / ਦੁੱਗਲ
ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਂਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।
BRAMPTON
Sold Over $40,000 asking price
ਵੀਲੀਅਮ ਪਾਕਵੇ/ਰੋਇਲ ਓਰਚਾਰਡ
ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।
BRAMPTON
Sandalwood/Chinguacousy Park
72 Botavia Downs dr
$ 1525
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।
BRAMPTON
34 Winterfold Dr
Rutherford/Kennedy/Will. Pkwy
$774,905
5 ਲੈਵਲ ਬੈਕ ਸਪਲਿਟ ਡੀਟੈਚਡ ਘਰ, 3 ਬੈਡਰੂਮ, 3 ਵਾਸ਼ਰੂਮ, ਹਾਫ ਫਿਨਿਸ਼ਡ ਬੇਸਮੈਂਟ, 36 ਫੁੱਟ ਲਾਟ, 2020 ਵਿਚ ਅਪਗ੍ਰੇਡ ਕੀਤਾ ਗਿਆ ਅਪਗ੍ਰਡਿਡ ਕਿਚਨ, ਅਪਗ੍ਰਡਿਡ ਵਾਸ਼ਰੂਮ ਅਤੇ ਬੈਂਡਰੂਮ, ਹਾਈਵੇ 410 ਦੇ ਬਹੁਸ ਨਜ਼ਦੀਕ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ।
BRAMPTON
Sold Over asking price
Dixie/Queen
8 Lisa St.
$ 434,905
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।


apna health
ਮਦਦ ਇੱਥੇ ਹੈ!
मदद यहाँ है!
সাহায্য এখানে পাবে!
உதவி இங்கே!
مدد یہاں ہے!
help is here!
Fight the Virus > Get COVID-19 tested > Get vaccinated
We are here to help and can provide access to a variety of supports to the South Asian community.
Get COVID-19 help & information in your language
647-846-2233
Outside of GTA Call: 1-866-300-3454
For Support in Hindi, Urdu, Tamil, Bengali and Punjabi
905-799-7700
Call Peel Region Helpline
For support in English (Monday to Friday 8:30 am to 4:30 pm)
To know more visit
apnahealth.org
Apna Health is a partnership committed to the South Asian community's health and wellness during the pandemic and beyond.
Supported by
Indus Community Services
pchs 30 Serving Diverse Communities
CASSA


Holi SALE
www.AsianFoodCentre.com
25TH MAR TO 4TH APR 2021
Fresh Fruits, Vegetables, Indian & Canadian Grocery
ROYAL CHAKKI ATTA $7.99
DEEP CHAKKI ATTA $7.99
AASHIRVAAD SELECT ATTA $8.99
AASHIRVAAD ATTA $9.99 20LB
QUALITY CHAKKI ATTA $2.99 10LB
AFC DIAMOND RICE $7.99 10LB
817 EXCEL RICE $10.99 8.8LB
ASIAN BASMATI RICE $8.99 8LB
INDIA GATE PREMIUM RICE $9.99 10LB
UDUPI SONA MASOORI $11.99
SAFFRON $1.79
KTC MUSTARD OIL $3.99
PARLE-G $0.79
MOTHER DAIRY PANEER $3.99
PACHRANGA FOOD MIX PICKLE $3.49
BR NICE TIME COOKIES 6 FOR $1.00
RED LABEL TEA $6.99
TETLEY TEA $9.99
WAGHBAKRI TEA $9.99
MR. GOUDAS SALT $0.99
CIAN FRESH CUT VEGETABLES $0.99
BR GOOD DAY COOKIES 3 FOR $2.00
EMIRATES NEST PASTA (400 GM) $1.29
HALDIRAM SOAN PAPDI $1.99
BRITANNIA MILK & WHEAT RUSK $1.29
MOTHER FOOD MAKHANI $3.99
CIAN FRESH CUT VEGETABLES $1.29
HEINZ TOMATO KETCHUP $3.99
KASTURI TOOR DAAL (10LB) $8.99
RED LENTIL $2.99
BLACK CHANA $3.49
CHINGS SCHEZWAN CHUNEY $1.99
BRITTANIA TIGER GLUCOSE BISCUIT $0.79
DABUR MUSTARD OIL $5.99
AFC LAUNDARY SOAP $2.99
DEEP COOKIES $3.99
QUALITY IDLI RICE $5.99
MIRCH MASALA SNACKS $0.99
PUNJAB KING READY TO EAT $7.99
DABUR REAL JUICE $1.99
MR GOUDAS CHICK PEAS $1.49
MR.GOUDAS RED KIDNEY BEANS $1.49
MAZOLA CANOLA VEG OIL $3.49
TRUST SUGAR $1.29
TRUST SUGAR $6.99
RED PATH SUGAR $1.99
DABUR MUSTARD OIL $2.99
BOURBON BISCUITS (390GM) $2.49
BIKANERI COOKIES $4.99
BRITANNIA MILK RUSK $2.79
DEEP KESAR MANGO PULP $2.29
YIPPEE MASALA NOODLES 4 FOR $1.00
HALDIRAM READY TO EAT $0.99
ASIAN BESAN $3.99
INDIAN ROOHAFZA (800G) $3.29
DEEP NAAN $1.99
FROOTI (1L) $1.49
ALSHIFA HONEY (500G) $5.99
HOLI COLORS AVAILABLE AT ALL LOCATIONS
Holi SALE
ASIAN FOOD CENTRE
ETOBICOKE 10 Westmore Dr. 416-740-3262
MISSISSAUGA 1075 Ceremonial Dr 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 10 Pannahill Dr. 905-913-8017
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
MEAT SHOP AVAILABLE
TOLL FREE 1-800-708-9232
We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media


ਸਮਾਜਿਕ ਸਮਾਗਮਾਂ ਦੇ ਭਿਆਨਕ ਨਤੀਜੇ ਹੋ ਸਕਦੇ ਹਨ।
ਕੋਵਿਡ-19 ਦੇ ਫੈਲਾਅ ਨੂੰ ਰੋਕਣ ਲਈ ਘਰ ਵਿਚ ਰਹੋ।
ontario.ca/covid-19 ਤੇ ਜ਼ਿਆਦਾ ਜਾਣੋ
ਇਸਦੀ ਅਦਾਇਗੀ ਓਨਟਾਰੀਓ ਸਰਕਾਰ ਵਲੋਂ ਕੀਤੀ ਗਈ ਹੈ।
Ontario